20ਵਾਂ ਸਾਲ PARDES TIMES 20th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁੱਖ ਸੰਪਾਦਕ) ਮਾਂ ਬੋਲੀ ਨੂੰ ਸਮਰਪਿਤ www.pardestimes.com pardestimes

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 20 No. 484 January 19, 2026 E-mail : info@pardestimes.com Ph 510-938-7771

# ਪਰਦੇਸ ਟਾਇਮਜ਼ ਦੀ 20ਵੀਂ ਵਰ੍ਹੇਗੰਢ 'ਤੇ ਸਮਾਗਮ 'ਚ ਪਹੁੰਚੀਆਂ ਅਹਿਮ ਸ਼ਖਸੀਅਤਾਂ ਦਾ ਸਨਮਾਨ





ਫਰੀਮਾਂਟ- ਜਨਵਰੀ 10, 2026 ਦਿਨ ਸ਼ਨਿਚਰਵਾਰ ਨੂੰ ਪਰਦੇਸ ਟਾਇਮਜ਼ ਵੱਲੋਂ 20ਵੀਂ ਵਰ੍ਹੇਗੰਢ ਮਨਾਈ ਗਈ, ਜਿਸ ਵਿਚ ਬੇ-ਏਰੀਆ ਅਤੇ ਦੂਰ-ਦੁਰਾਡਿਉਂ 150 ਦੇ ਕਰੀਬ ਦੋਸਤ-ਮਿੱਤਰ ਤੇ ਰਿਸ਼ਤੇਦਾਰਾਂ ਨੇ ਹਿੱਸਾ ਲਿਆ।

20 ਵਰ੍ਹੇ ਪੂਰੇ ਹੋਣ ਸਬੰਧੀ ਇਸ ਪ੍ਰੋਗਰਾਮ ਵਿਚ ਐਤਕੀ 6 ਵਿਸ਼ੇਸ਼ ਪੰਜਾਬੀਆਂ ਨੂੰ ਪੰਜਾਬੀ ਬੋਲੀ ਦੇ ਪਾਸਾਰ ਲਈ ਕੰਮ ਕਰਨ ਕਰਕੇ ਸਨਮਾਨਿਤ ਕੀਤਾ ਗਿਆ, ਉਹਨਾਂ ਵਿਚ ਜਲੰਧਰ ਦੂਰਦਰਸ਼ਨ ਤੋਂ ਬਲਜੀਤ ਸਿੰਘ (ਸੰਧਲੀ ਪੈੜਾਂ), ਚਰਨ ਭੰਡਾਲ ਜੋ ਸੈਨਹੋਜ਼ੇ ਤੋਂ ਹਨ ਤੇ ਮੈਰਾਥਨ ਦੌੜਦੇ ਹਨ। ਕਵੀ ਰਾਜ਼ ਜੋ ਕਈ ਪੰਜਾਬੀ ਫਿਲਮਾਂ, ਜਿਹਨਾਂ 'ਚ 'ਬਲੈਕ ਪ੍ਰਿੰਸ', 'ਕਰਤਾਰ ਸਿੰਘ ਸਰਾਭਾ' ਤੇ 'ਕਿਕਲੀ' ਵਰਗੀਆਂ ਚੰਗੀਆਂ ਫਿਲਮਾਂ ਬਣਾਉਣ ਲਈ, ਕੁਲਵਿੰਦਰ ਨੂੰ ਸਾਹਿਤ ਅਕਾਦਮੀ ਨੂੰ 25 ਵਰ੍ਹੇ ਚਲਾਉਣ, ਪੰਜਾਬੀ ਭਾਸ਼ਾ ਨੂੰ ਹੋਰ ਵਿਕਸਤ ਕਰਨ ਤੇ ਉਸਦੇ ਪਾਸਾਰ ਲਈ, ਸੁਰਿੰਦਰ ਸਿੰਘ ਧਨੋਆ ਨੂੰ ਡਰਾਮਾ, ਸਟੇਜ, ਲਿਖਤਾਂ ਤੇ ਐਕਟਿੰਗ ਤੇ ਨਾਟਕ ਡਾਇਰੈਕਟਰ ਹੋਣ ਲਈ ਤੇ ਤਰਲੋਚਨ ਸਿੰਘ ਦੁਪਾਲਪੁਰੀ ਨੂੰ ਪੰਜਾਬ ਵਿਅੰਗਾਤਮਕ ਲੇਖ ਲਿਖਣ, ਕਵਿਤਾ, ਛੰਦ ਤੇ ਬੋਲੀ ਦੇ ਪਾਸਾਰ ਲਈ ਸਨਮਾਨਿਤ ਕੀਤਾ ਗਿਆ।

ਇਸ ਦੇ ਨਾਲ ਹੀ 20 ਸਾਲਾਂ ਤੋਂ ਜਿਹਨਾਂ ਦੀਆਂ ਲਗਾਤਾਰ ਮਸ਼ਹੂਰੀਆਂ ਚੱਲ ਰਹੀਆਂ ਹਨ ਅਤੇ ਉਹਨਾਂ ਵੱਲੋਂ ਪਰਦੇਸ ਟਾਇਮਜ਼ ਦਾ ਸਾਥ ਦਿੱਤਾ ਜਾ ਰਿਹਾ ਹੈ, ਨੂੰ ਸਨ-ਮਾਨਿਤ ਕੀਤਾ ਗਿਆ।

ਗੁਰਚਰਨ ਸਿੰਘ ਮਾਨ, ਕੈਸ਼ ਫੈਬਰਿਕਸ, ਮੂਨ ਇੰਡੀਅਨ ਕੁਜ਼ੀਨ ਹੇਵਰਡ, ਪਦਮ ਬਿਲਡਰਜ਼, ਰਾਮਪਾਲ ਸਿੰਘ, ਰੋਜ਼ੀ ਕਮਲ ਕੌਰ, ਰਾਜ ਬਡਵਾਲ, ਗੋਗੀ ਭੇਲਾ, ਟੇਸਟ ਆਫ ਇੰਡੀਆ ਨੇ ਪਰਦੇਸ ਟਾਇਮਜ਼ ਦਾ ਬਹੁਤ ਸਾਥ ਦਿੱਤਾ, ਜਿਹਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਦੋਵੇਂ ਰੇਡੀਓ ਸਟੇਸ਼ਨ ਦੇ ਕਰਤਾ ਪੰਜਾਬੀ ਰੇਡੀਓ ਯੂ. ਐਸ. ਤੋਂ ਸ. ਹਰਜੋਤ ਸਿੰਘ ਖਾਲਸਾ ਤੇ ਰੇਡੀਓ ਪੰਜਾਬ 1310 ਏ. ਐਮ. ਨੂੰ ਸਨਮਾਨਿਤ ਕੀਤਾ ਗਿਆ ਪਰ ਪੰਜਾਬੀ ਰੇਡੀਓ ਵਾਲੇ ਨਹੀਂ ਪਹੁੰਚ ਸਕੇ।

ਇਸ ਵਾਰ ਬੇ-ਏਰੀਆ ਦੇ ਪੰਜ ਗੁਰੂ ਘਰਾਂ ਨੂੰ ਸਨਮਾਨਿਤ ਕੀਤਾ ਗਿਆ, ਜਿਹਨਾਂ ਵਿਚ ਗੁਰੂ ਘਰ ਫਰੀਮਾਂਟ, ਗੁਰੂ ਘਰ ਸੈਨਹੋਜ਼ੇ, ਗੁਰੂ ਘਰ ਮਿਲਪੀਟਸ, ਗੁਰੂ ਘਰ ਹੇਵਰਡ ਤੇ ਗੁਰੂ ਘਰ ਸਿਰਜ ਰਿਹਾ ਸ੍ਰੀ ਗੁਰੂ ਰਵਿਦਾਸ ਜੀ ਯੂਨੀਅਨ ਸਿਟੀ ਤੇ ਇਕ ਗੁਰੂ ਘਰ ਜੋ ਮੱਧ ਯੂਰਪ ਦੇ ਦੇਸ਼ ਸਲੋਵਾਕੀਆ ਦੇ ਸ਼ਹਿਰ ਬਰਾਟੀਸਲਾਵਾ 'ਚ ਖੁੱਲ੍ਹਿਆ ਤੋਂ ਇਕ ਕਮੇਟੀ ਮੈਂਬਰ ਸ. ਰੁਪਿੰਦਰ ਸਿੰਘ ਢਿਓਲ ਹੁਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਨਾਲ ਹੀ 4 ਗੁਰੂ ਘਰਾਂ ਦੇ ਖਾਲਸਾ ਸਕੂਲ ਦੇ ਇਕ-ਇਕ ਬੱਚੇ ਨੂੰ ਸਰਟੀਫਿਕੇਟ, ਇਕ ਪਰਦੇਸ ਟਾਇਮਜ਼ ਦਾ ਟੋਕਨ ਤੇ 50-50 ਡਾਲਰ ਕੈਸ਼ ਦੇ ਕੇ ਸਨਮਾਨਿਤ ਕੀਤਾ ਗਿਆ ਤਾਂ ਜੋ ਬੱਚੇ ਫਖਰ ਮਹਿਸੂਸ ਕਰ ਸਕਣ ਕਿ ਜੇ ਉਹ ਪੰਜਾਬੀ ਪੜ੍ਹਦੇ ਹਨ ਤਾਂ ਉਹਨਾਂ ਦੇ ਵਡੇਰੇ ਉਹਨਾਂ ਦੀ ਕਦਰ ਕਰਦੇ ਹਨ।

ਇਸਦੇ ਨਾਲ ਹੀ ਜਿਹਨਾਂ-ਜਿਹਨਾਂ ਸੱਜਣਾਂ ਨੇ 20 ਸਾਲ ਕਦੇ ਵੀ ਅਖਬਾਰ ਨੂੰ ਕੁਝ ਮਾਇਕ ਸਹਾਇਤਾ ਦਿੱਤੀ ਜਾਂ ਮਦਦ ਕੀਤੀ, ਉਹਨਾਂ ਨੂੰ ਵੀ ਸਨਮਾਨਿਤ ਕੀਤਾ ਗਿਆ, ਜਿਹਨਾਂ ਵਿਚ ਅਰਵਿੰਦ ਸਾਹਨੀ, ਅਨੂਪ ਸਿੰਘ ਚੀਮਾ, ਬਲਦੇਵ ਸਿੰਘ ਮਾਨ, ਬਘੇਲ ਸਿੰਘ ਜਸਵਾਲ, ਪ੍ਰੋ. ਬਲਵਿੰਦਰ ਸਿੰਘ ਧਨੋਆ, ਡਾ. ਭੁਪਿੰਦਰ ਭੰਡਾਰੀ, ਡਾ. ਚਰਨਜੀਤ ਸਿੰਘ ਉਪਲ, ਡਾ. ਦਵਿੰਦਰ ਸਿੰਘ ਸ਼ੋਕਰ, ਦਵਿੰਦਰ ਹੋਠੀ, ਗੁਰਵਿੰਦਰ ਸਿੰਘ ਮਾਵੀ, ਹੈਰੀ ਸਿੱਧੂ, ਹਰਪ੍ਰੀਤ ਸਿੰਘ, ਐਚ. ਐਸ. ਭਜਨ, ਇੰਦਰਜੀਤ ਸਿੰਘ, ਜਸਵੀਰ ਸਿੰਘ ਤੱਖਰ, ਕਮਲਜੀਤ ਸਿੰਘ ਅਟਵਾਲ, ਮੁਖਤਿਆਰ ਸਿੰਘ ਵੜੈਚ, ਮਹਿੰਗਾ ਸਿੰਘ ਸਰਪੰਚ, ਰਾਜਾ ਸਵੀਟਸ, ਰਵਦੀਪ ਸਿੰਘ ਭਸੀਨ, ਰਾਮ ਹਰਸਿਮਰਨ ਸਿੰਘ, ਪ੍ਰੀਤਮ ਸਿੰਘ ਗਰੇਵਾਲ, ਸੁਜੀਤ ਕੁਮਾਰ, ਤਰਲੋਕ ਸਿੰਘ, ਕੁਇਕ ਸਾਈਨ ਅਤੇ ਤਿੰਨ ਖਾਸ ਸਰਟੀਫਿਕੇਟ ਦਿੱਤੇ ਗਏ ਪ੍ਰੋ. ਜਸਪਾਲ ਸਿੰਘ ਸੈਣੀ, ਪਰਮਪਾਲ ਸਿੰਘ ਅਤੇ ਰਣਜੀਤ ਕੰਦੋਲਾ ਜੀ ਨੂੰ।

ਇਹਨਾਂ ਨੇ ਪਰਦੇਸ ਟਾਇਮਜ਼ ਦਾ 20 ਸਾਲ ਸਾਥ ਦੇ ਕੇ ਇਸ ਅਖਬਾਰ ਨੂੰ ਲੋਕਾਂ ਦੇ ਪੜ੍ਹਨ ਲਾਇਕ ਬਣਾਉਣ ਲਈ ਬੜੀ ਮਿਹਨਤ ਕੀਤੀ।

ਅੱਜ ਦੇ ਬੁਲਾਰਿਆਂ ਵਿਚ ਬਲਜੀਤ ਸਿੰਘ, ਕਵੀ ਰਾਜ਼, ਕੁਲਵਿੰਦਰ, ਸੁਰਿੰਦਰ ਸਿੰਘ ਧਨੋਆ ਨੇ ਪੰਜਾਬੀ ਬੋਲੀ ਤੇ ਪੰਜਾਬੀ ਦੇ ਪਾਸਾਰ ਦੀ ਗੱਲ ਕੀਤੀ ਅਤੇ ਤਰਲੋਚਨ ਸਿੰਘ ਦੁਪਾਲਪੁਰੀ ਕਿਸੇ ਕਾਰਨ ਪਹੁੰਚ ਨਹੀਂ ਸਕੇ।

ਸ. ਗੁਰਚਰਨ ਸਿੰਘ ਮਾਨ ਨੇ ਵੀ ਬੁਲਾਰੇ ਦੇ ਤੌਰ 'ਤੇ ਹਿੱਸਾ ਲਿਆ। ਜਸਪਾਲ ਸਿੰਘ ਸੈਣੀ (ਪ੍ਰੋਫੈਸਰ) ਨੇ ਸਟੇਜ ਸੰਭਾਲੀ।

**(ਹੋਰ ਤਸਵੀਰਾਂ ਦੇਖੋ ਸਫਾ 11 ਤੋਂ 14 'ਤੇ)**

# ਟਰੰਪ ਸਰਕਾਰ ਨੇ 2025 'ਚ 1 ਲੱਖ ਤੋਂ ਵੱਧ ਵਿਸ਼ੇਸ਼ ਵਰਕ ਅਤੇ ਆਮ ਵੀਜ਼ੇ ਕੀਤੇ ਰੱਦ

ਵਾਸ਼ਿੰਗਟਨ- ਸੰਯੁਕਤ ਰਾਜ ਅਮਰੀਕਾ ਨੇ 2025 ਵਿੱਚ 100,000 ਤੋਂ ਵੱਧ ਵੀਜ਼ੇ ਰੱਦ ਕੀਤੇ। ਇਹ ਹੁਣ ਤੱਕ ਦੀ ਸਭ ਤੋਂ ਵੱਧ ਸੰਖਿਆ ਹੈ ਅਤੇ ਟਰੰਪ ਪ੍ਰਸ਼ਾਸਨ ਦੀ ਸਖ਼ਤ ਇਮੀਗ੍ਰੇਸ਼ਨ ਨੀਤੀ ਦਾ ਨਤੀਜਾ ਹੈ। ਇਸ ਵਿੱਚ ਲਗਭਗ 8,000 ਵਿਦਿਆਰਥੀ ਵੀਜ਼ੇ ਅਤੇ 2,500 ਵਿਸ਼ੇਸ਼ ਵਰਕ ਵੀਜ਼ੇ ਸ਼ਾਮਲ ਹਨ। ਵਿਦੇਸ਼ ਵਿਭਾਗ ਨੇ ਕਿਹਾ ਕਿ ਇਹ ਕਾਰਵਾਈ ਵਿਦੇਸ਼ੀ ਨਾਗਰਿਕਾਂ ਵਿਰੁੱਧ ਕੀਤੀ ਗਈ ਹੈ। ਟਰੰਪ ਪ੍ਰਸ਼ਾਸਨ ਨੇ ਇਸਨੂੰ ਆਪਣੀ "ਅਮਰੀਕਾ ਫਸਟ" ਨੀਤੀ ਦੇ ਹਿੱਸੇ ਵਜੋਂ ਦੱਸਿਆ। ਵਿਦੇਸ਼ ਵਿਭਾਗ ਨੇ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ, "ਅਸੀਂ ਅਮਰੀਕਾ ਨੂੰ ਸੁਰੱਖਿਅਤ ਰੱਖਣ ਲਈ ਇਨ੍ਹਾਂ ਅਪਰਾਧੀਆਂ ਨੂੰ ਦੇਸ਼ ਨਿਕਾਲਾ ਦੇਣਾ ਜਾਰੀ ਰੱਖਾਂਗੇ।" ਇਹ ਕਾਰਵਾਈ ਅਪਰਾਧ, ਵੀਜ਼ਾ ਓਵਰਸਟੇਅ ਅਤੇ ਜਨਤਕ ਸੁਰੱਖਿਆ ਲਈ ਖ਼ਤਰਾ ਪੈਦਾ ਕਰਨ ਵਾਲਿਆਂ 'ਤੇ ਕੇਂਦ੍ਰਿਤ ਹੈ। 2025 ਵਿੱਚ ਰੱਦ ਕੀਤੇ ਗਏ ਵੀਜ਼ਿਆਂ ਦੀ ਗਿਣਤੀ 2024 ਦੇ ਮੁਕਾਬਲੇ ਦੁੱਗਣੀ ਤੋਂ ਵੀ ਵੱਧ ਹੋ ਗਈ। ਪਿਛਲੇ ਸਾਲ, ਜੋਅ ਬਿਡੇਨ ਪ੍ਰਸ਼ਾਸਨ ਦੇ ਆਖਰੀ ਸਾਲ ਵਿੱਚ, ਲਗਭਗ 40,000 ਵੀਜ਼ੇ ਰੱਦ ਕੀਤੇ ਗਏ ਸਨ। ਟਰੰਪ ਦੇ ਸੱਤਾ ਵਿੱਚ ਵਾਪਸ ਆਉਣ ਤੋਂ ਬਾਅਦ, ਜਨਵਰੀ 2025 ਵਿੱਚ ਸਖ਼ਤ ਜਾਂਚ ਅਤੇ ਜਾਂਚ ਸ਼ੁਰੂ ਹੋਈ। ਨਵੰਬਰ 2025 ਤੱਕ, ਲਗਭਗ 80,000 ਵੀਜ਼ੇ ਰੱਦ ਕੀਤੇ ਗਏ ਸਨ।

**Joshi Law Firm**
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ



TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704




**Raj Budwal**
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

## ਚਲਦੇ-ਚਲਦੇ

### ਭਗਵੰਤ ਮਾਨ ਨੇ ਜਥੇਦਾਰ ਨੂੰ ਸਪੱਸ਼ਟੀਕਰਨ ਸੌਂਪਿਆ

ਅਕਾਲ ਤਖ਼ਤ ਸਾਹਿਬ ਦੀ ਸਿੱਖ ਰਹਿਤ ਮਰਿਆਦਾ ਤੇ ਸਰਬਉੱਚਤਾ, ਗੁਰੂ ਕੀ ਗੋਲਕ ਵਿਰੁੱਧ ਇਤਰਾਜ਼ਯੋਗ ਟਿੱਪਣੀਆਂ ਕਰਨ, ਗੁਰੂ ਸਾਹਿਬਾਨ ਅਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਦੀਆਂ ਤਸਵੀਰਾਂ ਨਾਲ ਇਤਰ-ਾਜ਼ਯੋਗ ਗਤੀਵਿਧੀ ਕਰਦਿਆਂ ਦੀ ਸਾਹਮਣੇ ਆਈ ਵੀਡੀਓ ਆਦਿ ਮਾਮਲਿਆਂ ਦੇ ਸਬੰਧ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਕਾਲ ਤਖ਼ਤ ਸਕੱਤਰੇਤ 'ਚ ਆਪਣਾ ਸਪੱਸ਼ਟੀਕਰਨ ਸੌਂਪਿਆ। ਇਸ 'ਤੇ ਹੁਣ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਇਕੱਤਰਤਾ ਵਿੱਚ ਵਿਚਾਰ ਕੀਤਾ ਜਾਵੇਗਾ। ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਦੱਸਿਆ ਕਿ ਮੁੱਖ ਮੰਤਰੀ ਨਾਲ ਬਹੁਤ ਹੀ ਚੰਗੇ ਮਾਹੌਲ ਵਿੱਚ ਗੱਲਬਾਤ ਹੋਈ ਹੈ ਅਤੇ ਉਹ ਆਪਣਾ ਪੱਖ ਰੱਖ ਕੇ ਗਏ ਹਨ। ਇਸ ਤੋਂ ਪਹਿਲਾਂ ਉਨ੍ਹਾਂ ਅਕਾਲ ਤਖ਼ਤ ਵਿਖੇ ਮੱਥਾ ਟੇਕਿਆ ਅਤੇ ਦੇਗ ਵੀ ਕਰਾਈ। ਸਕੱਤਰੇਤ 'ਚ ਲਗਭਗ 40 ਮਿੰਟ ਚੱਲੀ ਗੱਲਬਾਤ ਦੌਰਾਨ ਮੁੱਖ ਮੰਤਰੀ ਪਾਸੋਂ ਉਨ੍ਹਾਂ ਵਿਰੁੱਧ ਪੁੱਜੀਆਂ ਸ਼ਿਕਾਇਤਾਂ ਵਿੱਚ ਲੱਗੇ ਵੱਖ-ਵੱਖ ਦੋਸ਼ਾਂ ਦਾ ਇੱਕ-ਇੱਕ ਕਰ ਕੇ ਸਪੱਸ਼ਟੀਕਰਨ ਲਿਆ ਗਿਆ। ਭਗਵੰਤ ਮਾਨ ਆਪਣੇ ਨਾਲ ਇੱਕ ਬੈਗ ਵੀ ਲੈ ਕੇ ਆਏ ਸਨ ਜਿਸ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਸ਼ਿਕਾਇਤਾਂ ਅਤੇ ਹੋਰ ਦਸਤਾਵੇਜ਼ ਸ਼ਾਮਲ ਸਨ ਜੋ ਉਨ੍ਹਾਂ ਸਕੱਤਰੇਤ 'ਚ ਸੌਂਪਿਆ ਹੈ। ਇਸ ਦੌਰਾਨ ਕੈਨੇਡਾ ਰਹਿੰਦੇ ਇਕ ਵਿਅਕਤੀ ਨੇ ਦਾਅਵਾ ਕੀਤਾ ਹੈ ਕਿ ਉਸਨੇ ਫੌਰੈਂਸਿਕ ਲੈਬ ਤੋਂ ਜਾਂਚ ਕਰਵਾਈ ਹੈ, ਜੋ ਦੱਸਦੀ ਹੈ ਕਿ ਇਹ ਵੀਡੀਓ ਤੇ ਤਸਵੀਰਾਂ ਨਕਲੀ ਨਹੀਂ ਹਨ।

**Mann Insurance Brokers Inc.**
ਕਮਰਸ਼ੀਅਲ ਟਰੱਕਾਂ, ਲਿਮੋਜ਼ੀਨ, ਵੈਨ (Van) ਵਾਸਤੇ ਚੰਗੇ ਰੇਟਾਂ 'ਤੇ ਜਲਦੀ ਇੰਸ਼ੋਰੈਂਸ ਲੈਣ ਲਈ ਇਕ ਵਾਰ ਭਰਾਵਾਂ ਨੂੰ ਜ਼ਰੂਰ ਫੋਨ ਕਰੋ। ਬਹੁਤ ਹੀ ਮਿਲਣਸਾਰ ਏਜੰਸੀ ਵਾਲੇ ਭਰਾਵਾਂ ਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ।





Phone:- 510-487-1000
LIC:- 0F 34231
32146 Alvarado Blvd, Union City, CA 94587

# Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435
Gurpreet Singh Padam 510-962-2593
email: padambuilders@gmail.com
Licensed # 1019803



Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ



Harpreet Singh Padam

3143 ARDEN ROAD, HAYWARD, CA- 94545



# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸ਼ਤਾ

1. Wedding Lehngas
2. Mens wear-shervani
3. Kurte Pajame
4. Sharara Suits.
5. Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138



# Quick Lube & Smog

OFFICIAL LAMP ADJUSTING STATION
OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA
510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544



# SURYA INDIAN COUSINE
## SWEETS & SNACKS

ਬਹੁਤ ਹੀ ਤਜ਼ਰਬੇਕਾਰ ਮਠਿਆਈਆਂ ਤੇ ਖਾਣਿਆਂ ਲਈ ਮਸ਼ਹੂਰ ਇਕ ਵਾਰ ਫਿਰ ਤੁਹਾਡੀ ਸੇਵਾ 'ਚ ਹਾਜ਼ਰ ਹੋ ਗਏ ਹਨ।

ਵਿਆਹ ਤੇ ਹੋਰ ਖੁਸ਼ੀਆਂ ਦੇ ਮੌਕੇ ਲਈ, ਵੱਡੀ ਤੋਂ ਵੱਡੀ ਪਾਰਟੀ ਲਈ ਜਾਂ ਕੇਟਰਿੰਗ ਵਾਸਤੇ ਇਕ ਵਾਰ ਸੇਵਾ ਦਾ ਮੌਕਾ ਦਿਓ

ਸੰਪਰਕ ਕਰੋ: 669-275-2262, 408-892-2810

2846 S White Road Sanjose, CA



# Meena Fashion

Your destination for beautiful clothing, jewelry and wedding accessories. Enjoy 10% of, refreshing drinks and light bites, plus a free gift for our first 100 customers.

Open six days 10 AM to 9 PM, Closed

WELCOME TO THE WORLD OF FABRIC AND JEWELS

meenafashionsj 408-905-3779 meenafashionsj

# ਮਾਘੀ 'ਤੇ ਪੰਜਾਬ ਦੀ ਸਿਆਸਤ ‘ਚ ਗਰਮੀ- ਅਕਾਲੀ ਅਤੇ ਆਪ ਵਿਚ ਧਾਰਮਿਕ ਮੁੱਦਿਆਂ ਨੂੰ ਲੈ ਕੇ ਤਣਾਤਣੀ ਵਧੀ

ਮੁਕਤਸਰ ਸਾਹਿਬ- "ਬੰਗਾ ਨੇੜੇ ਇੱਕ ਧਾਰਮਿਕ ਸਥਾਨ (ਡੇਰੇ) ਤੋਂ 169 ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਮਿਲੇ ਹਨ, ਜਿਨ੍ਹਾਂ ’ਚੋਂ 139 ਸਰੂਪਾਂ ਦਾ ਕੋਈ ਰਿਕਾਰਡ ਨਹੀਂ ਹੈ ਸਿਰਫ਼ 30 ਸਰੂਪਾਂ ਦਾ ਹੀ ਰਿਕਾਰਡ ਮਿਲ ਸਕਿਆ ਅਤੇ ਨਾ ਹੀ ਡੇਰੇ ਦੇ ਪ੍ਰਬੰਧਕ ਜਾਂਚ ਕਮੇਟੀ (ਸਿੱਟ) ਨੂੰ ਜਵਾਬ ਦੇ ਸਕੇ ਕਿ 139 ਸਰੂਪ ਕਿੱਥੋਂ ਤੇ ਕਿਵੇਂ ਲਿਆਂਦੇ ਗਏ।" ਇਹ ਦਾਅਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿੱਚ ਰੱਖੀ ਆਮ ਆਦਮੀ ਪਾਰਟੀ ਦੀ ਸਿਆਸੀ ਕਾਨਫਰੰਸ ਵਿੱਚ ਕੀਤਾ ਗਿਆ। ਮਾਘੀ ਦੇ ਮੇਲੇ ਮੌਕੇ ਆਮ ਆਦਮੀ ਪਾਰਟੀ ਦੇ ਨਾਲ-ਨਾਲ ਅਕਾਲੀ ਦਲ ਅਤੇ ਭਾਜਪਾ ਵੱਲੋਂ ਵੀ ਸਿਆਸੀ ਸਟੇਜਾਂ ਸਜਾਈਆਂ ਗਈਆਂ ਪਰ ਇਸ ਮੈਦਾਨ 'ਚ ਕਾਂਗਰਸ ਪਾਰਟੀ ਦੀ ਸਟੇਜ ਕਿਤੇ ਨਜ਼ਰ ਨਹੀਂ ਆਈ। ਹਲਾਂਕਿ ਕਾਂਗਰਸ ਨੇ ਕਾਨਫਰੰਸ ਨਾ ਕੀਤੇ ਜਾਣ ਦਾ ਕਾਰਨ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਦੱਸਿਆ ਹੈ। ਮਾਘੀ ਮੇਲੇ ਦਾ ਆਯੋਜਨ ਹਰ ਸਾਲ ਸ੍ਰੀ ਮੁਕਤਸਰ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿੱਚ ਕੀਤਾ ਜਾਂਦਾ ਹੈ।

### ਲਾਪਤਾ ਸਰੂਪਾਂ ਦੀ ਕਿੱਥੋਂ ਭਾਲ ਹੋਈ

ਸਭ ਤੋਂ ਵੱਡਾ ਦਾਅਵਾ ਮੁੱਖ ਮੰਤਰੀ ਭਗਵੰਤ ਮਾਨ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ 328 ਪਾਵਨ ਸਰੂਪਾਂ ਬਾਰੇ ਕੀਤਾ। ਇਸੇ ਹੀ ਮੁੱਦੇ 'ਤੇ ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਆਹਮੋ ਸਾਹਮਣੇ ਵੀ ਆ ਚੁੱਕੀ ਹੈ। ਸੀਐਮ ਭਗਵੰਤ ਮਾਨ ਨੇ ਕਿਹਾ, "ਸਾਡੇ ਲਈ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਸਭ ਤੋਂ ਪਹਿਲਾਂ ਹੈ। 328 ਸਰੂਪਾਂ ਦੇ ਮਾਮਲੇ ਦੀ ਜਾਂਚ ਕਰ ਰਹੀ ਸਿੱਟ ਨੂੰ ਨਵਾਂ ਸ਼ਹਿਰ ਦੇ ਬੰਗਾ ਨੇੜੇ ਇੱਕ ਧਾਰਮਿਕ ਸਥਾਨ (ਡੇਰੇ) ਤੋਂ 169 ਸਰੂਪ ਮਿਲੇ ਹਨ। "ਇਨ੍ਹਾਂ ਵਿੱਚੋਂ 139 ਸਰੂਪ ਅਜਿਹੇ ਹਨ ਜਿਨ੍ਹਾਂ ਦਾ ਕੋਈ ਵੀ ਰਿਕਾਰਡ ਨਹੀਂ ਹੈ। ਹਲਾਂਕਿ 30 ਸਰੂਪਾਂ ਦੀਆਂ ਪਰਚੀਆਂ ਜ਼ਰੂਰ ਮਿਲੀਆਂ ਹਨ ਜੋ ਕਿਸੇ ਹੋਰ ਦੋ ਗੁਰਦੁਆਰਿਆਂ ਨੂੰ ਜਾਰੀ ਕੀਤੇ ਗਏ ਸਨ ਤੇ ਇਨ੍ਹਾਂ ਨੂੰ ਵੀ ਡੇਰੇ 'ਚ ਰੱਖਿਆ ਹੋਇਆ ਹੈ।" ਅੱਗੇ ਭਗਵੰਤ ਮਾਨ ਨੇ ਕਿਹਾ ਕਿ 139 ਸਰੂਪਾਂ ਦਾ ਰਿਕਾਰਡ ਨਾ ਤਾਂ ਸ਼੍ਰੋਮਣੀ ਕਮੇਟੀ ਕੋਲ ਹੈ ਅਤੇ ਨਾ ਹੀ ਡੇਰੇ ਦੇ ਪ੍ਰਬੰਧਕਾਂ ਤੋਂ ਮਿਲਿਆ ਹੈ ਅਤੇ ਨਾ ਹੀ ਡੇਰੇ ਦੇ ਪ੍ਰਬੰਧਕ ਇਸ ਦਾ ਹਿਸਾਬ ਦੇ ਸਕੇ ਕਿ ਇਹ ਕਦੋਂ ਅਤੇ ਕਿੱਥੋਂ ਲਿਆਂਦੇ ਗਏ।

### 'ਆਪ' ਦੇ ਹੋਰ ਕਿਹੜੇ ਵਾਅਦੇ ਹੋਏ

ਆਮ ਆਦਮੀ ਪਾਰਟੀ ਨੇ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਵਆਦਾ ਕੀਤਾ ਸੀ ਕਿ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇਗਾ ਪਰ ਹਾਲੇ ਤੱਕ ਇਹ ਵਾਅਦਾ ਪੂਰਾ ਨਹੀਂ ਹੋ ਸਕਿਆ ਹੈ। ਇਸ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਔਰਤਾਂ ਨਾਲ ਕੀਤਾ ਵਾਅਦਾ ਅਗਲੇ ਬਜਟ ਸੈਸ਼ਨ ਵਿੱਚ ਪੂਰਾ ਕਰ ਦਿੱਤਾ ਜਾਵੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਆਉਣ ਵਾਲੇ ਕੁਝ ਦਿਨਾਂ ਵਿੱਚ ਅਸੀਂ 10 ਲੱਖ ਰੁਪਏ ਤੱਕ ਦੇ ਇਲਾਜ ਦਾ ਸਿਹਤ ਬੀਮਾ ਹਰ ਪਰਿਵਾਰ ਦੇ ਹਰ ਮੈਂਬਰ ਲਈ ਕਰਨ ਜਾ ਰਹੇ ਹਨ। ਪੰਜਾਬ ਵਿੱਚ 800 ਪ੍ਰਾਈਵੇਟ ਅਤੇ 200-250 ਦੇ ਕਰੀਬ ਸਰਕਾਰੀ ਹਸਪਤਾਲ ਚੁਣੇ ਗਏ ਹਨ ਜਿੱਥੋਂ 10 ਲੱਖ ਰੁਪਏ ਤੱਕ ਮੁਫ਼ਤ ਇਲਾਜ ਕਰਵਾਇਆ ਜਾ ਸਕਦਾ ਹੈ।

### ਅਕਾਲੀਆਂ ਨੇ ਕੀ ਐਲਾਨ ਕੀਤੇ

ਅਗਾਮੀ ਵਿਧਾਨ ਸਭਾ 2027 ਦੀਆਂ ਚੋਣਾਂ ਨੂੰ ਧਿਆਨ 'ਚ ਰੱਖਦਿਆਂ ਅਕਾਲੀ ਦਲ ਵੱਲੋਂ ਅੱਜ ਸ੍ਰੀ ਮੁਕਤਸਰ ਤੋਂ ਕਈ ਐਲਾਨ ਕੀਤੇ ਗਏ। ਅਕਾਲੀ ਦਲ ਦੀ ਸਮੁੂਚੀ ਲੀਡਰਸ਼ਿਪ ਸਟੇਜ਼ 'ਤੇ ਬੈਠੀ ਹੋਈ ਸੀ। ਵਾਰੀ ਵਾਰੀ ਬੁਲਾਰੇ ਆਉਂਦੇ ਗਏ ਅਤੇ ਸਰਕਾਰ ਦੀਆਂ ਨਾਕਾਮੀਆਂ ਗਿਣਵਾਉਂਦੇ ਗਏ। ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਵਾਰੀ ਜਦੋਂ ਆਈ ਤਾਂ ਉਨ੍ਹਾਂ ਨੇ ਪੰਜਾਬੀਆਂ ਨਾਲ ਕਈ ਅਜਿਹੇ





ਵਾਅਦੇ ਕੀਤੇ ਜੋ ਵਿਧਾਨ ਸਭਾ ਚੋਣਾਂ ਲਈ ਮੈਦਾਨ ਤਿਆਰ ਕਰ ਗਿਆ। ਸੁਖਬੀਰ ਸਿੰਘ ਬਾਦਲ ਨੇ ਪਹਿਲਾ ਵਾਅਦਾ ਕੀਤਾ, “ਜਿਹੜੇ ਕਿਸਾਨਾਂ ਕੋਲ ਇੱਕ ਵੀ ਟਿਊਬਵੈੱਲ ਕੁਨੈਸ਼ਨ ਨਹੀਂ ਹੈ ਜੇਕਰ ਸਾਡੀ ਸਰਕਾਰੀ ਆਈ ਤਾਂ ਪਹਿਲੇ 10 ਦਿਨਾਂ 'ਚ ਉਨ੍ਹਾਂ ਸਾਰਿਆਂ ਨੂੰ ਕੁਨੈਕਸ਼ਨ ਦਿੱਤੇ ਜਾਣਗੇ। ਮੌਜੂਦਾ ਸਮੇਂ ਟਿਊਬਵੈੱਲ ਕੁਨੈਸ਼ਨ 15 ਤੋਂ 20 ਲੱਖ ਰੁਪਏ ਦਾ ਲਗਾਇਆ ਜਾ ਰਿਹਾ ਹੈ।” “ਟੇਲਾਂ 'ਤੇ ਪਾਣੀ ਪਹੁੰਚਾਉਣ ਵਾਸਤੇ ਹਰ ਇੱਕ ਖੇਤ ਤੱਕ ਪਾਈਪਾਂ ਵਿਛਾਈਆਂ ਜਾਣਗੀਆਂ। ਰਾਜਸਥਾਨ ਨੂੰ ਪਾਣੀ ਦੇਣ ਦਾ ਫੈਸਲਾ ਕਾਂਗਰਸ ਦਾ ਸੀ, ਇਹ ਨਹਿਰ ਬੰਦ ਕਰਵਾਈ ਜਾਵੇਗੀ। ਪਹਿਲੇ ਦਸ ਦਿਨਾਂ ਅੰਦਰ ਬਾਰਡਰ ਦੀਆਂ ਜ਼ਮੀਨਾਂ ਪੱਕੀਆਂ ਕੀਤੀਆਂ ਜਾਣਗੀਆਂ ਅਤੇ ਇੱਕ ਸਾਲ ਦੇ ਅੰਦਰ ਅੰਦਰ ਸਾਰੀਆਂ ਜ਼ਮੀਨਾਂ ਦਾ ਮੁਫ਼ਤ ਇੰਤਕਾਲ ਕੀਤਾ ਜਾਵੇਗਾ।” “ਲਾਲ ਡੋਰੇ ਦੇ ਅੰਦਰ ਜਿਸ ਕੋਲ ਜਿੰਨੀ ਜ਼ਮੀਨ ਹੈ ਉਸ ਦੀ ਰਜਿਸਟਰੀ ਮਾਲਕ ਦੇ ਨਾਮ ਕੀਤੀ ਜਾਵੇਗੇ। ਮੋਟਰਸਾਈਕਲ (ਜੁਗਾੜੂ ਰੇਹੜੀ) 'ਤੇ ਕੋਈ ਟੈਕਸ ਨਹੀਂ ਲੱਗੇਗਾ।” “ਪੰਜਾਬ ਵਿੱਚ ਇੱਕ ਵੀ ਗੈਂਗਸਟਰ ਨਹੀਂ ਰਹਿਣ ਦਿੱਤਾ ਜਾਵੇਗਾ, ਜਿਹੜਾ ਗੈਂਗਸਟਰ ਬਣੇਗਾ ਧਮਕੀ ਦੇਵੇਗਾ, ਉਸ ਦੀ ਜ਼ਮੀਨ ਜ਼ਬਤ ਹੋਵੇਗੀ। ਨਸ਼ਾ ਵੇਚਣ ਵਾਲੇ ਦੀ ਜ਼ਮੀਨ ਵੀ ਜ਼ਬਤ ਹੋਵੇਗੀ ਤੇ ਸਾਡੀ ਸਰਕਾਰ ਕਾਨੂੰਨ ਵਿੱਚ ਸੋਧ ਕਰੇਗੀ ਕਿ ਪੰਜ ਸਾਲ ਜ਼ਮਾਨਤ ਹੀ ਨਾ ਹੋ ਸਕੇ।”

### ਭਾਜਪਾ ਨੇ ਵੀ ਸਿਆਸੀ ਕਾਨਫਰੰਸ ਕੀਤੀ

ਮਾਘੀ ਦੇ ਮੇਲੇ 'ਤੇ ਭਾਜਪਾ ਨੇ ਵੀ ਸਿਆਸੀ ਕਾਨਫਰੰਸ ਕੀਤੀ ਅਤੇ ਅਗਲੀਆਂ ਚੋਣਾਂ ਵਿੱਚ 'ਵੰਝ ਬਰਾਬਰ ਗੱਡਣ' ਦਾ ਦਾਅਵਾ ਕੀਤਾ।

ਪੰਜਾਬ ਬੀਜੇਪੀ ਪ੍ਰਧਾਨ ਸੁਨੀਲ ਜਾਖੜ ਨੇ ਸਟੇਜ ਤੋਂ ਅਕਾਲੀ ਦਲ ਨਾਲ ਗਠਜੋੜ ਦਾ ਜ਼ਿਕਰ ਵੀ ਕੀਤਾ ਅਤੇ ਕਾਂਗਰਸੀਆਂ 'ਤੇ ਸਵਾਲ ਵੀ ਖੜ੍ਹੇ ਕੀਤੇ। ਸੁਨੀਲ ਜਾਖੜ ਨੇ ਕਿਹਾ, “ਅਕਾਲੀ ਦਲ ਨਾਲ ਸਮਝੌਤਾ ਭਾਈਚਾਰਕ ਸਾਂਝ ਨੂੰ ਇਕੱਠਾ ਰੱਖਣਾ ਲਈ ਹੋਇਆ ਸੀ ਨਾ ਕਿ ਰਾਜ ਬਣਾਉਣ ਲਈ ਇਹ ਕੋਈ ਰਾਜਨੀਤੀਕ ਸਮਝੌਤਾ ਸੀ। ਇਸ ਸਮਝੌਤੇ ਵਾਸਤੇ ਰਾਜ ਵਾਰ ਦਿੱਤੇ ਸਨ। ਇੱਕ ਨੈਸ਼ਨਲ ਪਾਰਟੀ, ਸੂਬੇ ਦੀ ਪਾਰਟੀ ਨਾਲ ਛੋਟੇ ਭਰਾ ਬਣ ਕੇ ਖੜ੍ਹੀ ਸੀ ਇਸ ਦੇ ਵੀ ਕਾਰਨ ਸਨ। ਕਿਉਂਕਿ ਪੰਜਾਬ ਨੇ ਕਾਲੇ ਦਿਨ ਦੇਖੇ ਹਨ ਤੇ ਪੰਜਾਬ ਨੂੰ ਕਾਲੇ ਦਿਨਾਂ 'ਚੋਂ ਬਾਹਰ ਕੱਢਣ ਵਾਸਤੇ ਸਮਝੋਤਾ ਹੋਇਆ ਸੀ।” ਕਾਂਗਰਸ 'ਤੇ ਵਰ੍ਹਦਿਆਂ ਪ੍ਰਧਾਨ ਜਾਖੜ ਨੇ ਕਿਹਾ, "ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਦੇ ਸਵਾਲ 'ਤੇ ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ ਨੇ ਕਿਹਾ ਕਿ 'ਸਾਡੇ ਤੋਂ ਗ਼ਲਤੀ ਹੋ ਗਈ', ਬਘੇਲ ਸਾਹਿਬ ਇਹ ਦੱਸਣ ਕਿ ਚੰਨੀ ਨੂੰ ਸੀਐਮ ਬਣਾਉਣ 'ਤੇ ਕੀ ਗ਼ਲਤੀ ਹੋਈ ਤੇ ਇਸ ਬਿਆਨ ਦਾ ਮਤਲਬ ਕੀ ਹੈ?”

ਸੁਨੀਲ ਜਾਖੜ ਨੇ ਵਿਧਾਨ ਸਭਾ ਚੋਣਾਂ ਬਾਰੇ ਕਿਹਾ ਸੀ ਹੁਣ 'ਵੰਝ ਬਰਾਬਰ ਗੱਡਾਂਗੇ' ਤੇ ਵੱਡਾ ਗੱਡਾਂਗੇ। ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਐਮਪੀ ਅੰਮ੍ਰਿਤਪਾਲ ਸਿੰਘ ਦੀ ਪਾਰਟੀ ' ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੇ' ਵੱਲੋਂ ਵੀ ਸਿਆਸੀ ਕਾਨਫਰੰਸ ਕੀਤੀ ਗਈ। ਇਨ੍ਹਾਂ ਦੀ ਸਟੇਜ 'ਤੇ ਅਕਾਲੀ ਦਲ ਦੇ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਵੀ ਪਹੁੰਚੇ ਸਨ।

### ਕਾਨਫਰੰਸ ਨਾ ਕਰਨ 'ਤੇ ਕਾਂਗਰਸ ਦਾ ਦਾਅਵਾ

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ 2017 ਵਿੱਚ ਜਾਰੀ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦਾ ਸਤਿਕਾਰ ਕੀਤਾ ਹੈ। ਦਸੰਬਰ 2017 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿਆਸੀ ਪਾਰਟੀਆਂ ਨੂੰ ਪਵਿੱਤਰ ਧਾਰਮਿਕ ਮੌਕਿਆਂ 'ਤੇ ਸਿਆਸੀ ਕਾਨਫਰੰਸਾਂ ਨਾ ਕਰਨ ਦੀ ਅਪੀਲ ਕੀਤੀ ਸੀ।

ਇਸ ਬਾਰੇ ਰਾਜਾ ਵੜਿੰਗ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਕਿਹਾ, "ਮੈਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕਰਦਾ ਹਾਂ ਕਿ ਫ਼ਤਹਿਗੜ੍ਹ ਸਾਹਿਬ ਅਤੇ ਮੁਕਤਸਰ ਸਾਹਿਬ ਵਿਖੇ ਸ਼ਹੀਦੀ ਮੇਲਿਆਂ ਦੌਰਾਨ ਸਿਆਸੀ ਪਾਰਟੀਆਂ ਵੱਲੋਂ ਕੀਤੀਆਂ ਜਾਂਦੀਆਂ ਸਿਆਸੀ ਕਾਨਫਰੰਸਾਂ ਦੇ ਮੁੱਦੇ 'ਤੇ ਸਥਿਤੀ ਸਪੱਸ਼ਟ ਕਰਨ। ਅੱਜ ਮੁਕਤਸਰ ਸਾਹਿਬ ਵਿਖੇ ਮਾਘੀ ਮੇਲੇ ਮੌਕੇ ਸੱਤਾਧਾਰੀ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਸਿਆਸੀ ਕਾਨਫਰੰਸਾਂ ਕਿਵੇਂ ਕੀਤੀਆਂ?” ਹਲਾਂਕਿ ਸਾਬਕਾ ਉਪ ਮੁੱਖ ਮੰਤਰੀ ਤੇ ਗੁਰਦਾਸਪੁਰ ਤੋਂ ਕਾਂਗਰਸ ਦੇ ਐਮਪੀ ਸੁਖਜਿੰਦਰ ਸਿੰਘ ਰੰਧਾਵਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਕਾਂਗਰਸ ਨੂੰ ਵੀ ਸਿਆਸੀ ਕਾਨਫਰੰਸ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਅਕਾਲੀ ਦਲ ਨੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਪੀਲ ਠੁਕਰਾਅ ਦਿੱਤੀ ਤਾਂ ਫਿਰ ਕਾਂਗਰਸ ਨੂੰ ਸਿਆਸੀ ਕਾਨਫਰੰਸ ਕਰਨੀ ਚਾਹੀਦੀ ਸੀ। "ਇਸੇ ਕਰਕੇ ਹੀ ਮੁੱਖ ਮੰਤਰੀ ਭਗਵੰਤ ਮਾਨ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੈਲੇਂਜ ਕਰ ਰਹੇ ਹਨ ਅਤੇ ਸ਼੍ਰੋਮਣੀ ਕਮੇਟੀ ਨੂੰ ਸਵਾਲ ਕਰ ਰਹੇ ਹਨ।" ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਇਸ ਮੁੱਦੇ 'ਤੇ ਸਾਰੀ ਕੌਮ ਨੂੰ ਸਿੱਖ ਸਮਾਜ ਤੇ ਜਥੇਬੰਦੀਆਂ ਨੂੰ ਇਕੱਠੇ ਹੋਣਾ ਚਾਹੀਦਾ ਹੈ ਤਾਂ ਜੋ ਸਿੱਖ ਪੰਥ ਨੂੰ ਬਚਾਇਆ ਜਾ ਸਕੇ।

### ਕਾਨਫਰੰਸਾਂ ਦਾ ਕੀ 2027 ਚੋਣਾਂ ਨਾਲ ਕੀ ਸਬੰਧ

ਸਿਆਸੀ ਮਾਹਰ ਗੁਰਦਰਸ਼ਨ ਸਿੰਘ ਢਿੱਲੋਂ ਨੇ ਗੱਲਬਾਤ ਦੌਰਾਨ ਕਿਹਾ ਕਿ ਇਨ੍ਹਾਂ ਕਾਨਫਰੰਸਾਂ ਦੇ ਸਿਰ 'ਤੇ 2027 ਦੀਆਂ ਚੋਣਾਂ ਨਹੀਂ ਲੜੀਆਂ ਜਾਣਗੀਆਂ। ਇਨ੍ਹਾਂ ਕਾਨਫਰੰਸਾਂ 'ਚ ਜੋ ਲੋਕਾਂ ਦੇ ਕੰਨਾਂ ਨੂੰ ਚੰਗਾ ਲੱਗਦਾ ਉਹ ਘਰ ਨੂੰ ਚਲੇ ਜਾਂਦੇ ਹਨ।

ਪਰ ਅਸਲੀਅਤ ਕੁਝ ਹੋਰ ਹੁੰਦੀ ਹੈ। ਉਨ੍ਹਾਂ ਕਿਹਾ ਆਮ ਆਦਮੀ ਪਾਰਟੀ ਨੂੰ ਇਸ ਦਾ ਨੁਕਸਾਨ ਹੋ ਸਕਦਾ ਹੈ ਕਿਉਂਕਿ ਪੰਜਾਬ ਦੇ ਲੋਕ ਨਹੀਂ ਚਾਹੁੰਦੇ ਕਿ ਦਿੱਲੀ ਦੀ ਸਿੱਧੀ ਦਖਲ ਹੋਵੇ। ਇੱਕ ਕਾਰਨ ਇਹ ਵੀ ਹੈ ਕਿ ਆਮ ਆਦਮੀ ਪਾਰਟੀ ਨੇ ਹਾਲੇ ਤੱਕ ਕੀਤੇ ਹੋਏ ਪਿਛਲੇ ਵਾਅਦੇ ਵੀ ਪੂਰੀ ਨਹੀਂ ਕੀਤੇ। ਕਾਂਗਰਸ ਬਾਰੇ ਗੁਰਦਰਸ਼ਨ ਸਿੰਘ ਨੇ ਕਿਹਾ ਕਿ ਕਾਂਗਰਸ ਦਾ ਆਪਸੀ ਝਗੜਾ, ਪਾਰਟੀ ਅੰਦਰ ਕੋਈ ਅਨੁਸਾਸ਼ਨ ਨਹੀਂ ਹੈ। 2027 ਤੋਂ ਪਹਿਲਾਂ ਕੀ ਕਾਂਗਰਸ ਇਸ ਤੋਂ ਉੱਭਰ ਸਕੇਗੀ ਇਹ ਪਾਰਟੀ 'ਤੇ ਹੀ ਨਿਰਭਰ ਕਰਦਾ ਹੈ ਤੇ ਨਤੀਜੇ ਵੀ ਉਸੇ ਹਿਸਾਬ ਨਾਲ ਆਉਣਗੇ। ਗੁਰਦਰਸ਼ਨ ਸਿੰਘ ਨੇ ਕਿਹਾ ਕਿ ਅਕਾਲੀ ਦਲ ਹੌਲੀ ਹੌਲੀ ਰਿਕਵਰ ਕਰ ਰਿਹਾ ਹੈ। ਸੁਖਬੀਰ ਬਾਦਲ ਪੰਜਾਬ ਦੇ ਸਭ ਤੋਂ ਧਨੀ ਲੀਡਰਾਂ 'ਚ ਸ਼ਾਮਲ ਹਨ ਤੇ ਬਾਦਲ ਪਾਰਟੀ ਨੂੰ ਮਜ਼ਬੂਤ ਕਰਨ ਲਈ ਸਭ ਕੁਝ ਕਰ ਰਹੇ ਹਨ ਜੋ ਠੀਕ ਵੀ ਹੈ। ਉਨ੍ਹਾਂ ਭਾਜਪਾ ਬਾਰੇ ਕਿਹਾ ਕਿ ਬੀਜੇਪੀ ਥੋੜ੍ਹੀ ਮਜ਼ਬੂਤ ਜ਼ਰੂਰ ਹੋਈ ਹੈ ਪਰ ਅਜੇ ਪੰਜਾਬ ਭਾਜਪਾ ਲਈ ਨਹੀਂ ਹੈ।

# ਕੈਨੇਡਾ ਦੇ ਇਤਿਹਾਸ ਦੀ ਸਭ ਤੋਂ ਵੱਡੀ ਸੋਨੇ ਦੀ ਚੋਰੀ ਦਾ ਭੇਦ ਕਿਵੇਂ ਖੁੱਲਿਆ

17 ਅਪ੍ਰੈਲ 2023 ਨੂੰ ਟੋਰਾਂਟੋ ਦੇ ਪੀਅਰ ਕੌਮਾਂਤਰੀ ਹਵਾਈ ਅੱਡੇ ਦੇ ਕਾਰਗੋ ਸੈਕਸ਼ਨ ਵਿੱਚੋਂ ਫ਼ਿਲਮੀ ਅੰਦਾਜ਼ ਵਿੱਚ ਚੋਰੀ ਹੋਈ ਸੀ, ਕਰੀਬ ਚਾਰ ਕੁਇੰਟਲ ਸੋਨੇ ਅਤੇ 2.5 ਮਿਲੀਅਨ ਕੈਨੇਡੀਅਨ ਡਾਲਰ ਦੀ ਵਿਦੇਸ਼ੀ ਕਰੰਸੀ ਦੇ ਮਾਮਲੇ ਵਿੱਚ ਪੀਲ ਪੁਲਿਸ ਨੇ ਅਹਿਮ ਗ੍ਰਿਫ਼ਤਾਰੀ ਕੀਤੀ ਹੈ। ਪੀਲ ਪੁਲਿਸ ਨੇ ਫ਼ਰਾਰ ਹੋਏ ਇੱਕ ਨੌਜਵਾਨ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਉਸ ਦੀ ਪਛਾਣ ਅਰਸਲਾਨ ਚੌਧਰੀ ਵਜੋਂ ਹੋਈ ਹੈ।

ਪੀਲ ਪੁਲਿਸ ਨੇ ਪ੍ਰੈਸ ਨੋਟ ਰਾਹੀਂ ਜੋ ਜਾਣਕਾਰੀ ਦਿੱਤੀ ਹੈ ਉਸ ਮੁਤਾਬਕ 43 ਸਾਲਾ ਅਰਸਲਾਨ ਚੌਧਰੀ ਦਾ ਕੋਈ ਸਥਿਰ ਪਤਾ ਨਹੀਂ ਹੈ ਅਤੇ ਉਸ ਨੂੰ ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ ਉੱਤੇ ਉਸ ਸਮੇਂ ਗ੍ਰਿਫ਼ਤਾਰ ਕੀਤਾ ਗਿਆ ਜਦੋਂ ਉਹ ਦੁਬਈ ਤੋਂ ਇੱਥੇ ਪਹੁੰਚਿਆ ਸੀ। ਚੌਧਰੀ ਉੱਤੇ 5000 ਡਾਲਰ ਤੋਂ ਵੱਧ ਦੀ ਚੋਰੀ, ਅਪਰਾਧ ਨਾਲ ਪ੍ਰਾਪਤ ਜਾਇਦਾਦ ਉੱਤੇ ਕਬਜ਼ਾ ਅਤੇ ਗੰਭੀਰ ਅਪਰਾਧ ਕਰਨ ਦੀ ਸਾਜ਼ਿਸ਼ ਤਹਿਤ ਕੇਸ ਦਰਜ ਕੀਤਾ ਗਿਆ ਹੈ। ਯਾਦ ਰਹੇ ਕਿ ਇਸ ਚੋਰੀ ਵਿੱਚ ਭਾਰਤੀ ਮੂਲ ਦੇ ਕੈਨੇਡੀਅਨ ਨਾਗਿਰਕ ਉੱਤੇ ਵੀ ਇਲਜ਼ਾਮ ਹਨ। ਪੀਲ ਪੁਲਿਸ ਨੇ ਬਿਆਨ ਵਿੱਚ ਆਖਿਆ ਹੈ ਕਿ ਹੁਣ ਤੱਕ ਪੁਲਿਸ ਨੇ ਚੋਰੀ ਨਾਲ ਜੁੜੇ ਦਸ ਵਿਅਕਤੀਆਂ ਦੀ ਪਛਾਣ ਕੀਤੀ ਗਈ ਹੈ ਅਤੇ ਉਨ੍ਹਾਂ ਉੱਤੇ 21 ਤੋਂ ਵੱਧ ਇਲਜ਼ਾਮ ਲਗਾਏ ਗਏ ਹਨ ਅਤੇ ਦੋ ਵਿਅਕਤੀ ਅਜੇ ਵੀ ਫ਼ਰਾਰ ਹਨ ਜਿਨਾ ਵਿੱਚੋਂ ਇੱਕ ਪੰਜਾਬੀ ਮੂਲ ਦਾ ਨੌਜਵਾਨ ਹੈ। ਪੀਲ ਪੁਲਿਸ ਨੇ ਚੋਰੀ ਹੋਏ ਸੋਨੇ ਦੀ ਭਾਲ ਵਿੱਚ ਬਕਾਇਦਾ ਅਪਰੇਸ਼ਨ 24 ਕੈਰੇਟ 2023 ਤੋਂ ਸ਼ੁਰੂ ਕੀਤਾ ਹੋਇਆ ਹੈ। ਕੈਨੇਡਾ ਪੁਲਿਸ ਨੇ ਦੇਸ਼ ਦੇ ਇਤਿਹਾਸ ਵਿੱਚ ਇਸ ਨੂੰ ਵੱਡੀਆਂ ਚੋਰੀਆਂ ਵਿੱਚੋਂ ਇੱਕ ਦੱਸਿਆ ਸੀ ਅਤੇ ਉਸ ਤੋਂ ਬਾਅਦ ਲਗਾਤਾਰ ਕੈਨੇਡਾ ਦੇ ਪੀਲ ਖੇਤਰ ਦੀ ਪੁਲਿਸ ਇਸ ਮਾਮਲੇ ਦੀ ਜਾਂਚ ਵਿੱਚ ਲੱਗੀ ਹੋਈ ਸੀ। ਪੀਲ ਪੁਲਿਸ ਮੁਤਾਬਕ 17 ਅਪ੍ਰੈਲ 2023 ਨੂੰ ਕੈਨੇਡਾ ਦੀ ਇੱਕ ਨਿੱਜੀ ਕੰਪਨੀ ਨੇ ਇਹ ਸੋਨਾ ਅਤੇ ਨਗਦੀ ਹਵਾਈ ਅੱਡੇ ਤੋਂ ਲੈ ਕੇ ਜਾਣਾ ਸੀ। ਪੁਲਿਸ ਮੁਤਾਬਕ ਜਿਉਂ ਹੀ ਇੱਕ ਕਾਰਗੋ ਜਹਾਜ਼ ਵਿੱਚ ਲਗਭਗ 2 ਕਰੋੜ ਕੈਨੇਡੀਅਨ ਡਾਲਰ ਮੁੱਲ ਦਾ ਸ਼ੁੱਧ ਸੋਨਾ ਜਿਸਦਾ ਵਜ਼ਨ ਚਾਰ ਕੁਇੰਟਲ ਸੀ, ਅਤੇ ਕਰੀਬ 25 ਲੱਖ ਦੀ ਵਿਦੇਸ਼ੀ ਕਰੰਸੀ ਕਾਰਗੋ ਜਹਾਜ਼ ਰਾਹੀਂ ਟੋਰਾਂਟੋ ਪੀਅਰਸਨ ਹਵਾਈ ਅੱਡੇ ਉੱਤੇ ਪਹੁੰਚੀ ਤਾਂ ਕਾਰਗੋ ਕੰਪਾਊਡ ਤੋਂ ਇਸ ਨੂੰ ਚੋਰੀ ਕਰ ਲਿਆ ਗਿਆ। ਪੁਲਿਸ ਮੁਤਾਬਕ ਇੱਕ ਬੰਦਾ ਟਰੱਕ ਲੈ ਕੇ ਹਵਾਈ ਅੱਡੇ ਦੇ ਕਾਰਗੋ ਇਲਾਕੇ ਵਿੱਚ ਪਹੁੰਚਿਆ ਅਤੇ ਉਸ ਨੇ



ਉੱਥੇ ਮੌਜੂਦ ਅਧਿਕਾਰੀਆਂ ਨੂੰ ਏਅਰਵੇਜ਼ ਬਿਲ ਦਿਖਾਏ। ਏਅਰਵੇਜ਼ ਬਿਲ ਇੱਕ ਦਸਤਾਵੇਜ਼ ਹੁੰਦਾ ਹੈ ਜੋ ਕੋਰੀਅਰ ਕੰਪਨੀ ਵੱਲੋਂ ਖੇਪ ਦੇ ਵੇਰਵਿਆਂ ਸਮੇਤ ਜਾਰੀ ਕੀਤਾ ਜਾਂਦਾ ਹੈ। ਅਧਿਕਾਰੀਆਂ ਨੇ ਬਿਲ ਦੇ ਆਧਾਰ ਉੱਤੇ ਸਾਰਾ ਸੋਨਾ ਅਤੇ ਨਗਦੀ ਟਰੱਕ ਵਿੱਚ ਲੱਦ ਦਿੱਤੀ ਅਤੇ ਡਰਾਈਵਰ ਟਰੱਕ ਲੈ ਕੇ ਕੰਪਾਊਡ ਤੋਂ ਬਾਹਰ ਨਿਕਲ ਗਿਆ। ਪੁਲਿਸ ਨੂੰ ਬਾਅਦ ਵਿੱਚ ਜਾਂਚ ਤੋਂ ਪਤਾ ਲੱਗਿਆ ਕਿ ਡਰਾਈਵਰ ਵੱਲੋਂ ਦਿਖਾਇਆ ਗਿਆ ਬਿਲ ਨਕਲੀ ਸੀ।

ਪੀਲ ਪੁਲਿਸ ਨੇ ਇੱਕ ਬਿਆਨ ਵਿੱਚ ਆਖਿਆ ਹੈ ਕਿ ਕੈਨੇਡਾ ਦੇ ਇਤਿਹਾਸ ਵਿੱਚ ਸਭ ਤੋਂ ਵੱਡੀ ਸੋਨੇ ਦੀ ਲੁੱਟ ਦੀ ਜਾਂਚ ਲਈ ਪ੍ਰੋਜੈਕਟ 24 ਕੇ ਸ਼ੁਰੂ ਕੀਤਾ ਹੋਇਆ ਹੈ ਅਤੇ ਮਾਮਲੇ ਵਿੱਚ ਦੋ ਵਿਅਕਤੀ ਅਜੇ ਵੀ ਫ਼ਰਾਰ ਹਨ। ਵੈਸੇ ਕੈਨੇਡਾ ਪੁਲਿਸ ਨੇ ਚੋਰੀ ਹੋਏ ਸੋਨੇ ਵਿੱਚੋਂ ਕੁਝ ਹਿੱਸਾ ਹੀ ਬਰਾਮਦ ਕੀਤਾ ਹੈ। ਕੈਨੇਡੀਅਨ ਮੀਡੀਆ ਦੀ ਰਿਪੋਰਟਾਂ ਮੁਤਾਬਕ ਚੋਰੀ ਹੋਏ ਸੋਨੇ ਵਿੱਚ ਕੁਝ ਪਿਘਲਾਇਆ ਜਾ ਚੁੱਕਾ ਹੈ ਅਤੇ ਕੁਝ ਕੈਨੇਡਾ ਤੋਂ ਬਾਹਰ ਜਾ ਚੁੱਕਾ ਹੈ ਜਿਸ ਨੂੰ ਲੱਭਣਾ ਫ਼ਿਲਹਾਲ ਪੀਲ ਪੁਲਿਸ ਲਈ ਕਾਫ਼ੀ ਔਖਾ ਹੈ। ਅਰਸਲਾਨ ਚੌਧਰੀ ਦੀ ਤਾਜ਼ਾ ਗ੍ਰਿਫਤਾਰੀ ਤੋਂ ਬਾਅਦ ਵੀ ਕੋਈ ਵੱਡੀ ਰਕਮ ਵਾਪਸ ਨਹੀਂ ਮਿਲੀ ਹੈ। ਫ਼ਿਲਹਾਲ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ ਲੋਕਾਂ ਨੂੰ ਇਸ ਮਾਮਲੇ ਵਿੱਚ ਸਹਿਯੋਗ ਦੀ ਅਪੀਲ ਵੀ ਕੀਤੀ ਗਈ ਹੈ। ਇਸ ਮਾਮਲੇ ਵਿੱਚ ਜਿਹੜੇ ਦੋ ਵਿਅਕਤੀਆਂ ਦੀ ਪੁਲਿਸ ਨੂੰ ਭਾਲ ਹੈ ਉਹਨਾਂ ਵਿਚੋਂ ਇੱਕ ਪੰਜਾਬੀ ਮੂਲ ਦਾ 33 ਸਾਲਾ ਨੌਜਵਾਨ ਸਿਮਰਨ ਪ੍ਰੀਤ ਪਨੇਸਰ ਅਤੇ ਇੱਕ ਹੋਰ 36 ਸਾਲਾ ਪ੍ਰਸਾਥ ਪਰਮਲਿੰਗਮ ਹੈ ਅਤੇ ਦੋਵਾਂ ਦਾ ਸਬੰਧ ਬਰੈਂਪਟਨ ਨਾਲ ਹੈ। ਪੀਲ ਪੁਲਿਸ ਦਾ ਖ਼ਦਸ਼ਾ ਹੈ ਕਿ ਸਿਮਰਨ ਪ੍ਰੀਤ ਪਨੇਸਰ ਇਸ ਸਮੇਂ ਭਾਰਤ ਦੇ ਪੰਜਾਬ ਸੂਬੇ ਵਿੱਚ ਰਹਿ ਰਿਹਾ ਹੈ। ਪੁਲਿਸ ਵੱਲੋਂ ਇਲਜ਼ਾਮ ਲਾਇਆ ਗਿਆ ਹੈ ਕਿ ਸਿਮਰਨ ਪ੍ਰੀਤ ਸਿੰਘ ਪਨੇਸਰ ਏਅਰ ਕੈਨੇਡਾ ਦਾ ਸਾਬਕਾ ਕਰਮਚਾਰੀ ਹੈ ਅਤੇ ਇਸ ਚੋਰੀ ਵਿੱਚ ਉਸ ਦਾ ਵੀ ਵੱਡਾ ਹੱਥ ਸੀ। ਪੀਲ ਪੁਲਿਸ ਮੁਤਾਬਕ ਜਿਸ ਕਾਰਗੋ ਸੈਕਸ਼ਨ ਵਿਚੋਂ ਸੋਨਾ ਅਤੇ ਨਕਦੀ ਚੋਰੀ ਹੋਈ ਸੀ ਪਨੇਸਰ ਉੱਥੇ ਮੈਨੇਜਰ ਸੀ ਅਤੇ ਚੋਰੀ ਦੀ ਵਾਰਦਾਤ ਤੋਂ ਬਾਅਦ ਉਹ ਕੈਨੇਡਾ ਤੋਂ ਫ਼ਰਾਰ ਹੋ ਗਿਆ ਸੀ ਅਤੇ ਜਿਸ ਦੀ ਭਾਲ ਅਜੇ ਤੱਕ ਜਾਰੀ ਹੈ। 54 ਸਾਲਾ ਬਰੈਂਪਟਨ ਵਾਸੀ ਪਰਮਪਾਲ ਸਿੱਧੂ (54), ਜੋ ਕਿ ਕਾਰਗੋ ਸੈਕਸ਼ਨ ਵਿੱਚ ਕੰਮ ਕਰਦੇ ਸੀ, ਉਸ ਨੂੰ ਚੋਰੀ ਦੀ ਵਾਰਦਾਤ ਤੋਂ ਕੁਝ ਬਾਅਦ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ। ਕੈਨੇਡਾ ਵਿੱਚ ਸੋਨੇ ਦੀਆਂ ਚੋਰੀਆਂ ਦਾ ਇੱਕ ਲੰਬਾ ਇਤਿਹਾਸ ਰਿਹਾ ਹੈ ਪਰ ਕੋਈ ਵੀ ਚੋਰੀ ਯੂਕੇ ਵਿੱਚ "ਸਦੀ ਦੇ ਅਪਰਾਧ" ਵਜੋਂ ਜਾਣੀ ਜਾਣ ਵਾਲੀ ਉਸ ਘਟਨਾ ਦੇ ਨੇੜੇ-ਤੇੜੇ ਵੀ ਨਹੀਂ ਪਹੁੰਚਦੀ, ਜਿਸ ਵਿੱਚ ਨਵੰਬਰ 1983 ਵਿੱਚ ਸੋਨੇ ਦੀਆਂ ਇੱਟਾਂ ਦੀ ਚੋਰੀ ਹੋਈ ਸੀ। ਉਸ ਸਮੇਂ ਇਸ ਦੀ ਕੀਮਤ 2.6 ਕਰੋੜ ਪੌਂਡ ਸੀ। ਮੌਜੂਦਾ ਕਰੰਸੀ ਦੇ ਹਿਸਾਬ ਨਾਲ ਇਹ ਰਕਮ ਲਗਭਗ 11.2 ਕਰੋੜ ਪੌਂਡ ਜਾਂ 18.8 ਕਰੋੜ ਕੈਨੇਡੀਅਨ ਡਾਲਰ ਦੇ ਬਰਾਬਰ ਹੈ। ਇਹ ਲੁੱਟ ਉਦੋਂ ਹੋਈ ਜਦੋਂ ਛੇ ਹਥਿਆਰਬੰਦ ਵਿਅਕਤੀ ਲੰਡਨ ਦੇ ਹੀਥਰੋ ਹਵਾਈ ਅੱਡੇ ਦੇ ਨੇੜੇ ਬ੍ਰਿਕਸ-ਮੈਟ ਡਿਪੋ ਵਿੱਚ ਦਾਖ਼ਲ ਹੋਏ। ਉਨ੍ਹਾਂ ਦੀ ਮਦਦ ਇੱਕ ਸੁਰੱਖਿਆ ਗਾਰਡ ਨੇ ਕੀਤੀ ਸੀ ਜੋ ਇਸ ਚੋਰੀ ਵਿੱਚ ਸ਼ਾਮਲ ਸੀ। ਉਨ੍ਹਾਂ ਨੂੰ ਉਮੀਦ ਸੀ ਕਿ ਉੱਥੇ ਵੱਡੀ ਮਾਤਰਾ ਵਿੱਚ ਵਿਦੇਸ਼ੀ ਮੁਦਰਾ ਮਿਲੇਗੀ। ਇਸ ਦੀ ਬਜਾਏ, ਉਨ੍ਹਾਂ ਦੇ ਹੱਥ ਕੀਮਤੀ ਸੋਨਾ, ਹੀਰੇ ਅਤੇ ਨਕਦੀ ਲੱਗ ਗਈ। ਇਸ ਚੋਰੀ ਤੋਂ ਬਾਅਦ ਪੁਲਿਸ ਨੂੰ ਸ਼ਾਮਲ ਸਾਰੇ ਲੋਕਾਂ ਨੂੰ ਲੱਭਣ ਲਈ ਲੰਬੀ ਭੱਜ-ਦੌੜ ਕਰਨੀ ਪਈ, ਕਿਉਂਕਿ ਅਪਰਾਧੀਆਂ ਨੇ ਸੋਨੇ ਨੂੰ ਨਕਦੀ ਵਿੱਚ ਬਦਲਣ ਲਈ ਹੋਰ ਲੋਕਾਂ ਦੀ ਮਦਦ ਲਈ ਸੀ। ਸਾਲਾਂ ਦੌਰਾਨ ਹੋਏ ਕਈ ਕਤਲਾਂ ਅਤੇ ਕੁਝ ਖੁਦਕੁਸ਼ੀਆਂ ਨੂੰ ਵੀ ਇਸੇ ਲੁੱਟ ਨਾਲ ਜੋੜ ਕੇ ਦੇਖਿਆ ਗਿਆ ਹੈ। ਬਹੁਤਾ ਸੋਨਾ ਕਦੇ ਵੀ ਬਰਾਮਦ ਨਹੀਂ ਹੋ ਸਕਿਆ ਅਤੇ ਅਸਲ ਛੇ ਮੁਲਜ਼ਮਾਂ ਵਿੱਚੋਂ ਚਾਰ ਨੂੰ ਕਦੇ ਸਜ਼ਾ ਨਹੀਂ ਹੋਈ। ਇਹ ਲੁੱਟ ਉਸ ਸਮੇਂ ਵਿਸ਼ਵ ਇਤਿਹਾਸ ਦੀਆਂ ਸਭ ਤੋਂ ਵੱਡੀਆਂ ਲੁੱਟਾਂ ਵਿੱਚੋਂ ਇੱਕ ਸੀ ਅਤੇ ਇਸ ਦਾ ਬ੍ਰਿਟਿਸ਼ ਜਨਤਾ ਅਤੇ ਪੁਲਿਸ ਦੋਵਾਂ 'ਤੇ ਸਥਾਈ ਪ੍ਰਭਾਵ ਪਿਆ।

# ਸੰਪਾਦਕੀ

## ਕੀ ਹੁਣ ਇਰਾਨ ਬਣੇਗਾ ਜੰਗ ਦਾ ਮੈਦਾਨ

ਇਰਾਨ ਜੋ ਕਿ ਪਰਸ਼ੀਅਨ ਸਭਿਅਤਾ ਵਾਲਾ ਮੁਲਕ ਹੈ, 1500 ਸਾਲ ਪਹਿਲਾਂ ਹਾਲਾਂਕਿ ਮੁਸਲਿਮ ਧਰਮ ਵਿਚ ਚਲਾ ਗਿਆ ਪਰ ਇਸ ਮੁਲਕ ਦੇ ਲੋਕਾਂ ਦੀ ਸੰਸਕ੍ਰਿਤੀ ਅੱਜ ਵੀ ਪੁਰਾਤਨ ਹੈ। ਇਰਾਨ ਵਿਚ ਕਈ ਰਵਾਇਤੀ ਸਭਿਆਤਾਵਾਂ ਦੇ ਲੋਕ ਵੱਸਦੇ ਹਨ। ਇਸ ਮੁਲਕ ਵਿਚ ਬਲੋਚੀ ਵੀ ਹਨ, ਪਰਸ਼ੀਅਨ ਵੀ ਹਨ, ਅਰਬ ਵੀ ਹਨ ਅਤੇ ਸੈਂਟਰਲ ਏਸ਼ੀਆ ਦੇ ਸਭਿਆਚਾਰ ਵਾਲੇ ਲੋਕ ਵੀ ਹਨ। ਇਸ ਵਕਤ ਇਰਾਨ ਵਿਚ ਭਾਰੀ ਵਿਰੋਧ-ਪ੍ਰਦਰਸ਼ਨ ਚੱਲ ਰਹੇ ਹਨ, ਜਿਹਨਾਂ ਵਿਚ ਹਜ਼ਾਰਾਂ ਲੋਕ ਮਾਰੇ ਵੀ ਗਏ ਹਨ ਅਤੇ ਜ਼ਖਮੀ ਵੀ ਹੋਏ ਹਨ। ਬੇਸ਼ੱਕ ਇਰਾਨ ਵਿਚ ਤਖਤਾ ਪਲਟ ਹੋਵੇ ਜਾਂ ਨਾ ਹੋਵੇ ਪਰ ਇਰਾਨ ਕਰੀਬ 2 ਦਹਾਕਿਆਂ ਬਾਅਦ ਵਿਚ ਯੁੱਧ ਦਾ ਅਖਾੜਾ ਬਣ ਗਿਆ ਹੈ। ਪੱਛਮੀ ਮੁਲਕਾਂ ਦੀ ਦਿਲਚਸਪੀ ਇਸ ਵਿਚ ਦੁਬਾਰਾ ਵਧਣ ਦਾ ਕਾਰਨ ਇਸ ਦੇ ਕੁਦਰਤੀ ਖਜ਼ਾਨੇ ਹਨ, ਖਾਸ ਕਰਕੇ ਤੇਲ ਦੇ ਭੰਡਾਰ ਇਸ ਮੁਲਕ ਕੋਲ ਬਹੁਤ ਜ਼ਿਆਦਾ ਹਨ ਅਤੇ ਦੂਜਾ ਇਸ ਮੁਲਕ ਦਾ ਮੌਜੂਦਾ ਸਿਸਟਮ ਰੂਸ ਵੱਲ ਜ਼ਿਆਦਾ ਝੁਕਾਅ ਰੱਖਦਾ ਹੈ। ਅਮਰੀਕੀ ਰਾਸ਼ਟਰਪਤੀ ਸ੍ਰੀ ਟਰੰਪ ਦੇ ਬਿਆਨਾਂ ਤੋਂ ਬਾਅਦ ਇਸ ਮੁਲਕ ਵੱਲ ਜੰਗੀ ਮੁਹਾਰਾਂ ਮੁੜ ਗਈਆਂ ਹਨ। ਹਾਲਾਂਕਿ ਅਮਰੀਕਾ ਵਿਚ ਇਸ ਵਕਤ ਗ੍ਰੀਨਲੈਂਡ ਨੂੰ ਕਬਜ਼ੇ ਵਿਚ ਲੈਣ ਦੀ ਚਰਚਾ ਵੀ ਹੈ। ਪਰ ਇਸ ਵਿਚ ਇਕ ਪੇਚ ਇਹ ਵੀ ਹੈ ਕਿ ਗ੍ਰੀਨਲੈਂਡ ਡੈਨਮਾਰਕ ਦਾ ਖੇਤਰ ਹੈ ਅਤੇ ਡੈਨਮਾਰਕ ਇਸ ਵਕਤ ਵੀ ਨਾਟੋ ਦਾ ਮੈਂਬਰ ਹੈ ਅਤੇ ਅਮਰੀਕਾ ਵੀ ਨਾਟੋ ਮੈਂਬਰ ਹਨ। ਇਸ ਕਰਕੇ ਅਮਰੀਕਾ ਦੀ ਫੌਜ ਇਸ ’ਤੇ ਕਬਜ਼ਾ ਕਰਨ ਜਾਂ ਹਮਲਾ ਕਰਨ ਤੋਂ ਪਹਿਲਾਂ ਨਾਟੋ ਦੇ ਆਰਟੀਕਲ 5 ਨਾਲ ਵੀ ਬੱਝੀ ਹੈ ਅਤੇ ਗ੍ਰੀਨਲੈਂਡ ਤੇ ਹਮਲਾ ਨਹੀਂ ਕਰ ਸਕਦੀ।

ਜਿੱਥੋਂ ਤੱਕ ਮੁਲਕਾਂ ਦੀ ਜ਼ਮੀਨ ’ਤੇ ਵਿਦੇਸ਼ੀ ਕਬਜ਼ੇ ਦਾ ਸਬੰਧ ਹੈ, ਇਸ ਨੂੰ ਲੈ ਕੇ ਦੁਚਿੱਤੀ ਹਾਲੇ ਵੀ ਬਰਕਰਾਰ ਹੈ ਕਿਉਂਕਿ ਕਿਸੇ ਵੀ ਮੁਲਕ ਦੇ ਅੰਦਰ ਵਿਦੇਸ਼ੀ ਹਮਲਾ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ। ਜ਼ਮੀਨ ’ਤੇ ਜਦੋਂ ਆਹਮੋ-ਸਾਹਮਣੇ ਦੀ ਲੜਾਈ ਜਾਂ ਫਿਰ ਜਨਤਕ ਖੇਤਰ ਵਿਚ ਲੜਾਈ ਪਹੁੰਚਦੀ ਹੈ ਤਾਂ ਕਿਸੇ ਵੀ ਮੁਲਕ ਦੀ ਫੌਜ ਇੰਨੀ ਜ਼ਲਦੀ ਟਿਕ ਨਹੀਂ ਸਕਦੀ। ਰੂਸ ਨਾਲ ਵੀ ਇਹੀ ਸਮੱਸਿਆ ਹੈ ਜੋ ਕਿ ਯੂਕਰੇਨ ਦੀ ਜ਼ਮੀਨ ਤੇ ਪੂਰੀ ਤਰ੍ਹਾਂ ਕਬਜ਼ਾ ਨਹੀਂ ਕਰ ਪਾ ਰਿਹਾ ਹੈ। ਵੈਨਜ਼ੁਏਲਾ ਵਿਚ ਵੀ ਜ਼ਮੀਨੀ ਪੱਧਰ ਤੇ ਹਾਲਾਤ ਵੱਖਰੇ ਹਨ। ਹਾਲਾਂਕਿ ਇਸ ਮੁਲਕ ਕੋਲ ਕੋਈ ਬਿਹਤਰੀਨ ਤਕਨੀਕੀ ਫੌਜ ਨਹੀਂ ਹੈ ਪਰ ਜਨਤਕ ਖੇਤਰ ਵਿਚ ਕਿਸੇ ਵਿਦੇਸ਼ੀ ਹਮਲੇ ਦੇ ਖਿਲਾਫ ਭਾਵਨਾਵਾਂ ਸਿਖਰ ’ਤੇ ਹਨ। ਕੋਈ ਵੀ ਯੁੱਧ ਉਦੋਂ ਤੱਕ ਸੰਪੂਰਨ ਨਹੀਂ ਹੁੰਦਾ ਜਦੋਂ ਤੱਕ ਕਿਸੇ ਮੁਲਕ ਦੀ ਜ਼ਮੀਨ ਤੇ ਕਬਜ਼ਾ ਨਾ ਕਰ ਲਿਆ ਜਾਵੇ ਪਰ ਪਿਛਲੇ 50 ਸਾਲਾਂ ਦੇ ਇਤਿਹਾਸ ਵਿਚ ਅਜਿਹਾ ਹੋ ਨਹੀਂ ਸਕਿਆ, ਇੱਥੋਂ ਤੱਕ ਕਿ ਅਮਰੀਕਾ ਨੂੰ ਵੀ ਅਫਗਾਨਿਸਤਾਨ ਵਿਚੋਂ 20 ਸਾਲਾਂ ਬਾਅਦ ਨਿਕਲਣਾ ਪਿਆ ਸੀ। ਪਰ ਅੱਜਕਲ੍ਹ ਦੀਆਂ ਜੰਗਾਂ ਕਿਸੇ ਵੀ ਮੁਲਕ ਦਾ ਭਾਰੀ ਨੁਕਸਾਨ ਜ਼ਰੂਰ ਕਰਦੀਆਂ ਹਨ ਕਿਉਂਕਿ ਬਹੁਤ ਵੱਡੇ ਅਤੇ ਭਿਆਨਕ ਹਥਿਆਰਾਂ ਕਾਰਨ ਕਿਸੇ ਮੁਲਕ ਨੂੰ ਭਾਰੀ ਨੁਕਸਾਨ ਜ਼ਰੂਰ ਪਹੁੰਚਾਇਆ ਜਾ ਸਕਦਾ ਹੈ। ਬੇਸ਼ੱਕ ਜਿੰਨਾ ਮਰਜ਼ੀ ਕੋਈ ਸ਼ਾਂਤੀ ਦਾ ਪੱਖ ਪੂਰੇ ਪਰ ਮਨੁੱਖਤਾ ਲਈ ਜੰਗ ਇਕ ਤ੍ਰਾਸਦੀ ਬਣੀ ਹੋਈ ਹੈ ਅਤੇ ਬਣੀ ਰਹੇਗੀ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਭਾਰਤ ਨੂੰ ਤਿੰਨ ਮੋਰਚਿਆਂ ’ਤੇ ਚੁਣੌਤੀਆਂ ਦਾ ਸਾਹਮਣਾ



ਮੁਖ਼ਤਾਰ ਗਿੱਲ

ਪਾਕਿਸਤਾਨ ਤੇ ਬੰਗਲਾਦੇਸ਼ ਜਿਹੜੇ ਕੱਲ੍ਹ ਤੱਕ ‘ਦੁਸ਼ਮਣ’ ਦੇਸ਼ ਸਨ, ਅੱਜ ਦੋਸਤ ਹਨ। ਚੀਨ ਦੋਵਾਂ ਨੂੰ ਫ਼ੌਜੀ ਤੇ ਆਰਥਿਕ ਸਹਿਯੋਗ ਦੇ ਰਿਹਾ ਹੈ। ਬੰਗਲਾਦੇਸ਼ ’ਚ ਆਮ ਚੋਣਾਂ 12 ਫਰਵਰੀ ਨੂੰ ਹੋਣਗੀਆਂ, ਜੋ ਬੰਗਲਾਦੇਸ਼ ਦੇ ਇਤਿਹਾਸ ’ਚ ਇਕ ਹੋਰ ਚੁਣੌਤੀਪੂਰਨ ਅਧਿਆਏ ਦੀ ਸ਼ੁਰੂਆਤ ਕਰਨਗੀਆਂ। ਪਿਛਲੇ ਪੰਜ ਦਹਾਕਿਆਂ ਵਿਚ ਉੱਥੇ ਨਿਰਪੱਖ ਚੋਣਾਂ ਘੱਟ ਹੀ ਦੇਖਣ ਨੂੰ ਮਿਲੀਆਂ ਹਨ। ਬਦਕਿਸਮਤੀ ਨਾਲ ਇਸ ਵਾਰ ਵੀ ਬਰਾਬਰ ਦਾ ਮੁਕਾਬਲਾ ਨਹੀਂ ਹੈ ਕਿਉਂਕਿ ਅੰਤ੍ਰਿਮ ਸਰਕਾਰ ਨੇ ਅੱਤਵਾਦ ਵਿਰੋਧੀ ਕਾਨੂੰਨ ਦੇ ਤਹਿਤ ਅਵਾਮੀ ਲੀਗ ਦੀਆਂ ਸਾਰੀਆਂ ਗਤੀਵਿਧੀਆਂ ’ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਅਮਲੀ ਤੌਰ ’ਤੇ ਹੁਣ ਦੋ ਧੜਿਆਂ ਦਾ ਹੀ ਮੁਕਾਬਲਾ ਬਣ ਕੇ ਰਹਿ ਗਿਆ ਹੈ। ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ਿਆ ਦੀ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਦਾ ਮੁਕਾਬਲਾ ਕਿਸੇ ਸਮੇਂ ਇਸ ਦੀ ਸਹਿਯੋਗੀ ਧਿਰ ਰਹੀ ਜਮਾਤ-ਏ-ਇਸਲਾਮੀ ਨਾਲ ਹੈ।

ਖਾਲਿਦਾ ਜ਼ਿਆ ਦੀ ਸਿਹਤ ਤੇਜ਼ੀ ਨਾਲ ਵਿਗੜੀ ਹੈ ਤੇ ਉਸ ਦੇ ਪੁੱਤਰ ਤਾਰਿਕ ਰਹਿਮਾਨ ਵੱਲੋਂ ਯੂਕੇ ਵਿਚ ਲੰਮੀ ਜਲਾਵਤਨੀ ਤੋਂ ਬਾਅਦ ਦੇਸ਼ ਪਰਤਣ ਦੀ ਉਮੀਦ ਹੈ। ਹਾਲਾਂਕਿ ਹਸੀਨਾ ਦੀ ਵਤਨ ਵਾਪਸੀ ਮੁਸ਼ਕਿਲ ਹੈ। ਉਸ ਦੀ ਸਰਕਾਰ ਦੀ ਬੇਰਹਿਮ ਕਾਰਵਾਈ ਕਾਰਨ ਪਿਛਲੇ ਸਾਲ ਜੁਲਾਈ-ਅਗਸਤ ਵਿਚ 1400 ਤੋਂ ਵੱਧ ਪ੍ਰਦਰਸ਼ਨਕਾਰੀਆਂ ਦੀ ਜਾਨ ਚਲੀ ਗਈ ਸੀ। ਇਹ ਚੋਣਾਂ ਅਗਸਤ 2024 ਵਿਚ ਹਿੰਸਕ ਝੜਪਾਂ ਤੋਂ ਬਾਅਦ ਸ਼ੇਖ ਹਸੀਨਾ ਦੀ ਅਗਵਾਈ ਵਾਲੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕੀਤੇ ਜਾਣ ਤੋਂ ਬਾਅਦ ਹੋਣਗੀਆਂ। ਮੁੱਖ ਸਲਾਹਕਾਰ ਮੁਹੰਮਦ ਯੂਨੁਸ ਦੀ ਅਗਵਾਈ ਵਾਲੇ ਰਾਸ਼ਟਰੀ ਸਹਿਮਤੀ ਕਮਿਸ਼ਨ ਦੇ ਸੰਵਿਧਾਨਕ ਸੁਧਾਰ ਪ੍ਰਸਤਾਵਾਂ ਦੀ ਇਕ ਲੜੀ ਤਹਿਤ ਜਨਤਾ ਦੀ ਰਾਇ ਜਾਨਣ ਲਈ ਵੋਟਿੰਗ ਵਾਲੇ ਦਿਨ, 12 ਫਰਵਰੀ ਨੂੰ ਇਕੋ ਸਮੇਂ ਰਾਇਸ਼ੁਮਾਰੀ ਵੀ ਕਰਵਾਈ ਜਾਵੇਗੀ। ਇਹ ਐਲਾਨ ਮੁੱਖ ਚੋਣ ਕਮਿਸ਼ਨਰ ਦੀ ਰਾਸ਼ਟਰਪਤੀ ਮੁਹੰਮਦ ਸ਼ਹਾਬੂਦੀਨ ਨਾਲ ਮੁਲਾਕਾਤ ਤੋਂ ਬਾਅਦ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਜਨਵਰੀ 2024 ਵਿਚ ਚੋਣਾਂ ਹੋਈਆਂ ਸਨ। ਉਦੋਂ ਜ਼ਿਆਦ-ਾਤਰ ਪਾਰਟੀਆਂ ਨੇ ਇਨ੍ਹਾਂ ਚੋਣਾਂ ਦਾ ਬਾਈਕਾਟ ਕੀਤਾ ਸੀ ਅਤੇ ਵਿਵਾਦਾਂ ਵਿਚਾਲੇ ਹਸੀਨਾ ਨੇ ਇਨ੍ਹਾਂ ਚੋਣਾਂ ਵਿਚ ਜਿੱਤ ਦਰਜ ਕੀਤੀ ਸੀ। ਚੋਣਾਂ ਦੇ ਛੇ ਮਹੀਨਿਆਂ ’ਚ ਸਰਕਾਰ ਖ਼ਿਲਾਫ਼ ਰੋਸ ਮੁਜ਼ਾਹਰੇ ਸ਼ੁਰੂ ਹੋ ਗਏ ਸਨ ਅਤੇ ਹਿੰਸਕ ਝੜਪਾਂ ਤੋਂ ਬਾਅਦ ਹਸੀਨਾ ਪੰਜ ਅਗਸਤ 2024 ਨੂੰ ਮੁਲਕ ਛੱਡ ਕੇ ਭਾਰਤ ਚਲੀ ਗਈ ਸੀ। ਪਾਕਿਸਤਾਨ ਬੰਗਲਾਦੇਸ਼ ਵਿਚ 40 ‘ਹੈਦਰ’ ਟੈਂਕ ਬਣਾਏਗਾ। ਹਾਲ ਹੀ ਵਿਚ ਪਾਕਿਸਤਾਨ ਦੀ ਡਿਫੈਂਸ ਕੰਪਨੀ ਹੈਵੀ ਇੰਡਸਟਰੀ ਟੈਕਸਲਾ (ਐਚਆਈਟੀ) ਨੇ ਬੰਗਲਾਦੇਸ਼ ਲਈ 40 ਹੈਦਰ ਮਾਡਲ ਟੈਂਕ ਅਪਗ੍ਰੇਡ ਕਰਨ ਦਾ ਪ੍ਰਸਤਾਵ ਦਿੱਤਾ ਹੈ। ਪਾਕਿਸਤਾਨ ਬੰਗਲਾਦੇਸ਼ ਨੂੰ ਅਬਦਾਲੀ ਬੈਲਿਸਟਿਕ ਮਿਜ਼ਾਈਲ ਟਰਾਂਸਫਰ ਕਰਨ ਦਾ ਵੀ ਵਿਚਾਰ ਕਰ ਰਿਹਾ ਹੈ, ਜਿਹੜੀ 450 ਕਿਲੋਮੀਟਰ ਤੱਕ ਮਾਰ ਕਰ ਸਕਦੀ ਹੈ।ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਦੇ ਤਖ਼ਤਾ ਪਲਟ ਹੋਣ ਤੋਂ ਬਾਅਦ ਪਿਛਲੇ ਇਕ ਸਾਲ ਤੋਂ ਪਾਕਿਸਤਾਨ ਤੇਜ਼ੀ ਨਾਲ ਬੰਗਲਾਦੇਸ਼ ’ਚ ਰੱਖਿਆ ਸਬੰਧੀ ਦਖ਼ਲ ਦੇ ਰਿਹਾ ਹੈ। ਬੰਗਲਾਦੇਸ਼ ਵਿਚ ਅੰਤ੍ਰਿਮ ਸਰਕਾਰ ਦੇ ਆਉਣ ਨਾਲ ਹੀ ਢਾਕਾ ਦੀ ਵਿਦੇਸ਼ ਰੱਖਿਆ ਨੀਤੀ ਭਾਰਤ ਤੋਂ ਹਟ ਕੇ ਪਾਕਿਸਤਾਨ ਤੇ ਚੀਨ ਵੱਲ ਝੁਕਦੀ ਦਿਖਾਈ ਦੇ ਰਹੀ ਹੈ। ਪਾਕਿਸਤਾਨ ਦੀ ਫ਼ੌਜ ਦੇ ਅਫ਼ਸਰਾਂ ਦੇ ਬੰਗਲਾਦੇਸ਼ੀ ਦੌਰੇ ਵਧ ਗਏ ਹਨ।



ਅਕਤੂਬਰ 2024 ਵਿਚ ਪਾਕਿਸਤਾਨ ਦੇ ਚੇਅਰਮੈਨ ਜੁਆਇੰਟ ਚੀਫ ਆਫ ਸਟਾਫ ਸ਼ਮਸ਼ਾਦ ਮਿਰਜ਼ਾ ਨੇ ਬੰਗਲਾਦੇਸ਼ ਦੇ ਫ਼ੌਜ ਮੁਖੀ ਨਾਲ ਮੁਲਾਕਾਤ ਕੀਤੀ ਜਿਸ ’ਚ ਪ੍ਰੀਖਣ ਤੇ ਟੈਕਨਾਲੋਜੀ ਟਰਾਂਸਫਰ ਬਾਰੇ ਗੱਲਬਾਤ ਹੋਈ। ਅਕਤੂਬਰ 25 ਵਿਚ ਲੈਫਟੀਨੈਂਟ ਜਨਰਲ ਤਬੱਸਮ ਹਬੀਬ, ਡੀਜੀ ਜੁਆਇੰਟ ਸਟਾਫ ਚਾਰ ਦਿਨਾਂ ਦੌਰੇ ’ਤੇ ਢਾਕਾ ਪਹੁੰਚੇ। ਨਵੰਬਰ ਦੀ 26 ਨੂੰ ਸਮੁੰਦਰੀ ਬੇੜਾ ਚਟਗਾ ਂ ਬੰਦਰਗਾਹ ਪੁੱਜਾ ਜਿਸ ਕਰਕੇ ਨੇਵੀ ਫ਼ੌਜੀ ਸਹਿਯੋਗ ਮੁੜ ਸ਼ੁਰੂ ਹੋਇਆ। ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈਐੱਸਆਈ, ਐਚਆਈਟੀ ਅਤੇ ਏਅਰੋਸਪੇਸ ਦੀਆਂ ਟੀਮਾਂ ਨੇ ਕਈ ਦੌਰ ਦੀਆਂ ਰਾਜਨੀਤਕ ਮੀਟਿੰਗਾਂ ਕੀਤੀਆਂ। ਅੱਜ ਭਾਰਤ ਤਿੰਨ ਮੋਰਚਿਆਂ ’ਤੇ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ। ਪਾਕਿਸਤਾਨ, ਬੰਗਲਾਦੇਸ਼ ਅਤੇ ਚੀਨ ਸਾਡੀ ਪੱਛਮੀ, ਉੱਤਰੀ ਅਤੇ ਪੂਰਬੀ ਸਰਹੱਦ ’ਤੇ ਤਿੰਨ ਦੁਸ਼ਮਣ ਤਾਕਤਾਂ ਹਨ। ਜਿਵੇਂ-ਜਿਵੇਂ ਭਾਰਤ ਦੀ ਆਰਥਿਕ ਤੇ ਫ਼ੌਜੀ ਤਾਕਤ ਵਧ ਰਹੀ ਹੈ, ਭਾਰਤ ਖ਼ਿਲਾਫ਼ ਪਾਕਿਸਤਾਨ ਦੇ ਸੈਨਾ ਮੁਖੀ ਆਸਿਮ ਮੁਨੀਰ ਨੇ ਸਖ਼ਤ ਕਦਮ ਚੁੱਕੇ ਹਨ। ਮਈ ਦੀ ਭਾਰਤ-ਪਾਕਿ ਜੰਗ ਪਿੱਛੋਂ ਇਨਾਮ ਵਜੋਂ ਮੁਨੀਰ ਨੇ ਫੀਲਡ ਮਾਰਸ਼ਲ ਦੇ ਅਹੁਦੇ ’ਤੇ ਪ੍ਰਮੋਸ਼ਨ ਲੈ ਲਿਆ। ਇਸ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਾਕਿਸਤਾਨ ਦੀ ਲੈਣ-ਦੇਣ ਦੀ ਮਾਨਸਿਕਤਾ ਨੂੰ ਸਮਝਦਿਆਂ ਇਸ ਦਾ ਫ਼ਾਇਦਾ ਉਠਾਉਣ ਦਾ ਫ਼ੈਸਲਾ ਕੀਤਾ। ਉਸ ਨੇ ਪਾਕਿਸਤਾਨ ਨੂੰ ਆਰਥਿਕ, ਫ਼ੌਜੀ, ਤੇਲ ਦੀ ਖੋਜ ਕਰਨ ਅਤੇ ਬੰਦਰਗਾਹ ਨੂੰ ਵਿਕਸਤ ਕਰਨ ਦਾ ਭਰੋਸਾ ਦਿੱਤਾ ਅਤੇ ਉਥੇ ਆਪਣੇ ਫ਼ੌਜੀ ਅੱਡੇ ਦਾ ਰਾਹ ਸਾਫ਼ ਕਰ ਲਿਆ। ਸਤੰਬਰ 2022 ਵਿਚ ਜਦੋਂ ਸ਼ਾਹਬਾਜ਼ ਸ਼ਰੀਫ਼ ਨੇ ਮੁਨੀਰ ਨੂੰ ਫ਼ੌਜ ਮੁਖੀ ਬਣਾਇਆ ਸੀ ਉਸੇ ਸਮੇਂ ਪਾਕਿਸਤਾਨ ਦੀ ਸ਼ਹਿ ਪ੍ਰਾਪਤ ਅੱਤਵਾਦੀ ਤਨਜ਼ੀਮਾਂ ਦੇ ਨਿਰਦੇਸ਼ ’ਤੇ ਅਲ ਫਲਾਹ ਯੂਨੀਵਰਸਿਟੀ ਫ਼ਰੀਦਾਬਾਦ (ਹਰਿਆਣਾ) ਦੇ ਡਾਕਟਰਾਂ ਵੱਲੋਂ ਲਾਲ ਕਿਲ੍ਹੇ ’ਤੇ ਹਮਲੇ ਦੀ ਯੋਜਨਾ ਸ਼ੁਰੂ ਹੋਈ ਸੀ। ਮੁਨੀਰ ਨੇ ਪਾਕਿਸਤਾਨ ਸੰਸਦ ਤੋਂ 27ਵਾਂ ਸੰਵਿਧਾਨਕ ਸੋਧ ਬਿੱਲ ਪਾਸ ਕਰਵਾਇਆ ਜੋ ਉਸ ਨੂੰ ਨਵੰਬਰ 2030 ਤੱਕ ਦਾ ਕਾਰਜਕਾਲ ਮੁਹੱਈਆ ਕਰਵਾਏਗਾ। ਇਸ ਤਰ੍ਹਾਂ ਮੁਨੀਰ ਪ੍ਰਵੇਜ਼ ਮੁਸ਼ੱਰਫ਼ ਜਾਂ ਜ਼ਿਆ-ਉਲ-ਹੱਕ ਵਾਂਗ ਮੁਲਕ ਦੇ ਸਿਆਸੀ ਕੰਟਰੋਲ ਨੂੰ ਹੱਥ ਵਿਚ ਲੈਣ ਤੋਂ ਬਿਨਾਂ ਹੀ ਕੰਮ ਕਰੇਗਾ। ਸੁਪਰੀਮ ਕੋਰਟ ਦੇ ਚੀਫ ਜੱਜ ਵੀ ਗੁਪਤ ਰੂਪ ’ਚ ਮੁਨੀਰ ਦੇ ਕੰਟਰੋਲ ’ਚ ਹੋਣਗੇ। ਹੁਣ ਉਹ ਸੰਵਿਧਾਨਕ ਮਾਮਲਿਆਂ ਦੀ ਸੁਣਵਾਈ ਕਰੇਗਾ ਅਤੇ ਇਸ ਵਿਚ ਸੁਪਰੀਮ ਕੋਰਟ ਦੇ ਅਧਿਕਾਰ ਕਮਜ਼ੋਰ ਹੋਣਗੇ। ਹੁਣ ਉਸ ਨੂੰ ਮੁਸ਼ੱਰਫ ਵਾਂਗ ਤਖ਼ਤਾ ਪਲਟ ਦੀ ਜ਼ਰੂਰਤ ਵੀ ਨਹੀਂ ਹੋਵੇਗੀ, ਕਿਉਂਕਿ ਉਸ ਕੋਲ ਅਸੀਮਤ ਸ਼ਕਤੀਆਂ ਹੋਣਗੀਆਂ। ਮੁਨੀਰ ਜਿੱਥੇ ਪਾਕਿਸਤਾਨ ਦੀ ਅਮਰੀਕਾ ਨਾਲ ਨਵੀਂ ਤੇ ਪੱਕੀ ਹੋ ਰਹੀ ਭਾਈਵਾਲੀ ਨੂੰ ਮਜ਼ਬੂਤ ਕਰ ਰਿਹਾ ਹੈ, ਉਥੇ ਉਹ ਬੀਜਿੰਗ ਦੇ ਉਸ ਉਦੇਸ਼ ਨੂੰ ਵੀ ਪੂਰਾ ਕਰ ਰਿਹਾ ਹੈ ਜਿਸ ਤਹਿਤ ਉਹ ਭਾਰਤ ਨੂੰ ਅੱਤਵਾਦੀ ਹਮਲਿਆਂ ਵਿਚ ਉਲਝਾਈ ਰੱਖਦਾ ਹੈ। ਯੂਨੁਸ ਦੀ ਅੰਤ੍ਰਿਮ ਸਰਕਾਰ ਦੇ ਤਹਿਤ ਬੰਗਲਾਦੇਸ਼ ਇਕ ਵਾਰ ਫਿਰ ਆਪਣੇ 1971 ਤੋਂ ਪਹਿਲਾਂ ਵਾਲੇ ਪੂਰਬੀ ਪਾਕਿਸਤਾਨ ਦੇ ਰੂਪ ਵਿਚ ਪਰਤਦਾ ਦਿਖਾਈ ਦੇ ਰਿਹਾ ਹੈ।

ਪਾਕਿਸਤਾਨ-ਬੰਗਲਾਦੇਸ਼ ਦੀ ਫ਼ੌਜੀ ਨੇੜਤਾ ਹੁਣ ਕਾਫ਼ੀ ਵਧ ਚੁੱਕੀ ਹੈ। ਭਾਰਤ ਨਾਲ ਕਿਸੇ ਵੀ ਸੰਘਰਸ਼ ਦੀ ਸਥਿਤੀ ਵਿਚ ਬੰਗਲਾਦੇਸ਼ ਮੂਕ ਦਰਸ਼ਕ ਨਹੀਂ ਹੋਵੇਗਾ। ਉਸ ਕੋਲ ਭਾਰਤ ਨੂੰ ਚੁਣੌਤੀ ਦੇ ਸਕਣ ਦੀ ਸਮਰੱਥਾ ਤਾਂ ਨਹੀਂ ਪਰ ਉਹ ਪਾਕਿਸਤਾਨ ਵੱਲੋਂ ਭੜਕਾਈ ਤੇ ਚੀਨ ਵੱਲੋਂ ਸੰਚਾਲਿਤ ਜੰਗ ਵਿਚ ਭਾਰਤ ਨੂੰ ਪੱਛਮ ਤੇ ਉੱਤਰੀ ਸੀਮਾ ਤੋਂ ਫ਼ੌਜ ਹਟਾ ਕੇ ਬੰਗਲਾਦੇਸ਼ ਸੀਮਾ ’ਤੇ ਤਾਇਨਾਤ ਕਰਨ ਲਈ ਮਜਬੂਰ ਕਰ ਸਕਦਾ ਹੈ। ਉਹ ਭਾਰਤ ਵਿਚ ਸਰਗਰਮ ਭਾਰਤ ਵਿਰੋਧੀ ਅਨਸਰਾਂ ਨੂੰ ਵੀ ਉਕਸਾਅ ਸਕਦਾ ਹੈ। ਖ਼ੈਰ ਚੀਨ, ਪਾਕਿ ਅਤੇ ਬੰਗਲਾਦੇਸ਼ ’ਚ ਨਜ਼ਦੀਕੀਆਂ ਭਾਰਤ ਲਈ ਬਿਨਾਂ ਸ਼ੱਕ ਚਿੰਤਾ ਦਾ ਵਿਸ਼ਾ ਹਨ।

# ਕੈਨੇਡਾ ਸਰਕਾਰ ਵੱਲੋਂ ਬਜ਼ੁਰਗਾਂ ਦੀ ਪੀ.ਆਰ. ’ਤੇ ਅਸਥਾਈ ਰੋਕ

ਕੈਨੇਡਾ ਸਰਕਾਰ ਨੇ ਆਪਣੇ ਵੀਜ਼ਾ ਨੇਮ ਸਖ਼ਤ ਕਰਦਿਆਂ ਬਜ਼ੁਰਗਾਂ (ਮਾਪਿਆਂ ਅਤੇ ਦਾਦਾ-ਦਾਦੀ) ਲਈ ਸਥਾਈ ਨਿਵਾਸ ਵੀਜ਼ਾ ’ਤੇ ਅਸਥਾਈ ਤੌਰ ’ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਫ਼ੈਸਲਾ ਖ਼ਾਸ ਕਰਕੇ ਉਨ੍ਹਾਂ ਪੰਜਾਬੀ ਪਰਿਵਾਰਾਂ ਨੂੰ ਅਸਰ ਅੰਦਾਜ਼ ਕਰੇਗਾ ਜੋ ਆਪਣੇ ਬਜ਼ੁਰਗਾਂ ਨੂੰ ਪੱਕੇ ਤੌਰ ’ਤੇ ਕੈਨੇਡਾ ਬੁਲਾਉਣਾ ਚਾਹੁੰਦੇ ਸਨ। ਇਸ ਤੋਂ ਇਲਾਵਾ ਕੈਨੇਡੀਅਨ ਸਰਕਾਰ ਨੇ ਆਪਣੇ ਦੇਖਭਾਲ ਕਰਨ ਵਾਲੇ ਪ੍ਰੋਗਰਾਮ ਨੂੰ ਵੀ ਮੁਅੱਤਲ ਕਰ ਦਿੱਤਾ ਹੈ। ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਨੇ ਸਿਰਫ਼ ਸੀਨੀਅਰ ਨਾਗਰਿਕਾਂ ਲਈ ਪੀਆਰ ਨੂੰ ਮੁਅੱਤਲ ਕੀਤਾ ਹੈ। ਉਨ੍ਹਾਂ ਦੀ ਕੈਨੇਡਾ ਯਾਤਰਾ ’ਤੇ ਕੋਈ ਪਾਬੰਦੀ ਨਹੀਂ ਹੈ। ਜੇਕਰ ਉਹ ਥੋੜ੍ਹੇ ਸਮੇਂ ਲਈ ਯਾਤਰਾ ਕਰਨਾ ਚਾਹੁੰਦੇ ਹਨ, ਤਾਂ ਅਜਿਹੇ ਵੀਜ਼ਿਆਂ ’ਤੇ ਕੋਈ ਪਾਬੰਦੀ ਨਹੀਂ ਹੋਵੇਗੀ। ਹਾਲਾਂਕਿ, ਉਨ੍ਹਾਂ ਕੋਲ ਅਜੇ ਵੀ ਸੁਪਰ ਵੀਜ਼ਾ ਦਾ ਵਿਕਲਪ ਹੋਵੇਗਾ, ਜੋ ਉਨ੍ਹਾਂ ਨੂੰ ਲਗਾਤਾਰ ਪੰਜ ਸਾਲਾਂ ਲਈ ਕੈਨੇਡਾ ਵਿੱਚ ਰਹਿਣ ਦੀ ਆਗਿਆ ਦਿੰਦਾ ਹੈ। ਕੈਨੇਡੀਅਨ ਸਰਕਾਰ ਨੇ ਦਸੰਬਰ 2025 ਵਿੱਚ ਕੇਅਰ ਗਿਵਰਜ਼ ਨਾਮ ਹੇਠ ਸ਼ੁਰੂ ਕੀਤੇ ਗਏ ‘ਹੋਮ ਕੇਅਰ ਵਰਕਰ’ ਪਾਇਲਟ ਪ੍ਰੋਗਰਾਮ ਨੂੰ ਅਗਲੇ ਨੋਟਿਸ ਤੱਕ ਮੁਅੱਤਲ ਕਰ ਦਿੱਤਾ ਹੈ। ਇਹ ਪ੍ਰੋਗਰਾਮ ਉਨ੍ਹਾਂ ਲੋਕਾਂ ਲਈ ਸੀ ਜੋ ਬਜ਼ੁਰਗਾਂ ਜਾਂ ਬੱਚਿਆਂ ਦੀ ਦੇਖਭਾਲ ਲਈ ਕੈਨੇਡਾ ਦੀ ਯਾਤਰਾ ਕਰਨਾ ਚਾਹੁੰਦੇ ਸਨ। ਥੋੜ੍ਹੇ ਸਮੇਂ ਲਈ ਜਾਣ ਵਾਲੇ ਸੈਲਾਨੀਆਂ ਜਾਂ ਰਿਸ਼ਤੇਦਾਰਾਂ ਲਈ ਪੁਰਾਣੇ ਵੀਜ਼ਾ ਨਿਯਮ ਲਾਗੂ ਰਹਿਣਗੇ। ਅੰਕੜਿਆਂ ਅਨੁਸਾਰ ਕੈਨੇਡਾ ਵਿੱਚ ਇਸ ਵੇਲੇ 65 ਸਾਲ ਤੋਂ ਵੱਧ ਉਮਰ ਦੇ ਲਗਪਗ 81 ਲੱਖ ਲੋਕ ਹਨ। ਹਰ ਸਾਲ ਲਗਪਗ 25,000 ਤੋਂ 30,000 ਬਜ਼ੁਰਗਾਂ ਨੂੰ ਪੀ ਆਰ ਮਿਲਦੀ ਸੀ, ਜਿਸ ਵਿੱਚ 6,000 ਦੇ ਕਰੀਬ ਪੰਜਾਬੀ ਹੁੰਦੇ ਸਨ। 2024 ਵਿੱਚ ਮਾਪਿਆਂ ਅਤੇ ਦਾਦਾ-ਦਾਦੀ ਪ੍ਰੋਗਰਾਮ (PGP) ਤਹਿਤ 27,330 ਪੀਆਰ ਵੀਜ਼ੇ ਦਿੱਤੇ ਗਏ ਸਨ। ਕੈਨੇਡੀਅਨ ਸਰਕਾਰ ਦਾ ਇਹ ਕਦਮ ਦੇਸ਼ ਦੇ ਸਿਹਤ ਢਾਂਚੇ ਅਤੇ ਰਿਹਾਇਸ਼ੀ ਸੰਕਟ ’ਤੇ ਪੈ ਰਹੇ ਵਾਧੂ ਬੋਝ ਨੂੰ ਘਟਾਉਣ ਦੀ ਕੋਸ਼ਿਸ਼ਾਂ ਵਜੋਂ ਦੇਖਿਆ ਜਾ ਰਿਹਾ ਹੈ।

ਉਧਰ ਕੈਨੇਡਾ ਵਿੱਚ ਰਹਿ ਰਹੇ ਪੰਜਾਬੀ ਭਾਈਚਾਰੇ ਦਾ ਕਹਿਣਾ ਹੈ ਕਿ ਮਾਪਿਆਂ ਤੋਂ ਬਿਨਾਂ ਪਰਿਵਾਰ ਅਧੂਰੇ ਹਨ। ਬੱਚਿਆਂ ਦੀ ਦੇਖਭਾਲ ਅਤੇ ਘਰੇਲੂ ਸਹਾਇਤਾ ਲਈ ਬਜ਼ੁਰਗਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਸਪਾਂਸਰਸ਼ਿਪ ’ਤੇ ਲੱਗੀ ਇਸ ਰੋਕ ਨੇ ਉਨ੍ਹਾਂ ਲੋਕਾਂ ਲਈ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਹਨ, ਜੋ ਲੰਬੇ ਸਮੇਂ ਤੋਂ ਆਪਣੇ ਮਾਪਿਆਂ ਨੂੰ ਪੱਕੇ ਤੌਰ ’ਤੇ ਬੁਲਾਉਣ ਦੀ ਤਿਆਰੀ ਕਰ ਰਹੇ ਸਨ।

ਇਮੀਗ੍ਰੇਸ਼ਨ ਮਾਹਿਰਾਂ ਅਨੁਸਾਰ, ਕੈਨੇਡਾ ਸਰਕਾਰ ਇਸ ਵੇਲੇ ਰਿਹਾਇਸ਼ੀ ਸੰਕਟ ਅਤੇ ਸਿਹਤ ਸਹੂਲਤਾਂ ’ਤੇ ਪੈ ਰਹੇ ਬੋਝ ਨੂੰ ਘਟਾਉਣ ਲਈ ਇਮੀਗ੍ਰੇਸ਼ਨ ਨਿਯਮਾਂ ਨੂੰ ਸਖ਼ਤ ਕਰ ਰਹੀ ਹੈ। ਆਉਣ ਵਾਲੇ ਦਿਨਾਂ ਵਿੱਚ ਸਪਾਂਸਰਸ਼ਿਪ ਦੀਆਂ ਸ਼ਰਤਾਂ (ਜਿਵੇਂ ਕਿ ਆਮਦਨ ਦਾ ਸਬੂਤ) ਹੋਰ ਵੀ ਸਖ਼ਤ ਕੀਤੀਆਂ ਜਾ ਸਕਦੀਆਂ ਹਨ।

## ‘ਪਰਦੇਸ ਟਾਇਮਜ਼’ ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਰਣਜੀਤ ਕੰਦੋਲਾ
(2) ਅਵਤਾਰ ਸਿੰਘ ਸਹੋਤਾ
(3) ਇੰਦਰਜੀਤ ਸਿੰਘ, ਹੇਵਰਡ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਡਾ. ਚਰਨਜੀਤ ਸਿੰਘ ਉਪਲ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਭੁਪਿੰਦਰ ਸਿੰਘ ਪਦਮ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਪ੍ਰੋ. ਜਸਪਾਲ ਸਿੰਘ ਸੈਣੀ
(18) ਜਸਵੀਰ ਸਿੰਘ ਤੱਖਰ
(19) ਸੁਖਵਿੰਦਰ ਭੇਲਾ
(20) ਰਵਿੰਦਰ ਪਾਲ
(21) ਅਟਾਰਨੀ ਤਨਵੀਰ ਜੋਸ਼ੀ
(22) ਰੋਜ਼ੀ ਕਮਲ ਕੌਰ
(23) ਦਵਿੰਦਰ ਸਿੰਘ ਪਾਬਲਾ

# ਕੀ ਸਿੰਧੂ ਘਾਟੀ ਦੀ ਸੱਭਿਅਤਾ ਸੋਕਿਆਂ ਕਰਕੇ ਖ਼ਤਮ ਹੋਈ?

ਸਿੰਧੂ ਘਾਟੀ ਦੀ ਸੱਭਿਅਤਾ ਕਿਵੇਂ ਅਤੇ ਕਦੋਂ ਖ਼ਤਮ ਹੋਈ ਇਸ ਬਾਰੇ ਹਮੇਸ਼ਾ ਹੀ ਭੇਤ ਬਣਿਆ ਰਿਹਾ ਹੈ ਜਿਸ ਨੂੰ ਜਾਨਣ ਲਈ ਸਮੇਂ-ਸਮੇਂ ਉੱਤੇ ਅਧਿਐਨ ਵੀ ਹੁੰਦੇ ਰਹੇ ਹਨ। ਇੱਕ ਤਾਜ਼ਾ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ 'ਹੜੱਪਾ ਦਾ ਪਤਨ ਕਿਸੇ ਇੱਕ ਵਿਨਾਸ਼ਕਾਰੀ ਘਟਨਾ ਕਾਰਨ ਨਹੀਂ, ਸਗੋਂ ਸਦੀਆਂ ਤੱਕ ਵਾਰ-ਵਾਰ ਅਤੇ ਲੰਮੇਂ ਸਮੇਂ ਤੱਕ ਚੱਲੇ ਦਰਿਆਈ ਸੋਕਿਆਂ ਕਾਰਨ ਹੋਇਆ ਹੈ।'

ਇਸ ਤੋਂ ਪਹਿਲਾਂ ਵੀ ਸਿੰਧੂ ਘਾਟੀ ਦੀ ਸੱਭਿਅਤਾ ਦੇ ਪਤਨ ਬਾਰੇ ਕਈ ਸਿਧਾਂਤ ਦਿੱਤੇ ਗਏ ਹਨ। ਇਹਨਾਂ ਵਿੱਚ ਕਿਹਾ ਗਿਆ ਹੈ ਕਿ ਇਹ ਸੱਭਿਅਤਾ ਯੁੱਧ ਕਾਰਨ ਤਬਾਹ ਹੋਈ, ਸੰਭਾਵਨਾ ਹੈ ਕਿ ਕੁਦਰਤੀ ਆਫ਼ਤਾਂ ਤੋਂ ਬਾਅਦ ਸ਼ਹਿਰ ਢਹਿ ਗਏ ਹੋਣ ਜਾਂ ਹੋ ਸਕਦਾ ਹੈ ਕਿ ਸਿੰਧੂ ਨਦੀ ਵਿੱਚ ਹੜ੍ਹ ਆ ਗਿਆ ਹੋਵੇ ਅਤੇ ਉਸਨੇ ਆਪਣੀ ਦਿਸ਼ਾ ਬਦਲ ਲਈ ਹੋਵੇ। ਇਸ ਦਾ ਨਾਲ ਹੀ ਇੱਕ ਇਹ ਵੀ ਸਿਧਾਂਤ ਹੈ ਕਿ ਉਸ ਸਮੇਂ ਇੱਕ ਹੋਰ ਦਰਿਆ ਯਾਨੀ ਘੱਗਰ ਸੁੱਕ ਗਿਆ ਸੀ ਜਿਸ ਕਾਰਨ ਇਸ ਦੇ ਨੇੜੇ ਵੱਸਣ ਵਾਲੇ ਲੋਕ ਉੱਜੜਨ ਲੱਗੇ। ਤਾਜ਼ਾ ਖੋਜ 'ਕਮਿਊਨੀਕੇਸ਼ਨਜ਼ ਅਰਥ ਐਂਡ ਐਨਵਾਇਰਨਮੈਂਟ' (ਨੇਚਰ ਪਬਲੀਕੇਸ਼ਨ ਜਰਨਲ) ਵਿੱਚ ਛਪੀ ਹੈ ਜੋ ਆਈ ਆਈ ਟੀ ਗਾਂਧੀਨਗਰ ਦੇ ਖੋਜਕਾਰਾਂ ਅਤੇ ਕੌਮਾਂਤਰੀ ਵਿਗਿਆਨੀਆਂ ਦੀ ਟੀਮ ਵੱਲੋਂ ਕੀਤੀ ਗਈ ਹੈ। ਇਹ ਅਧਿਐਨ 'ਰਿਵਰ ਡਰਾਊਟ ਫੋਰਸਿੰਗ ਆਫ਼ ਦਿ ਹੜੱਪਨ ਮੈਟਾਮੋਰਫ਼ੋਸਿਸ' ਸਿਰ-ਲੇਖ ਹੇਠ ਛਪਿਆ ਹੈ।



ਅਧਿਐਨ ਮੁਤਾਬਕ ਸਿੰਧੂ ਨਦੀ ਪ੍ਰਾਚੀਨ ਸਿੰਧੂ ਘਾਟੀ ਸੱਭਿਅਤਾ ਦੇ ਵਿਕਾਸ ਲਈ ਮੁੱਖ ਧੁਰਾ ਸੀ, ਜੋ ਖੇਤੀਬਾੜੀ, ਵਪਾਰ ਅਤੇ ਸੰਚਾਰ ਲਈ ਇੱਕ ਸਥਿਰ ਪਾਣੀ ਦਾ ਸਰੋਤ ਪ੍ਰਦਾਨ ਕਰਦੀ ਸੀ। ਇਹ ਸੱਭਿਅਤਾ ਸਿੰਧੂ ਨਦੀ ਅਤੇ ਇਸ ਦੀਆਂ ਸਹਾਇਕ ਨਦੀਆਂ ਦੇ ਆਲੇ-ਦੁਆਲੇ ਲਗਭਗ 5000 ਸਾਲ ਪਹਿਲਾਂ ਵਧੀ-ਫੁੱਲੀ ਅਤੇ ਸਮੇਂ ਦੇ ਨਾਲ ਵਿਕਸਤ ਹੋਈ।

ਹੜੱਪਾ ਕਾਲ (ਮੌਜੂਦਾ ਸਮੇਂ ਤੋਂ 4500-3900 ਸਾਲ ਪਹਿਲਾਂ) ਦੌਰਾਨ ਸਿੰਧੂ ਘਾਟੀ ਦੀ ਸੱਭਿਅਤਾ ਚੰਗੀ ਤਰ੍ਹਾਂ ਯੋਜਨਾਬੱਧ ਸ਼ਹਿਰਾਂ ਵਾਲੀ, ਪਾਣੀ ਦੇ ਚੰਗੇ ਪ੍ਰਬੰਧ ਦੀ ਵਿਵਸਥਾ ਅਤੇ ਲਿਖਣ ਦੀ ਵਧੀਆ ਕਲਾ ਲਈ ਜਾਣੀ ਜਾਂਦੀ ਸੀ। ਹਾਲਾਂਕਿ, 3900 ਸਾਲ ਪਹਿਲਾਂ ਹੜੱਪਾ ਸੱਭਿਅਤਾ ਦਾ ਪਤਨ ਸ਼ੁਰੂ ਹੋ ਗਿਆ ਅਤੇ ਇਹ ਅੰਤ ਵਿੱਚ ਢਹਿ ਗਈ। ਇਹ ਸੱਭਿਅਤਾ ਮੌਜੂਦਾ ਪਾਕਿਸਤਾਨ ਅਤੇ ਉੱਤਰ-ਪੱਛਮੀ ਭਾਰਤ ਵਿੱਚ ਪਾਈ ਜਾਂਦੀ ਸੀ। ਸ਼ੁਰੂਆਤੀ ਹੜੱਪਾ ਕਾਲ ਨੂੰ ਅਧਾਰ ਬਣ ਕੇ ਕੀਤੇ ਗਏ ਇਸ 11 ਪੰਨਿਆਂ ਦੇ ਤਾਜ਼ਾ ਅਧਿਐਨ ਦੇ ਮੁਤਾਬਕ ਸਿੰਧੂ ਘਾਟੀ ਦੀ ਸੱਭਿਅਤਾ ਨੇ ਚਾਰ ਵੱਡੇ ਸੋਕਿਆਂ ਦਾ ਸਾਹਮਣਾ ਕੀਤਾ।

ਖੋਜ ਪੇਪਰ ਅਨੁਸਾਰ, "ਅਸੀਂ ਚਾਰ ਗੰਭੀਰ ਸੋਕਿਆਂ ਨੂੰ ਪਛਾਣਿਆ ਹੈ ਜੋ ਹੜੱਪਾ ਦੇ ਸਿਖਰਲੇ ਅਤੇ ਪਿਛਲੇ ਕਾਲ ਦੌਰਾਨ ਪਏ।" "ਤਿੰਨ ਮੁੱਖ ਸੋਕੇ 4445-4358 ਸਾਲ ਪਹਿਲਾਂ, 4122-4021 ਪਹਿਲਾਂ ਅਤੇ 3826-3636 ਦੇ ਸਮੇਂ ਦੌਰਾਨ ਪਏ। ਚੌਥਾ ਸੋਕਾ 3531-3418 ਸਾਲ ਪਹਿਲਾਂ ਦੇ ਸਮੇਂ ਵਿੱਚ ਪਿਆ। ਤਿੰਨ ਸੋਕਿਆਂ ਨੇ 85 ਫ਼ੀਸਦੀ ਸੱਭਿਅਤਾ ਨੂੰ ਪ੍ਰਭਾਵਿਤ ਕੀਤਾ।" "ਗੰਭੀਰ ਸੋਕੇ ਯਾਨੀ ਦੂਜਾ ਅਤੇ ਤੀਜਾ ਕਰਮਵਾਰ ਲਗਭਗ 102 ਅਤੇ 164 ਸਾਲਾਂ ਤੱਕ ਰਹੇ।" "ਤੀਜੇ ਸੋਕੇ ਦੌਰਾਨ ਸਲਾਨਾ ਬਾਰਿਸ਼ ਵਿੱਚ 13 ਫ਼ੀਸਦ ਦੀ ਕਮੀ ਆਈ ਸੀ।"

ਵਾਤਾਵਰਣ ਦੇ ਪੱਖ ਤੋਂ ਕੀਤੇ ਗਈ ਇਸ ਖੋਜ ਦੇ ਮੁੱਖ ਲੇਖਕ ਹਿਰੇਨ ਸੋਲੰਕੀ ਕਹਿੰਦੇ ਹਨ, "ਇਸ ਤੋਂ ਪਹਿਲਾਂ ਵੀ ਬਹੁਤ ਸਾਰੇ ਅਧਿਐਨ ਹੋ ਚੁੱਕੇ ਹਨ। ਉਹ ਲੋਕ ਸਾਈਟ 'ਤੇ ਜਾਂਦੇ ਹਨ, ਉੱਥੋਂ ਡਾਟਾ ਇਕੱਠਾ ਕਰਦੇ ਹਨ। ਜਿਵੇਂ ਮਿੱਟੀ ਅਤੇ ਪੁਰਾਣੇ ਦਰੱਖਤਾਂ ਨੂੰ ਲੈਂਦੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਮੀਂਹ ਘੱਟ ਪਿਆ ਸੀ ਜਾਂ ਜ਼ਿਆਦਾ ਪਿਆ ਸੀ। ਇਸ ਤੋਂ ਗੁਣਾਤਮਕਤਾ ਦਾ ਪਤਾ ਲੱਗਦਾ ਹੈ ਪਰ ਅਸੀਂ ਪਤਾ ਕੀਤਾ ਕਿ ਉਸ ਸਮੇਂ ਕਿੰਨੇ ਫ਼ੀਸਦ ਘੱਟ ਬਾਰਿਸ਼ ਹੋਈ ਜਾਂ ਕਦੋਂ ਸੋਕੇ ਪਏ ਸੀ, ਉਸ ਦਾ ਕਿਹੜਾ ਸਮਾਂ ਸੀ।"

ਪੀਐੱਚਡੀ ਦੇ ਵਿਦਿਆਰਥੀ ਹਿਰੇਨ ਸੋਲੰਕੀ ਮੁਤਾਬਕ, "ਪਹਿਲਾਂ ਹੜੱਪਾ ਸੱਭਿਅਤਾ ਪੱਛਮੀ ਇਲਾਕੇ ਵਿੱਚ ਸੀ ਪਰ ਜਿਵੇਂ-ਜਿਵੇਂ ਸੋਕੇ ਪਏ ਤਾਂ ਸੱਭਿਅਤਾ ਸਿੰਧੂ ਨਦੀ ਦੇ ਨੇੜੇ ਆਈ। ਉਸ ਤੋਂ ਬਾਅਦ ਕੇਂਦਰੀ ਇਲਾਕੇ ਯਾਨਿ ਸਿੰਧੂ ਨਦੀ ਵਾਲੇ ਪਾਸੇ ਵੀ ਸੋਕੇ ਪਏ। ਇਸ ਤੋਂ ਬਾਅਦ ਲੋਕ ਇੱਕ ਤਾਂ ਸੌਰਾਸ਼ਟਰ (ਗੁਜਰਾਤ) ਗਏ ਅਤੇ ਦੂਜਾ ਹਿਮਾਲਿਆ ਹੇਠਲੇ ਇਲਾਕਿਆਂ ਵਿੱਚ ਗਏ, ਜਿੱਥੇ ਨਦੀਆਂ ਹੇਠਾਂ ਤੱਕ ਆਉਂਦੀਆਂ ਹਨ।"

ਖੋਜ ਪੱਤਰ ਦੇ ਸਹਾਇਕ ਲੇਖਕ ਪ੍ਰੋਫੈਸਰ ਵਿਮਲ ਮਿਸ਼ਰਾ ਕਹਿੰਦੇ ਹਨ, "ਜਿਵੇਂ ਇਸ ਤੋਂ ਪਹਿਲਾਂ ਕਈ ਥਿਊਰੀਆਂ ਹਨ ਕਿ ਸਿੰਧੂ ਘਾਟੀ ਦੀ ਸੱਭਿਅਤਾ ਇੱਕ ਦਮ ਢਹਿ ਗਈ ਪਰ ਅਸੀਂ ਇਸ ਖੋਜ ਵਿੱਚ ਦਿਖਾਇਆ ਹੈ ਕਿ ਇਹ ਗੱਲ ਨਹੀਂ ਸੀ ਸਗੋਂ ਸੋਕਿਆਂ ਦੀ ਕਈ ਸੌ ਸਾਲਾਂ ਤੱਕ ਇੱਕ ਲੜੀ ਚੱਲੀ ਸੀ। ਇਹ ਸੋਕੇ ਬਹੁਤ ਲੰਮੇ ਸਮੇਂ ਤੱਕ ਚੱਲੇ। ਔਸਤਨ ਇੱਕ ਸੋਕਾ 85 ਸਾਲ ਤੋਂ ਵੱਧ ਸਮੇਂ ਤੱਕ ਚੱਲਿਆ ਸੀ। ਹਾਲਾਂਕਿ ਕਈ ਔਸਤਨ 100 ਸਾਲ ਜਾਂ 120 ਸਾਲ ਵੀ ਚੱਲੇ।"

ਵਿਮਲ ਮਿਸ਼ਰਾ ਮੁਤਾਬਕ, "ਇਸ ਤੋਂ ਪਹਿਲਾਂ ਵਾਲੇ ਜ਼ਿਆਦਾਤਰ ਅਧਿਐਨ ਕੋਰਸ ਰੈਜ਼ੋਲੂਸ਼ਨ (ਘੱਟ-ਵਿਸਥਾਰ ਵਾਲਾ ਡਾਟਾ) ਅਤੇ ਗੁਫ਼ਾਵਾਂ ਦੇ ਨਿਰੀਖਣ ਵਗੈਰਾ ਦੀ ਸਟੱਡੀ ਦੇ ਅਧਾਰ ਉਪਰ ਸਨ ਪਰ ਅਸੀਂ ਪਹਿਲੀ ਵਾਰ ਨਦੀਆਂ ਦੇ ਵਹਿਣ ਦਾ ਅਧਿਐਨ ਕੀਤਾ ਹੈ। ਇਸ ਵਿੱਚ ਦੇਖਿਆ ਗਿਆ ਹੈ ਕਿ ਕਿਵੇਂ ਪਾਣੀ ਮਿਲਣ ਦੀਆਂ ਥਾਵਾਂ ਬਦਲੀਆਂ। ਇਸ ਦੇ ਨਾਲ ਹੀ ਪਰਵਾਸ ਨੂੰ ਵੀ ਜੋੜ ਕੇ ਦੇਖਿਆ ਗਿਆ।" ਸਿੰਧੂ ਘਾਟੀ ਦੀ ਸੱਭਿਅਤਾ ਬਾਰੇ ਇਹ ਖੋਜ ਵਾਤਾਵਰਣ ਦੇ ਪੱਖ ਤੋਂ ਕੀਤੀ ਗਈ ਹੈ। ਇਸ ਖੋਜ ਵਿੱਚ ਬਦਲਦੇ ਮੌਸਮੀ ਪਰਿਵਰਤਨ ਦੇ ਮਾਡਲ ਨੂੰ ਜਲ-ਵਿਗਿਆਨਕ ਮਾਡਲਿੰਗ ਨਾਲ ਜੋੜ ਕੇ ਦੇਖਿਆ ਗਿਆ ਹੈ।

ਵਿਗਿਆਨੀਆਂ ਨੇ ਪਾਇਆ ਹੈ ਕਿ ਲੰਮੇ ਸੋਕਿਆਂ ਦੌਰਾਨ ਇਲਾਕੇ ਦਾ ਤਾਪਮਾਨ ਲਗਭਗ 0.5°C ਵੱਧ ਗਿਆ, ਜਿਸ ਨਾਲ ਪਾਣੀ ਦੀ ਘਾਟ ਹੋਰ ਵੀ ਗੰਭੀਰ ਹੋ ਗਈ। ਹਿਰੇਨ ਸੋਲੰਕੀ ਮੁਤਾਬਕ, "ਅਸੀਂ ਦੇਖਿਆ ਕਿ ਉਸ ਸਮੇਂ ਤਾਪਮਾਨ ਵੱਧ ਗਿਆ ਸੀ। ਉਸ ਕਾਰਨ ਗਲੇਸ਼ੀਅਰ ਪਿਘਲ ਗਿਆ ਜਿਸ ਨਾਲ ਨਦੀਆਂ ਵਿੱਚ ਪਾਣੀ ਮਿਲਣਾ ਹੀ ਸੀ। ਇਸ ਤਰ੍ਹਾਂ ਪਾਣੀ ਮਿਲਣ ਕਾਰਨ ਲੋਕ ਹਿਮਾਲਿਆ ਵੱਲ ਚਲੇ ਗਏ। ਦੂਜੇ ਪਾਸੇ ਸੌਰਾਸ਼ਟਰ ਵਿੱਚ ਜਾਣ ਦਾ ਕਾਰਨ ਸੀ ਕਿ ਉੱਥੇ ਹੋਰਨਾਂ ਇਲਾਕਿਆਂ ਦੇ ਮੁਕਾਬਲੇ ਥੋੜ੍ਹੀ ਚੰਗੀ ਬਾਰਿਸ਼ ਸੀ। ਇਸ ਦੇ ਨਾਲ ਹੀ ਸੌਰਾਸ਼ਟਰ ਵਿੱਚ ਵਪਾਰ ਦਾ ਨੈਟਵਰਕ ਵੀ ਜੁੜਿਆ ਹੋਇਆ ਸੀ।" ਉਹ ਕਹਿੰਦੇ ਹਨ, "ਅਸੀਂ ਇਹ ਵੀ ਨਹੀਂ ਕਹਿੰਦੇ ਹਨ ਕਿ ਸਾਈਟ ਪੂਰੀ ਤਰ੍ਹਾਂ ਗਾਇਬ ਹੋ ਗਈ। ਪਰ ਲੋਕ ਵਾਤਾਰਵਣ ਤਬਦੀਲੀ ਦੇ ਅਨੁਕੂਲ ਹੋਣ ਲਈ ਇੱਕ ਥਾਂ ਤੋਂ ਦੂਜੀ ਥਾਂ ਜਾਣ ਲੱਗੇ।" ਅਧਿਐਨ ਮੁਤਾਬਕ ਮਾਨਸੂਨ ਦੀ ਕਮੀ ਅਤੇ ਦਰਿਆਵਾਂ ਦੇ ਵਹਾਅ ਵਿੱਚ ਘਾਟ ਕਾਰਨ ਖੇਤੀਬਾੜੀ ਬਹੁਤ ਪ੍ਰਭਾਵਿਤ ਹੋਈ। 'ਲੋਕਾਂ ਨੇ ਕਣਕ ਅਤੇ ਜੌਂ ਦੀਆਂ ਫ਼ਸਲਾਂ' ਤੋਂ ਹੋਰ ਫ਼ਸਲਾਂ ਵੱਲ ਰੁੱਖ ਕੀਤਾ। ਯਾਨਿ ਪਾਣੀ ਘੱਟ ਹੋਣ ਨਾਲ ਹੜੱਪਾ ਵਾਸੀਆਂ ਨੂੰ ਘੱਟ ਪਾਣੀ ਨਾਲ ਹੋਣ ਵਾਲੀਆਂ ਫਸਲਾਂ ਵੱਲ ਜਾਣਾ ਪਿਆ।


ਪ੍ਰੋਫੈਸਰ ਮਿਸ਼ਰਾ ਮੁਤਾਬਕ ਸਰਦੀਆਂ ਦੌਰਾਨ ਪੈਂਦੀਆਂ ਬਾਰਿਸ਼ਾਂ ਨੇ ਅਗਲੇਰੇ ਤੋਂ ਸਿਖਰਲੇ ਹੜੱਪਾ ਕਾਲ ਵਿੱਚ ਸੋਕੇ ਦੇ ਪ੍ਰਭਾਵ ਨੂੰ ਕਾਫ਼ੀ ਹੱਦ ਤੱਕ ਰੋਕੀ ਰੱਖਿਆ ਸੀ, ਪਰ ਪਿਛਲੇ ਹੜੱਪਾ ਕਾਲ ਵਿੱਚ ਸਰਦੀ ਦੇ ਮਾਨਸੂਨ ਦੀ ਕਮੀ ਨਾਲ ਕੇਂਦਰੀ ਇਲਾਕਿਆਂ ਵਿੱਚ ਖੇਤੀਬਾੜੀ ਲਈ ਆਖ਼ਰੀ ਸਹਾਰਾ ਵੀ ਖ਼ਤਮ ਹੋ ਗਿਆ। ਸੋਲੰਕੀ ਸਮਝਾਉਂਦੇ ਹਨ, "ਲੋਕਾਂ ਨੇ ਆਪਣੀ ਖੇਤੀ ਬਦਲਣੀ ਸ਼ੁਰੂ ਕਰ ਦਿੱਤੀ। ਉਹ ਬਾਜਰੇ ਦੀ ਖੇਤੀ ਵੱਲ ਗਏ। ਯਾਨਿ ਉਹ ਫ਼ਸਲਾਂ ਜੋ ਸੋਕੇ ਦਾ ਸਾਹਮਣੇ ਕਰ ਸਕਣ।" ਉਹ ਕਹਿੰਦੇ ਹਨ, "ਸ਼ੁਰੂਆਤੀ ਸੋਕਿਆਂ ਵਿੱਚ ਲੋਕਾਂ ਨੇ ਇਸ ਤਰ੍ਹਾਂ ਦੀ ਰਣਨੀਤੀ ਵਰਤੀ। ਪਰ ਜਦੋਂ ਸੋਕਾ ਜ਼ਿਆਦਾ ਪੈਣ ਲੱਗਾ ਅਤੇ ਪਾਣੀ ਘੱਟਣ ਲੱਗਾ ਤਾਂ ਇਹ ਸਾਈਟ ਵੱਡੇ ਤੋਂ ਛੋਟੇ-ਛੋਟੇ ਕਸਬਿਆਂ ਵਿੱਚ ਬਦਲਣ ਲੱਗੀ। ਯਾਨਿ ਲੋਕ ਹੋਰ ਛੋਟੀਆਂ-ਛੋਟੀਆਂ ਥਾਵਾਂ 'ਤੇ ਜਾ ਵਸੇ।"

ਸਿੰਧੂ ਘਾਟੀ ਦੇ ਸੱਭਿਅਤਾ ਆਪਣੇ ਸਮੇਂ ਦੀ ਚੰਗੀ ਯੋਜਨਾਬੰਦੀ ਲਈ ਜਾਣੀ ਜਾਂਦੀ ਹੈ। ਪਰ ਸੋਕਿਆਂ ਦੇ ਦੌਰ ਵਿੱਚ ਪ੍ਰਸਾਸ਼ਨ ਦਾ ਕੀ ਰੋਲ ਰਿਹਾ ਹੋਵੇਗਾ? ਇਸ ਬਾਰੇ ਸੋਲੰਕੀ ਕਹਿੰਦੇ ਹਨ, "ਸੋਕਾ ਸਾਰੀਆਂ ਥਾਵਾਂ 'ਤੇ ਪਿਆ ਸੀ ਪਰ ਜਿੱਥੇ ਸਿਸਟਮ ਚੰਗਾ ਸੀ, ਉੱਥੇ ਲੋਕ ਰਹਿ ਪਾਏ। ਪਰ ਜਦੋਂ ਤੀਜਾ ਅਤੇ ਚੌਥਾ ਸੋਕਾ ਪਿਆ ਤਾਂ ਲੋਕ ਇੱਕ ਥਾਂ ਤੋਂ ਦੂਜੀ ਥਾਂ ਜਾਣ ਲੱਗੇ।"

ਹਿਰੇਨ ਸੋਲੰਕੀ ਮੁਤਾਬਕ, "ਅਸੀਂ ਦੇਖਿਆ ਹੈ ਕਿ ਹੜੱਪਾ ਦੀ ਸੱਭਿਅਤਾ ਇੱਕ ਥਾਂ ਤੋਂ ਦੂਜੀ ਥਾਂ ਉੱਤੇ ਕਿਵੇਂ ਗਈ? ਇਸ ਦੇ ਢਹਿ ਜਾਣ ਜਾਂ ਖ਼ਤਮ ਹੋਣ ਦੇ ਕੀ ਕਾਰਨ ਸਨ? ਪਰ ਵਾਤਾਵਰਣ ਇਕੱਲਾ ਕਾਰਨ ਨਹੀਂ ਸੀ ਜਿਸ ਕਰਕੇ ਸੱਭਿਅਤਾ ਖ਼ਤਮ ਹੋਈ। ਉਸ ਨਾਲ ਹੋਰ ਵੀ ਬਹੁਤ ਸਾਰੇ ਕਾਰਨ ਸਨ ਕਿਉਂਕਿ ਸੋਕਾ ਤਾਂ ਵਿਚਕਾਰ ਵਾਲੇ ਸਾਲਾਂ ਵਿੱਚ ਵੀ ਪਿਆ ਸੀ।" ਸਾਊਥ ਏਸ਼ੀਆ ਨੈਟਵਰਕ ਆਨ ਡੈਮਜ਼, ਰਿਵਰਜ਼ ਐਂਡ ਪੀਪਲ ਦੇ ਕੁਆਰਡੀਨੇਟਰ ਹਿਮਾਂਸ਼ੂ ਠੱਕਰ ਕਹਿੰਦੇ ਹਨ, "ਇਹ ਖੋਜ ਕੁਦਰਤੀ ਵਰਤਾਰੇ ਬਾਰੇ ਗੱਲ ਕਰਦੀ ਹੈ ਜਿਸ ਵਿੱਚ ਚਾਰ ਸੋਕੇ ਕਈ ਕਈ-ਕਈ ਦਹਾਕਿਆਂ ਵਿੱਚ ਪਏ ਸਨ।" ਹਿਮਾਂਸ਼ੂ ਠੱਕਰ ਅੱਗੇ ਕਹਿੰਦੇ ਹਨ, "ਅੱਜ ਸਾਡਾ ਧਰਤੀ ਹੇਠਲਾ ਪਾਣੀ, ਨਦੀਆਂ ਅਤੇ ਜੰਗਲ ਤੇਜੀ ਨਾਲ ਬਰਬਾਦ ਕੀਤੇ ਜਾ ਰਹੇ ਹਨ। ਉਸ ਸਮੇਂ ਜੋ ਵਾਪਰਿਆ ਉਹ ਕੁਦਰਤੀ ਸੀ ਪਰ ਜੋ ਅੱਜ ਹੋ ਰਿਹਾ ਹੈ, ਉਹ ਮਨੁੱਖ ਵੱਲੋਂ ਪੈਦਾ ਕੀਤੀ ਸਥਿਤੀ ਹੈ। ਇਹ ਜ਼ਿਆਦਾ ਖ਼ਤਰਨਾਕ ਹੈ।"

# ਧਰਤੀ ਦੀ ਡੂੰਘਾਈ ਤੱਕ ਮਨੁੱਖ ਦੀ ਪਹੁੰਚ

ਸਾਡੇ ਗ੍ਰਹਿ ਦੇ ਗਰਭ ਵਿੱਚ ਕੀ ਹੋ ਸਕਦਾ ਹੈ, ਇਸ ਬਾਰੇ ਕਈ ਫ਼ਿਲਮਾਂ, ਕਿਤਾਬਾਂ ਅਤੇ ਟੀਵੀ ਸ਼ੋਅ ਬਣ ਚੁੱਕੇ ਹਨ। ਪੂਰਵ-ਇਤਿਹਾਸਕ ਜੀਵਾਂ ਨਾਲ ਭਰੀਆਂ ਜ਼ਮੀਨ ਦੇ ਅੰਦਰ ਦੀਆਂ ਦੁਨੀਆਵਾਂ ਤੋਂ ਲੈ ਕੇ ਮਨੁੱਖੀ ਸੱਭਿਅਤਾਵਾਂ ਤੱਕ, ਇਹ ਕਹਾਣੀਆਂ ਜਿੰਨੀਆਂ ਦਿਲਚਸਪ ਹਨ, ਉਨੀਆਂ ਹੀ ਡਰਾਉਣੀਆਂ ਵੀ ਹਨ। ਭਾਵੇਂ ਅਸੀਂ ਪੂਰੀ ਡੂੰਘਾਈ ਤੱਕ ਨਹੀਂ ਗਏ ਸਾਡੇ ਪੈਰਾਂ ਹੇਠ ਕੀ ਹੈ, ਇਸ ਬਾਰੇ ਅਸੀਂ ਬਹੁਤ ਕੁਝ ਜਾਣਦੇ ਹਾਂ। ਲੇਕਿਨ ਇਹ ਜਾਣਕਾਰੀ ਇਨ੍ਹਾਂ ਕਹਾਣੀਆਂ ਤੋਂ ਬਹੁਤ ਵੱਖਰੀ ਹੈ। ਆਖਰ ਫਿਰ ਅਸੀਂ ਕਿੰਨੀ ਡੂੰਘਾਈ ਤੱਕ ਜਾਣ ਵਿੱਚ ਕਾਮਯਾਬ ਹੋਏ ਹਾਂ? ਅਤੇ ਸਾਨੂੰ ਕਿਵੇਂ ਪਤਾ ਲੱਗਦਾ ਹੈ ਕਿ ਧਰਤੀ ਦੇ ਅੰਦਰ ਕੀ ਹੈ?



## ਧਰਤੀ ਦੀਆਂ ਪਰਤਾਂ

ਧਰਤੀ ਦੇ ਅੰਦਰ ਮੁੱਖ ਤੌਰ 'ਤੇ ਚਾਰ ਪਰਤਾਂ ਹਨ। ਯੂਨੀਵਰਸਿਟੀ ਕਾਲਜ ਲੰਡਨ ਦੀ ਭੂਚਾਲ ਵਿਗਿਆਨੀ ਪ੍ਰੋਫੈਸਰ ਐਨਾ ਫਰੇਰਾ ਅਨੁਸਾਰ, ਇਹਨਾਂ ਵਿੱਚੋਂ ਹਰ ਇੱਕ ਪਰਤ ਵਿਲੱਖਣ ਹੈ। ਉਨ੍ਹਾਂ ਨੇ ਦੱਸਿਆ, "ਸਭ ਤੋਂ ਉੱਪਰ ਪੇਪੜੀ (ਕਰਸਟ) ਹੈ, ਜੋ ਕਿ ਇੱਕ ਪਤਲੀ ਅਤੇ ਬਹੁਤ ਹੀ ਭੁਰਭੁਰੀ ਪਰਤ ਹੈ ਜਿੱਥੇ ਅਸੀਂ ਸਾਰੇ ਰਹਿੰਦੇ ਹਾਂ।" ਧਰਤੀ ਦੀ ਪੇਪੜੀ ਸਮੁੰਦਰ ਦੇ ਹੇਠਾਂ ਪਤਲੀ ਹੁੰਦੀ ਹੈ, ਪਰ ਮਹਾਂਦੀਪਾਂ ਦੇ ਹੇਠਾਂ ਇਹ 70 ਕਿਲੋਮੀਟਰ ਤੱਕ ਮੋਟੀ ਹੋ ਸਕਦੀ ਹੈ। ਉਸ ਦੇ ਹੇਠਾਂ ਮੈਂਟਲ ਹੈ - ਜੋ ਲਗਭਗ 3,000 ਕਿਲੋਮੀਟਰ ਮੋਟਾ ਹੈ ਅਤੇ ਮੈਗਮਾ ਨਾਮਕ ਚੱਟਾਨ ਤੋਂ ਬਣਿਆ ਹੈ, ਜੋ ਮਨੁੱਖੀ ਸਮੇਂ ਦੇ ਪੈਮਾਨੇ 'ਤੇ ਠੋਸ ਦਿਖਾਈ ਦਿੰਦਾ ਹੈ। ਫਰੇਰਾ ਨੇ ਕਿਹਾ, "ਪਰ ਲੱਖਾਂ ਸਾਲਾਂ ਤੋਂ ਇਹ ਅਸਲ ਵਿੱਚ ਵਹਿ ਰਿਹਾ ਹੈ।"

ਫਿਰ ਬਾਹਰੀ ਕੋਰ ਆਉਂਦਾ ਹੈ, ਜੋ ਜ਼ਿਆਦਾਤਰ ਤਰਲ ਲੋਹੇ ਅਤੇ ਨਿਕਲ ਦਾ ਬਣਿਆ ਹੈ, ਜੋ ਧਰਤੀ ਦਾ ਚੁੰਬਕੀ ਖੇਤਰ ਪੈਦਾ ਕਰਦਾ ਹੈ। ਅੰਦਰੂਨੀ ਕੋਰ ਠੋਸ ਲੋਹੇ ਅਤੇ ਨਿਕਲ ਦਾ ਬਣਿਆ ਹੁੰਦਾ ਹੈ, ਅਤੇ ਇਹ ਧਰਤੀ ਦਾ ਸਭ ਤੋਂ ਗਰਮ ਹਿੱਸਾ ਹੈ, ਜਿੱਥੇ ਤਾਪਮਾਨ 5,500 ਡਿਗਰੀ ਸੈਲਸੀਅਸ ਤੱਕ ਪਹੁੰਚ ਜਾਂਦਾ ਹੈ। ਮਨੁੱਖ ਧਰਤੀ ਦੀ ਪੇਪੜੀ ਵਿੱਚ ਜਿੰਨੀ ਵੱਧ ਤੋਂ ਵੱਧ ਡੂੰਘਾਈ ਤੱਕ ਗਿਆ ਹੈ, ਉਹ ਦੱਖਣੀ ਅਫ਼ਰੀਕਾ ਦੀ ਮਪੋਨੈਂਗ ਸੋਨੇ ਦੀ ਖਾਨ ਹੈ, ਜੋ ਜੋਹਾਨਸਬਰਗ ਦੇ ਦੱਖਣ-ਪੱਛਮ ਵਿੱਚ ਲਗਭਗ 75 ਕਿਲੋਮੀਟਰ ਦੂਰ ਹੈ। ਇਹ ਸਤ੍ਹਾ ਤੋਂ 4 ਕਿਲੋਮੀਟਰ ਹੇਠਾਂ ਤੱਕ ਗਈ ਹੋਈ ਹੈ। ਭਾਵੇਂ ਕੋਈ ਮਨੁੱਖ ਸਰੀਰਕ ਤੌਰ 'ਤੇ ਇਸ ਤੋਂ ਵੱਧ ਡੂੰਘਾ ਨਹੀਂ ਗਿਆ ਪਰ ਅਸੀਂ ਹੋਰ ਵੀ ਅੱਗੇ ਜਾਣ ਲਈ ਡਰਿੱਲਾਂ ਦੀ ਵਰਤੋਂ ਕੀਤੀ ਹੈ।

ਮਨੁੱਖ ਦੁਆਰਾ ਬਣਾਇਆ ਗਿਆ ਸਭ ਤੋਂ ਡੂੰਘਾ ਸੁਰਾਖ 'ਕੋਲਾ ਸੁਪਰਡੀਪ ਬੋਰਹੋਲ' ਹੈ, ਜੋ ਉੱਤਰੀ ਰੂਸ ਵਿੱਚ ਸੋਵੀਅਤ ਸੰਘ ਦੁਆਰਾ ਪੁੱਟਿਆ ਗਿਆ ਸੀ, ਅਤੇ ਲਗਭਗ 20 ਸਾਲਾਂ ਦੀ ਖੁਦਾਈ ਤੋਂ ਬਾਅਦ 1992 ਵਿੱਚ ਪੂਰਾ ਹੋਇਆ ਸੀ। ਇਹ ਜ਼ਮੀਨ ਵਿੱਚ 12.2 ਕਿਲੋਮੀਟਰ ਤੱਕ ਅੰਦਰ ਹੈ। ਇਹ ਨਿਊਯਾਰਕ ਦੀਆਂ 27 ਅੰਪਾਇਰ ਸਟੇਟ ਬਿਲਡਿੰਗਾਂ ਨੂੰ ਇੱਕ ਦੇ ਉੱਪਰ ਇੱਕ ਰੱਖਣ ਦੇ ਬਰਾਬਰ ਹੈ। ਫਿਰ ਵੀ, ਉਸ ਥਾਂ 'ਤੇ ਇਹ ਧਰਤੀ ਦੀ ਪੇਪੜੀ ਦੇ ਕੁੱਲ ਰਸਤੇ ਦਾ ਸਿਰਫ ਇੱਕ ਤਿਹਾਈ ਹਿੱਸਾ ਹੀ ਹੈ। ਧਰਤੀ ਦੀ ਪੇਪੜੀ ਵਿੱਚ ਡੂੰਘੀ ਖੁਦਾਈ ਕਰਨਾ ਕਈ ਕਾਰਨਾਂ ਕਰਕੇ ਬਹੁਤ ਮੁਸ਼ਕਲ ਹੈ। ਤੁਸੀਂ ਧਰਤੀ ਦੇ ਜਿੰਨਾ ਡੂੰਘੇ ਜਾ ਗੇ, ਇਹ ਉਨਾ ਹੀ ਗਰਮ ਹੁੰਦਾ ਜਾਵੇਗਾ। ਬਰਤਾਨਵੀ ਭੂ-ਵਿਗਿਆਨੀ ਪ੍ਰੋਫੈਸਰ ਕ੍ਰਿਸ ਜੈਕਸਨ ਅਨੁਸਾਰ, ਜਿਸ ਦਰ ਨਾਲ ਤਾਪਮਾਨ ਵਧਦਾ ਹੈ ਉਸਨੂੰ 'ਜੀਓਥਰਮਲ ਗਰੇਡੀਐਂਟ' ਕਿਹਾ ਜਾਂਦਾ ਹੈ, ਅਤੇ ਮਹਾਂਦੀਪੀ ਪੇਪੜੀ ਲਈ ਇਹ ਔਸਤਨ 25-32 ਡਿਗਰੀ ਸੈਲਸੀਅਸ ਪ੍ਰਤੀ ਕਿਲੋਮੀਟਰ ਹੈ। ਧਰਤੀ ਦੇ ਅੰਦਰ ਮੌਜੂਦ ਬਹੁਤ ਜ਼ਿਆਦਾ ਦਬਾਅ ਇਸ ਕੰਮ ਵਿੱਚ ਇੱਕ ਹੋਰ ਚੁਣੌਤੀ ਪੈਦਾ ਕਰਦਾ ਹੈ। ਜੈਕਸਨ ਨੇ ਕਿਹਾ ਕਿ ਕਿਸੇ ਬੋਰਹੋਲ ਨੂੰ ਖੁੱਲ੍ਹਾ ਰੱਖਣ ਲਈ ਇਸ ਦਬਾਅ ਦਾ ਟਾਕਰਾ ਕਰਨਾ "ਇੱਕ ਬਹੁਤ ਹੀ ਮੁਸ਼ਕਲ ਕੰਮ" ਹੈ।

## ਧਰਤੀ ਦੀ ਸਕੈਨਿੰਗ

ਇਸ ਲਈ ਜੇਕਰ ਅਸੀਂ ਸਤ੍ਹਾ ਤੋਂ ਬਹੁਤ ਜ਼ਿਆਦਾ ਅੱਗੇ ਨਹੀਂ ਜਾ ਸਕਦੇ, ਤਾਂ ਅਸੀਂ ਧਰਤੀ ਦੇ ਬਾਕੀ ਅੰਦਰੂਨੀ ਹਿੱਸੇ ਦਾ ਅਧਿਐਨ ਕਿਵੇਂ ਕਰਦੇ ਹਾਂ? ਜਵਾਬ ਦਿਲਚਸਪ ਹੈ - ਭੂਚਾਲ ਦੀਆਂ ਲਹਿਰਾਂ (ਸੀਸਮਿਕ ਵੇਵਜ਼) ਦੇ ਨਾਲ। ਇਹ ਭੂਚਾਲਾਂ ਦੁਆਰਾ ਪੈਦਾ ਹੋਈਆਂ ਕੰਪਨਾਂ ਹਨ ਜੋ ਧਰਤੀ ਦੇ ਵਿੱਚੋਂ ਦੀ ਲੰਘਦੀਆਂ ਹਨ। ਜਦੋਂ ਇਹ ਵੱਖ-ਵੱਖ ਪਦਾਰਥਾਂ ਵਿੱਚੋਂ ਲੰਘਦੀਆਂ ਹਨ, ਤਾਂ ਇਹ ਵੱਖ-ਵੱਖ ਵਿਸ਼ੇਸ਼ਤਾਵਾਂ ਧਾਰਨ ਕਰ ਲੈਂਦੀਆਂ ਹਨ, ਜਿਨ੍ਹਾਂ ਨੂੰ ਸੀਸਮੋਮੀਟਰਾਂ ਦੁਆਰਾ ਮਾਪਿਆ ਜਾ ਸਕਦਾ ਹੈ। ਫਰੇਰਾ ਨੇ ਕਿਹਾ, "ਅਸੀਂ ਬਹੁਤ ਸਾਰੇ ਉੱਨਤ ਡੇਟਾ ਵਿਸ਼ਲੇਸ਼ਣ ਕਰਦੇ ਹਾਂ, ਅਸੀਂ ਮਾਡਲਿੰਗ ਵੀ ਕਰਦੇ ਹਾਂ, ਤਾਂ ਜੋ ਉਨ੍ਹਾਂ ਰਿਕਾਰਡਿੰਗਾਂ ਨੂੰ ਧਰਤੀ ਦੇ ਅੰਦਰੂਨੀ ਹਿੱਸੇ ਦੀਆਂ ਤਸਵੀਰਾਂ ਵਿੱਚ ਬਦਲਿਆ ਜਾ ਸਕੇ।" ਜੈਕਸਨ ਨੇ ਇਨ੍ਹਾਂ ਤਸਵੀਰਾਂ ਨੂੰ "ਧਰਤੀ ਦੇ ਸੀਟੀ ਸਕੈਨ" ਵਾਂਗ ਦੱਸਿਆ।

ਦੋਵੇਂ ਮਾਹਰ ਇਸ ਗੱਲ 'ਤੇ ਸਹਿਮਤ ਸਨ ਕਿ ਧਰਤੀ ਦੀਆਂ ਪਰਤਾਂ ਦਾ ਅਧਿਐਨ ਕਰਨਾ ਸਾਨੂੰ ਸਾਡੀ ਦੁਨੀਆ ਬਾਰੇ ਬਹੁਤ ਸਾਰੀਆਂ ਚੀਜ਼ਾਂ ਸਮਝਣ ਵਿੱਚ ਮਦਦ ਕਰ ਸਕਦਾ ਹੈ - ਜਿਵੇਂ ਕਿ ਭੂਚਾਲਾਂ ਅਤੇ ਜਵਾਲਾਮੁਖੀ ਦੇ ਪਿੱਛੇ ਦੀ ਪ੍ਰਕਿਰਿਆ ਅਤੇ ਪਹਾੜ ਕਿਵੇਂ ਬਣਦੇ ਹਨ। ਫਰੇਰਾ ਨੇ ਕਿਹਾ, "ਅੰਤ ਵਿੱਚ ਤੁਹਾਨੂੰ ਇਹ ਸਮਝਣ ਦੀ ਬਹੁਤ ਲੋੜ ਹੈ ਕਿ ਮੈਂਟਲ ਕਿਵੇਂ ਕੰਮ ਕਰਦਾ ਹੈ।" ਇਸ ਬਾਰੇ ਸਿੱਖਣ ਦੇ ਹੋਰ ਵੀ ਫਾਇਦੇ ਹੋ ਸਕਦੇ ਹਨ, ਜਿਵੇਂ ਕਿ ਸਾਨੂੰ ਭੂ-ਤਾਪ ਊਰਜਾ (ਜੀਓਥਰਮਲ ਐਨਰਜੀ) ਦੀ ਸੰਭਾਵਨਾ ਨੂੰ ਸਮਝਣ ਵਿੱਚ ਮਦਦ ਕਰ ਸਕਦਾ ਹੈ।

ਜੋ ਧਰਤੀ ਦੇ ਅੰਦਰਲੀ ਗਰਮੀ ਦੀ ਵਰਤੋਂ ਹੈ ਅਤੇ ਨਵਿਆਉਣਯੋਗ ਊਰਜਾ ਦਾ ਇੱਕ ਰੂਪ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਖੋਜ ਦਾ ਇਹ ਖੇਤਰ ਕਈ ਵਾਰ ਜ਼ਿਆਦਾ ਖੋਜ-ਭਰਪੂਰ ਹੁੰਦਾ ਹੈ। ਇਹ ਸਾਨੂੰ ਇਹ ਸਮਝਣ ਵਿੱਚ ਮਦਦ ਕਰ ਸਕਦਾ ਹੈ ਕਿ ਸਮੇਂ ਦੇ ਨਾਲ ਧਰਤੀ ਕਿਵੇਂ ਵਿਕਸਿਤ ਹੋਈ, ਅਤੇ ਸ਼ਾਇਦ ਇਸ ਸਮਝ ਨੂੰ ਹੋਰ ਦੂਰ-ਦੁਰਾਡੇ ਦੇ ਗ੍ਰਹਿਆਂ 'ਤੇ ਵੀ ਲਾਗੂ ਕੀਤਾ ਜਾ ਸਕੇ। ਉਨ੍ਹਾਂ ਨੇ ਪੁੱਛਿਆ,"ਕੀ ਅਸੀਂ ਫਿਰ ਇਸ ਸਮਝ ਦੀ ਵਰਤੋਂ ਦੂਜੇ ਗ੍ਰਹਿਆਂ ਨੂੰ ਸਮਝਣ ਲਈ ਕਰ ਸਕਦੇ ਹਾਂ?"


| Traditional IRA | Roth IRA |
|---|---|
| Contributions may be tax deductible | Contributions are not tax deductible |
| Funded with pre tax dollars | Funded with after tax dollars |
| Grows tax deferred | Grows tax free |
| Withdrawals are taxable in retirement | Qualified withdrawals are tax free |
| Required distributions start at age 73 | No required distributions during lifetime |
| Best when future tax rate is expected to be lower | Best when future tax rate is expected to be higher |

**Advisor's Perspective**

Traditional IRAs represent the time tested approach of deferring taxes. Roth IRAs reflect forward planning by locking in tax free income. When combined thoughtfully, they provide balance, control, and long term stability.

**Raj Budwal,**
**Investment Advisor**
**Cell 408-835-0202**



# ਸੋਨਾ ਉਗਲਣ ਵਾਲੀ ਨਦੀ ਕਿਨਾਰੇ ਰਹਿੰਦੇ ਲੋਕਾਂ ਦੇ ਹੱਥ ਖਾਲੀ ਦੇ ਖਾਲੀ



"ਮੈਂ ਕਦੇ ਆਪਣੇ ਹੱਥਾਂ ਨਾਲ ਸਿੰਧੂ ਨਦੀ ਦੇ ਕੰਢਿਆਂ ਉੱਤੇ ਸੋਨਾ ਭਾਲਿਆ ਕਰਦਾ ਸੀ। ਜਿਸ ਦਿਨ ਕੰਮ ਚੰਗਾ ਹੁੰਦਾ ਸੀ, ਉਸ ਦਿਨ ਲਗਭਗ ਇੱਕ ਗ੍ਰਾਮ ਤੱਕ ਸੋਨਾ ਮਿਲ ਜਾਂਦਾ ਹੁੰਦਾ ਸੀ। ਪਰਿਵਾਰ ਦੀ ਰੋਜ਼ੀ ਰੋਟੀ ਆਸਾਨੀ ਨਾਲ ਚੱਲ ਜਾਂਦੀ ਸੀ, ਪਰ ਫਿਰ ਕੁਝ ਸਾਲ ਪਹਿਲਾਂ ਸਾਡੇ ਇਲਾਕੇ ਵਿੱਚ ਸੋਨਾ ਕੱਢਣ ਦਾ ਇਹੀ ਕੰਮ ਮਸ਼ੀਨਾਂ ਜ਼ਰੀਏ ਹੋਣ ਲੱਗਾ।"

"ਹੁਣ ਮੈਨੂੰ ਲੱਗਦਾ ਹੈ ਕਿ ਸਦੀਆਂ ਤੋਂ ਨਦੀ ਦੇ ਪਾਣੀ ਤੋਂ ਹੱਥਾਂ ਦੀ ਮਦਦ ਨਾਲ ਸੋਨਾ ਕੱਢਣ ਵਾਲੇ ਪ੍ਰਾਚੀਨ ਕਬੀਲਿਆਂ ਲਈ ਥਾਂ ਨਹੀਂ ਬਚੀ ਹੈ। ਹੁਣ ਮੈਂ ਮਸ਼ੀਨ ਵਾਲਿਆਂ ਦੇ ਕੋਲ ਦਿਹਾੜੀ ਉੱਤੇ ਕੰਮ ਕਰਦਾ ਹਾਂ, ਜੋ ਕਦੇ ਮਿਲਦੀ ਹੈ ਅਤੇ ਕਦੇ ਨਹੀਂ।" ਇਹ ਕਹਿਣਾ ਹੈ ਪਾਕਿਸਤਾਨ ਸ਼ਾਸਿਤ ਗਿਲਗਿਤ-ਬਲਾਟਿਸਤਾਨ ਦੇ ਜ਼ਿਲ੍ਹਾ ਦਿਆਮੀਰ ਦੇ ਹਬੀਬਉੱਲ੍ਹਾ ਦਾ।

35 ਸਾਲਾ ਹਬੀਬਉੱਲ੍ਹਾ ਦੇ ਅਨੁਸਾਰ, ਉਨ੍ਹਾਂ ਨੇ ਆਪਣੇ ਪੁਰਖਿਆਂ ਤੋਂ ਨਦੀ ਦੇ ਪਾਣੀ ਵਿੱਚੋਂ ਸੋਨਾ ਕੱਢਣ ਦੀ ਕਲਾ ਸਿੱਖੀ ਸੀ ਅਤੇ ਇਹੀ ਇੱਕੋ-ਇੱਕ ਤਰੀਕਾ ਹੈ ਜਿਸ ਨਾਲ ਉਨ੍ਹਾਂ ਦੇ ਕਬੀਲੇ ਦੇ ਜ਼ਿਆਦਾਤਰ ਲੋਕ, ਜਿਸ ਵਿੱਚ ਉਹ ਵੀ ਸ਼ਾਮਲ ਹੈ, ਰੋਜ਼ੀ-ਰੋਟੀ ਕਮਾਉਂਦੇ ਹਨ। ਉਹ ਕਹਿੰਦੇ ਹਨ ਕਿ ਕੁਝ ਸਥਾਨਕ ਲੋਕ ਜੋ ਪਹਿਲਾਂ ਇਹ ਕੰਮ ਹੱਥੀਂ ਕਰਦੇ ਸਨ, ਹੁਣ ਉਨ੍ਹਾਂ ਕੋਲ ਆਪਣੀ ਜ਼ਮੀਨ ਹੈ, ਇਸ ਲਈ ਉਨ੍ਹਾਂ ਨੇ ਹੁਣ ਉਸੇ ਜ਼ਮੀਨ 'ਤੇ ਮਸ਼ੀਨਾਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਇਹ ਮਸ਼ੀਨਾਂ ਕਿਰਾਏ 'ਤੇ ਵੀ ਮਿਲ ਜਾਂਦੀਆਂ ਹਨ, ਜਦੋਂ ਕਿ ਕੁਝ ਅਜਿਹੇ ਵੀ ਹਨ, ਜਿਨ੍ਹਾਂ ਦਾ ਇਤਿਹਾਸਕ ਤੌਰ ਉੱਤੇ ਇਸ ਪੇਸ਼ੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਪਰ ਉਨ੍ਹਾਂ ਕੋਲ ਆਪਣੀ ਜ਼ਮੀਨ ਸੀ, ਇਸ ਲਈ ਉਨ੍ਹਾਂ ਨੇ ਸੋਨਾ ਕੱਢਣ ਵਾਲਿਆਂ ਅਤੇ ਮਸ਼ੀਨਾਂ ਦੇ ਮਾਲਕਾਂ ਨਾਲ ਸਾਂਝੇਦਾਰੀ ਕਰ ਲਈ ਅਤੇ ਇਸ ਕੰਮ ਵਿੱਚ ਸ਼ਾਮਲ ਹੋ ਗਏ। ਹਬੀਬ ਸ਼ਿਕਾਇਤ ਕਰਦੇ ਹਨ ਕਿ ਇਸ ਸਭ ਦੇ ਵਿਚਕਾਰ, "ਪਿਸ ਗਏ ਉਹ ਕਬੀਲੇ ਜੋ ਸਾਲਾਂ ਤੋਂ ਇਹ ਕੰਮ ਹੱਥੀਂ ਕਰ ਰਹੇ ਸਨ, ਪਰ ਜਿਨ੍ਹਾਂ ਕੋਲ ਨਾ ਤਾਂ ਵੱਡੀਆਂ ਮਸ਼ੀਨਾਂ ਖਰੀਦਣ ਦਾ ਸਾਧਨ ਸੀ ਅਤੇ ਨਾ ਹੀ ਜ਼ਮੀਨ ਦੇ ਮਾਲਕ ਸਨ।" ਆਜ਼ਮ ਖ਼ਾਨ ਮਸ਼ਹੂਰ ਸੈਲਾਨੀ ਇਲਾਕੇ ਬਾਬੂਸਪ ਟੌਪ ਦੇ ਰਹਿਣ ਵਾਲੇ ਹਨ। ਉਹ ਕਹਿੰਦੇ ਹਨ, "ਮੈਂ ਇਹ ਪਹਿਲਾਂ ਕੰਮ ਹੱਥੀਂ ਕਰਦਾ ਸੀ, ਪਰ ਕਿਉਂਕਿ ਮੇਰੇ ਕਬੀਲੇ ਕੋਲ ਆਪਣੀ ਜ਼ਮੀਨ ਸੀ, ਇਸ ਲਈ ਅਸੀਂ ਮਸ਼ੀਨ ਆਪਰੇਟਰਾਂ ਨਾਲ ਸਾਂਝੇਦਾਰੀ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ।"

ਗਿਲਗਿਤ-ਬਾਲਟਿਸਤਾਨ ਅਤੇ ਦਿਆਮੀਰ ਜ਼ਿਲ੍ਹੇ ਵਿੱਚ, ਨਦੀ ਤੋਂ ਸੋਨਾ ਕੱਢਣ ਵਾਲਿਆਂ ਨੂੰ ਆਮ ਤੌਰ 'ਤੇ "ਸੋਨੇਵਾਲ ਕਬੀਲੇ" ਵਜੋਂ ਜਾਣਿਆ ਜਾਂਦਾ ਹੈ। ਇਨ੍ਹਾਂ ਕਬੀਲਿਆਂ ਦਾ ਆਪਣਾ ਸੰਗਠਨ ਵੀ ਹੈ। ਦਿਆਮੀਰ ਜ਼ਿਲ੍ਹੇ ਵਿੱਚ "ਸੋਨੇਵਾਲ ਕਬੀਲਾ" ਐਸੋਸੀਏਸ਼ਨ ਦੇ ਮੁਖੀ ਮੁਹੰਮਦ ਰਵਾਨ ਦੇ ਅਨੁਸਾਰ, 2023 ਤੱਕ ਉਨ੍ਹਾਂ ਦੇ ਖੇਤਰ ਵਿੱਚ ਮਸ਼ੀਨਾਂ ਦਾ ਕੋਈ ਰੋਲ ਨਹੀਂ ਸੀ। "ਫਿਰ, ਕੁਝ ਸਥਾਨਕ ਜ਼ਮੀਨ ਮਾਲਕਾਂ ਨੇ ਕਈ ਤਰੀਕਿਆਂ ਨਾਲ ਮਸ਼ੀਨਾਂ ਲਿਆਉਣੀਆਂ ਸ਼ੁਰੂ ਕਰ ਦਿੱਤੀਆਂ। ਹੁਣ, ਇਸ ਖੇਤਰ ਵਿੱਚ ਸੈਂਕੜੇ ਮਸ਼ੀਨਾਂ ਲਗਾਈਆਂ ਗਈਆਂ ਹਨ, ਜੋ ਨਦੀ ਦੇ ਪਾਣੀ ਤੋਂ ਸੋਨਾ ਕੱਢਦੀਆਂ ਹਨ।" ਇਲਾਕੇ ਦੇ ਵਸਨੀਕ ਅਜ਼ੀਮ ਖਾਨ ਇਸਦੀ ਪੁਸ਼ਟੀ ਕਰਦੇ ਹਨ। ਉਹ ਕਹਿੰਦੇ ਹਨ ਕਿ ਉਨ੍ਹਾਂ ਦੇ ਕਬੀਲੇ ਦੀ ਜ਼ਮੀਨ 'ਤੇ ਦੋ ਮਸ਼ੀਨਾਂ ਲਗਾਈਆਂ ਗਈਆਂ ਹਨ। ਉਨ੍ਹਾਂ ਸਮਝਾਇਆ, "ਸਾਡੇ ਖੇਤਰ ਵਿੱਚ ਸੋਨੇ ਦੀ ਖੋਜ ਲਈ ਕੋਈ ਸਰਕਾਰੀ ਪੱਧਰ ਉੱਤੇ ਕੋਈ ਜ਼ਮੀਨ ਜਾਂ ਖ਼ਾਸ ਥਾਂ ਅਲੌਟ ਨਹੀਂ ਹੁੰਦੀ। ਜਿੱਥੇ ਮੈਂ ਆਪਣੀਆਂ ਮਸ਼ੀਨਾਂ ਲਗਾਈਆਂ ਹਨ, ਉਸ ਤੋਂ ਥੋੜ੍ਹੀ ਦੂਰੀ 'ਤੇ, ਦੂਜਿਆਂ ਨੇ ਛੇ ਤੋਂ ਸੱਤ ਮਸ਼ੀਨਾਂ ਲਗਾਈਆਂ ਹੋਈਆਂ ਹਨ, ਜਦੋਂ ਕਿ ਇਸ ਖੇਤਰ ਦੇ ਕੁਝ ਕਿਲੋਮੀਟਰ ਦੇ ਅੰਦਰ, ਲਗਭਗ 150 ਮਸ਼ੀਨਾਂ ਹਨ।"



ਜਿਨ੍ਹਾਂ ਲੋਕਾਂ ਨੇ ਪਾਕਿਸਤਾਨ ਦੇ ਉੱਤਰੀ ਖੇਤਰਾਂ ਦੀ ਯਾਤਰਾ ਕੀਤੀ ਹੈ, ਉਨ੍ਹਾਂ ਨੇ ਸਿੰਧੂ ਨਦੀ ਦੇ ਨਾਲ-ਨਾਲ ਲੋਕਾਂ ਨੂੰ ਰੇਤ ਛਾਣ ਕੇ ਸੋਨਾ ਕੱਢਦੇ ਹੋਏ ਜ਼ਰੂਰ ਦੇਖਿਆ ਹੋਵੇਗਾ। ਹਾਲਾਂਕਿ, ਸਮੇਂ ਦੇ ਨਾਲ ਤਰੀਕੇ ਬਦਲ ਗਏ ਹਨ ਅਤੇ ਜੇਕਰ ਅੱਜ ਜ਼ਿਲ੍ਹਾ ਦਿਆਮੀਰ ਵਿੱਚ ਸਿੰਧੂ ਨਦੀ ਦੇ ਕੰਢੇ, ਖ਼ਾਸ ਤੌਰ ਉੱਤੇ ਭਾਸ਼ਾ ਡੈਮ ਭੰਡਾਰ ਰਿਜ਼ਵਾਇਕ ਦੇ ਨੇੜੇ ਸਫ਼ਰ ਕੀਤਾ ਜਾਵੇ ਤਾਂ ਉੱਥੇ ਇੱਕ ਜਾਂ ਦੋ ਨਹੀਂ, ਸਗੋਂ ਸੈਂਕੜੇ ਮਸ਼ੀਨਾਂ ਸੋਨਾ ਕੱਢਣ ਵਿੱਚ ਲੱਗੀਆਂ ਹੋਈਆਂ ਦਿਖਾਈ ਦੇਣਗੀਆਂ। ਲਗਭਗ 3,180 ਕਿਲੋਮੀਟਰ ਲੰਬੀ ਸਿੰਧੂ ਨਦੀ ਤਿੱਬਤ ਵਿੱਚ ਮਾਨਸਰੋਵਰ ਝੀਲ ਤੋਂ ਨਿਕਲਦੀ ਹੈ ਅਤੇ ਪਾਕਿਸਤਾਨ ਦੇ ਮੈਦਾਨੀ ਇਲਾਕਿਆਂ ਨੂੰ ਸਿੰਜਦੀ ਹੋਈ ਅਰਬ ਸਾਗਰ ਵਿੱਚ ਵਗਦੀ ਹੈ। ਇਹ ਨਦੀ ਸਦੀਆਂ ਤੋਂ ਮਨੁੱਖਤਾ ਲਈ ਸਭਿਅਤਾ, ਸੱਭਿਆਚਾਰ, ਜੀਵਨ, ਖੁਸ਼ਹਾਲੀ ਅਤੇ ਆਮਦਨ ਦਾ ਇੱਕ ਪ੍ਰਮੁੱਖ ਸਰੋਤ ਰਹੀ ਹੈ। ਸਿੰਧੂ ਘਾਟੀ ਦੀ ਮਹਾਨ ਸੱਭਿਅਤਾ ਤੋਂ ਲੈ ਕੇ ਅੱਜ ਤੱਕ ਇਸ ਖੇਤਰ ਦੇ ਇਤਿਹਾਸ ਅਤੇ ਆਰਥਿਕਤਾ ਵਿੱਚ ਸਿੰਧੂ ਨਦੀ ਨੇ ਇੱਕ ਮਹੱਤਵਪੂਰਨ ਭੂਮਿਕਾ ਰਹੀ ਹੈ। ਅਤੇ ਕੁਝ ਲੋਕਾਂ ਲਈ ਇਹ ਨਦੀ ਸੱਚਮੁੱਚ ਸੋਨਾ ਉਗਲਦੀ ਹੈ ਅਤੇ ਉਨ੍ਹਾਂ ਦੀ ਰੋਜ਼ੀ-ਰੋਟੀ ਇਸ 'ਤੇ ਨਿਰਭਰ ਹੈ।

ਐਬਟਾਬਾਦ ਕੈਂਪਸ ਦੇ ਕੌਮਸੇਟਸ ਯੂਨੀਵਰਸਿਟੀ ਦੇ ਵਾਤਾਵਰਣ ਵਿਭਾਗ ਦੇ ਮੁਖੀ ਡਾ. ਫਰੀਦੁੱਲ੍ਹਾ ਦੇ ਅਨੁਸਾਰ, ਸਿੰਧੂ ਨਦੀ ਦੇ ਕੰਢੇ ਪਾਈ ਜਾਣ ਵਾਲੀ ਮਿੱਟੀ ਅਤੇ ਰੇਤ ਵਿੱਚ ਕੁਦਰਤੀ ਤੌਰ 'ਤੇ ਸੋਨਾ ਹੁੰਦਾ ਹੈ। ਉਨ੍ਹਾਂ ਸਮਝਾਇਆ, "ਸੋਨਾ ਆਮ ਤੌਰ 'ਤੇ ਪਹਾੜਾਂ ਦੇ ਅੰਦਰ ਮੌਜੂਦ ਧਾਤਾਂ ਦੇ ਭੰਡਾਰਾਂ ਤੋਂ ਆਉਂਦਾ ਹੈ। ਪਹਾੜਾਂ ਵਿੱਚ ਮੌਜੂਦ ਸੋਨੇ ਦੇ ਤੰਤੂ ਅਤੇ ਖਾਣਾਂ ਤੋਂ ਛੋਟੇ-ਛੋਟੇ ਕਣ ਕਈ ਤਰੀਕਿਆਂ ਨਾਲ ਨਿਕਲ ਕੇ ਨਦੀਆਂ ਅਤੇ ਪਾਣੀ ਦੇ ਵਹਾਅ ਵਿੱਚ ਸ਼ਾਮਲ ਹੋ ਜਾਂਦੇ ਹਨ। ਅਤੇ ਜਦੋਂ ਮੀਂਹ ਜਾਂ ਗਲੇਸ਼ੀਅਰਾਂ ਦਾ ਪਾਣੀ ਪਹਾੜਾਂ ਤੋਂ ਹੇਠਾਂ ਵਗਦਾ ਹੈ ਤਾਂ ਇਹ ਪਾਣੀ ਪਹਾੜੀ ਚੱਟਾਨਾਂ ਅਤੇ ਮਿੱਟੀ ਦੇ ਨਾਲ ਸੋਨੇ ਦੇ ਛੋਟੇ ਕਣਾਂ ਨੂੰ ਨਦੀ ਵਿੱਚ ਲੈ ਜਾਂਦਾ ਹੈ।" ਉਹ ਕਹਿੰਦਾ ਹੈ, "ਨਦੀ ਦੇ ਵਹਾਅ ਦੌਰਾਨ, ਅਜਿਹੇ ਕਣ, ਭਾਰੀ ਹੋਣ ਕਰਕੇ, ਨਦੀ ਦੇ ਕੰਢੇ ਦੀ ਰੇਤ ਅਤੇ ਮਿੱਟੀ ਵਿੱਚ ਜਮ੍ਹਾਂ ਹੋ ਜਾਂਦੇ ਹਨ। ਇਸੇ ਕਰਕੇ ਸਿੰਧੂ ਨਦੀ ਦੀ ਰੇਤ ਅਤੇ ਮਿੱਟੀ ਵਿੱਚ ਸੋਨੇ ਦੇ ਮਾਮੂਲੀ ਕਣ ਪਾਏ ਜਾਂਦੇ ਹਨ।" "ਖੈਬਰ ਪਖ਼ਤੂਨਖ਼ਵਾ ਅਤੇ ਪੰਜਾਬ ਵਿੱਚ ਪਾਬੰਦੀ ਤੋਂ ਬਾਅਦ, ਸੋਨੇ ਕੱਢਣ ਵਾਲਿਆਂ ਨੇ ਗਿਲਗਿਤ-ਬਾਲਟਿਸਤਾਨ ਦਾ ਰੁਖ਼ ਕੀਤਾ ਹੈ।" ਦਿਆਮੀਰ ਦੇ ਰਹਿਣ ਵਾਲੇ ਅਬਦੁੱਲ੍ਹਾ ਕਹਿੰਦੇ ਹਨ ਕਿ ਕੁਝ ਸਾਲ ਪਹਿਲਾਂ ਤੱਕ, ਗਿਲਗਿਤ-ਬਾਲਟਿਸਤਾਨ ਵਿੱਚ ਸੋਨਾ ਛਾਨਣ ਵਾਲੀਆਂ ਮਸ਼ੀਨਾਂ ਨਾ ਦੇ ਬਰਾਬਰ ਸਨ। ਉਹ ਦਾਅਵਾ ਹੈ ਕਿ ਪਹਿਲਾਂ, ਅਜਿਹੀਆਂ ਮਸ਼ੀਨਾਂ ਜ਼ਿਆਦਾਤਰ ਖ਼ੈਬਰ ਪਖ਼ਤੂਨਖ਼ਵਾ ਵਿੱਚ ਕਾਬੁਲ ਨਦੀ ਅਤੇ ਪੰਜਾਬ ਵਿੱਚ ਸਿੰਧੂ ਨਦੀ ਦੇ ਨਾਲ ਸਥਿਤ ਸਨ। "ਪਰ ਜਦੋਂ ਉੱਥੋਂ ਦੇ ਅਧਿਕਾਰੀਆਂ ਦੁਆਰਾ ਪਾਬੰਦੀਆਂ ਲਗਾਈਆਂ ਗਈਆਂ, ਤਾਂ ਇਸ ਕੰਮ ਵਿੱਚ ਸ਼ਾਮਲ ਲੋਕਾਂ ਨੇ ਗਿਲਗਿਤ-ਬਾਲਟਿਸਤਾਨ ਦਾ ਰੁਖ਼ ਕੀਤਾ। ਪਿਛਲੇ ਦਿਨੀਂ ਪੰਜਾਬ ਦੇ ਇੱਕ ਇਨਵੈਸਟਰ ਨੇ ਮੇਰੇ ਨਾਲ ਸੰਪਰਕ ਕੀਤਾ ਅਤੇ ਕਿਹਾ ਕਿ ਜੇਕਰ ਮੈਂ ਉਸ ਨੂੰ ਉਸ ਦੀ ਜ਼ਮੀਨ 'ਤੇ ਮਸ਼ੀਨਾਂ ਲਗਾਉਣ ਦੀ ਇਜਾਜ਼ਤ ਦੇਵਾਂ ਤਾਂ ਉਹ ਮੈਨੂੰ ਕਿਰਾਇਆ ਦੇਵੇਗਾ।" ਉਸ ਨੇ ਸਮਝਾਇਆ, "ਆਪਣੀ ਜ਼ਮੀਨ ਕਿਰਾਏ 'ਤੇ ਦੇਣ ਦੀ ਬਜਾਏ, ਮੈਨੂੰ ਮੁਨਾਫ਼ੇ ਦੇ 40 ਫੀਸਦ ਨਾਲ ਸਾਂਝੇਦਾਰੀ ਕਰਨਾ ਵਧੇਰੇ ਲਾਭਦਾਇਕ ਲੱਗਿਆ।"

ਉਨ੍ਹਾਂ ਦੇ ਅਨੁਸਾਰ, ਉਨ੍ਹਾਂ ਵਾਂਗ ਬਹੁਤ ਸਾਰੇ ਸਥਾਨਕ ਲੋਕ ਹੁਣ ਮਸ਼ੀਨਾਂ ਵਾਲੇ ਕੰਮ ਨਾਲ ਜੁੜੇ ਹਨ ਅਤੇ ਉਹ ਜਾਂ ਤਾਂ ਕਿਰਾਏ 'ਤੇ ਲੈ ਰਹੇ ਹਨ ਜਾਂ ਬਾਹਰੀ ਲੋਕਾਂ ਨਾਲ ਸਾਂਝੇਦਾਰੀ ਵਿੱਚ ਹਨ।

ਇਹ ਧਿਆਨ ਦੇਣ ਯੋਗ ਹੈ ਕਿ ਪਿਛਲੇ ਕੁਝ ਸਾਲਾਂ ਤੋਂ, ਪੰਜਾਬ ਸਰਕਾਰ ਅਤੇ ਖ਼ੈਬਰ ਪਖ਼ਤੂਨਖ਼ਵਾ ਸਰਕਾਰ ਸਿੰਧੂ ਨਦੀ 'ਤੇ ਮਸ਼ੀਨਰੀ ਦੀ ਵਰਤੋਂ ਕਰਨ ਜਾਂ ਸੋਨੇ ਦੀ ਖੋਜ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰ ਰਹੀ ਹੈ। ਸਰਕਾਰੀ ਰਿਕਾਰਡਾਂ ਅਨੁਸਾਰ, ਪਿਛਲੇ ਦੋ ਸਾਲਾਂ ਵਿੱਚ ਅਜਿਹੇ ਗ਼ੈਰ-ਕਾਨੂੰਨੀ ਸੋਨੇ ਦੀ ਖੋਜ ਵਿਰੁੱਧ 100 ਤੋਂ ਵੱਧ ਮਾਮਲੇ ਦਰਜ ਕੀਤੇ ਗਏ ਹਨ। ਖ਼ੈਬਰ ਪਖ਼ਤੂਨਖ਼ਵਾ ਸਰਕਾਰ ਨੇ ਸਿੰਧੂ ਨਦੀ ਅਤੇ ਕਾਬੁਲ ਨਦੀ ਦੇ ਕੰਢਿਆਂ 'ਤੇ ਸੋਨੇ ਦੀ ਖੋਜ ਅਤੇ ਬਿਨਾਂ ਮਨਜ਼ੂਰੀ ਦੀ ਮਾਈਨਿੰਗ 'ਤੇ ਪਾਬੰਦੀ ਲਗਾਈ ਹੈ ਅਤੇ ਧਾਰਾ 144 ਵੀ ਲਗਾਈ ਹੈ। ਇਹ ਪਾਬੰਦੀ ਸਵਾਬੀ, ਨੌਸ਼ਹਿਰਾ, ਕੋਹਾਟ ਅਤੇ ਹੋਰ ਸਬੰਧਤ ਖੇਤਰਾਂ ਵਿੱਚ ਗ਼ੈਰ-ਕਾਨੂੰਨੀ ਮਾਈਨਿੰਗ, ਵਾਤਾਵਰਣ ਨੂੰ ਨੁਕਸਾਨ ਅਤੇ ਕਾਨੂੰਨ ਵਿਵਸਥਾ ਦੀਆਂ ਸਮੱਸਿਆਵਾਂ ਨਾਲ ਨਜਿੱਠਿਆ ਜਾ ਸਕੇ। ਇਸ ਤੋਂ ਇਲਾਵਾ, ਸਥਾਨਕ ਪ੍ਰਸ਼ਾਸਨ ਨੂੰ ਗ਼ੈਰ-ਕਾਨੂੰਨੀ ਮਸ਼ੀਨਰੀ ਅਤੇ ਉਪਕਰਣ ਜ਼ਬਤ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। "ਪਹਿਲਾਂ, ਜ਼ਿਆਦਾਤਰ ਇੱਕ ਗ੍ਰਾਮ ਸੋਨਾ ਮਿਲਦਾ ਸੀ, ਪਰ ਹੁਣ ਪੰਜ ਤੋਂ ਛੇ ਗ੍ਰਾਮ ਮਿਲ ਜਾਂਦਾ ਹੈ।"

ਮੀਡੀਆ ਨੇ ਗਿਲਗਿਤ-ਬਾਲਟਿਸਤਾਨ ਵਿੱਚ ਸੋਨੇ ਦੀ ਖੋਜ ਬਾਰੇ ਖਣਿਜ ਵਿਭਾਗ, ਚੈਂਬਰ ਆਫ਼ ਕਾਮਰਸ ਅਤੇ ਹੋਰ ਅਧਿਕਾਰੀਆਂ ਤੋਂ ਠੋਸ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਕੋਈ ਵਿਆਪਕ ਸਰਕਾਰੀ ਡੇਟਾ ਨਹੀਂ ਮਿਲ ਸਕਿਆ। ਅਜ਼ੀਮ ਖ਼ਾਨ ਕਹਿੰਦੇ ਹਨ ਕਿ ਜਦੋਂ ਉਹ ਹੱਥੀਂ ਸੋਨੇ ਦੀ ਖੋਜ ਕਰਦੇ ਸਨ, ਤਾਂ ਉਨ੍ਹਾਂ ਦੇ ਪਰਿਵਾਰ ਨੂੰ ਇੱਕ ਦਿਨ ਵਿੱਚ ਵੱਧ ਤੋਂ ਵੱਧ ਇੱਕ ਗ੍ਰਾਮ ਸੋਨਾ ਮਿਲਦਾ ਸੀ। "ਹੁਣ, ਮੇਰੇ ਪਰਿਵਾਰ ਦੇ ਛੇ ਤੋਂ ਸੱਤ ਲੋਕ ਮਸ਼ੀਨਾਂ 'ਤੇ ਕੰਮ ਕਰਦੇ ਹਨ ਅਤੇ ਇੱਕ ਦਿਨ ਵਿੱਚ ਛੇ ਤੋਂ ਸੱਤ ਗ੍ਰਾਮ ਸੋਨਾ ਲੱਭਦੇ ਹਨ।" ਨੁਸਰਤ ਖ਼ਾਨ ਇੱਕ ਸਥਾਨਕ ਨਿਵਾਸੀ ਅਤੇ ਜ਼ਮੀਨ ਮਾਲਕ ਵੀ ਹਨ। ਉਹ ਦੱਸਦੇ ਹਨ ਕਿ "ਸੋਨੇਵਾਲ" ਕਬੀਲੇ ਸੋਨਾ ਤਲਾਸ਼ ਕਰਨ ਦਾ ਕੰਮ ਕਰਦੇ ਸਨ, ਪਰ ਮਸ਼ੀਨਾਂ ਆਉਣੀਆਂ ਸ਼ੁਰੂ ਹੋਈਆਂ, ਤਾਂ ਉਨ੍ਹਾਂ ਨੇ ਆਪਣੀ ਜ਼ਮੀਨ ਦਾ ਕੁਝ ਹਿੱਸਾ ਪੰਜਾਬ ਦੀ ਇੱਕ ਪਾਰਟੀ ਨੂੰ "ਕਿਰਾਏ 'ਤੇ" ਦੇ ਦਿੱਤਾ ਹੈ। ਜਦੋਂ ਉਨ੍ਹਾਂ ਨੇ ਲੋਕਾਂ ਨੂੰ ਪੈਸੇ ਕਮਾਉਂਦੇ ਦੇਖਿਆ, ਤਾਂ ਉਨ੍ਹਾਂ ਨੇ ਆਪਣਾ ਕਾਰੋਬਾਰ ਸ਼ੁਰੂ ਕੀਤਾ, 2,400 ਪਾਕਿਸਤਾਨੀ ਰੁਪਏ ਪ੍ਰਤੀ ਘੰਟਾ ਦੇ ਹਿਸਾਬ ਨਾਲ ਇੱਕ ਮਸ਼ੀਨ ਕਿਰਾਏ 'ਤੇ ਲਈ।

### ਸਦੀਆਂ ਪੁਰਾਣੀ ਪ੍ਰਥਾ

ਅੰਜੁਮਨ 'ਸੋਨੇਵਾਲ ਕਬੀਲੇ', ਜ਼ਿਲ੍ਹਾ ਦਿਆਮੀਰ ਦੇ ਮੁਖੀ ਮੁਹੰਮਦ ਰਵਾਨ ਕਹਿੰਦੇ ਹਨ ਕਿ ਇਨ੍ਹਾਂ ਹਾਲਾਤਾਂ ਵਿੱਚ ਸਦੀਆਂ ਪੁਰਾਣਾ ਪੇਸ਼ਾ (ਹੱਥੀਂ ਸੋਨਾ ਕੱਢਣ ਦਾ) ਖ਼ਤਮ ਹੋ ਰਿਹਾ ਹੈ। "ਪਹਿਲਾਂ, ਸਾਡੇ ਇਲਾਕੇ ਵਿੱਚ ਕੋਈ ਧੂੰਆਂ ਜਾਂ ਹੰਗਾਮਾ ਨਹੀਂ ਸੀ, ਪਰ ਹੁਣ ਮਸ਼ੀਨਾਂ ਅਤੇ ਜਨਰੇਟਰਾਂ ਦਾ ਸ਼ੋਰ ਹੁੰਦਾ ਹੈ। ਵੱਡੀ ਗਿਣਤੀ ਵਿੱਚ ਲੋਕ ਆ-ਜਾ ਰਹੇ ਹਨ ਅਤੇ ਗੱਡੀਆਂ ਦੀ ਗਿਣਤੀ ਪਹਿਲਾਂ ਨਾਲੋਂ ਜ਼ਿਆਦਾ ਹੋ ਗਈ ਹੈ। ਦਿਆਮੀਰ ਅਤੇ ਚਿਲਾਸ ਦੇ ਇਲਾਕਿਆਂ ਵਿੱਚ ਇੱਕ ਨਵੀਂ ਦੁਨੀਆ ਵਸ ਰਹੀ ਹੈ, ਪਰ ਸਾਡਾ ਪੇਸ਼ਾ ਇਸ ਸ਼ੋਰ-ਸ਼ਰਾਬੇ ਵਿੱਚ ਦਮ ਤੋੜ ਰਿਹਾ ਹੈ।" ਮੁਹੰਮਦ ਰਵਾਨ ਨੇ ਕਿਹਾ, "ਸਾਡੇ ਕੁਝ ਲੋਕਾਂ ਨੇ ਮਸ਼ੀਨਾਂ ਅਤੇ ਜ਼ਮੀਨ ਕਿਰਾਏ 'ਤੇ ਲੈ ਕੇ ਇਹ ਕੰਮ ਕਰਨ ਦੀ ਕੋਸ਼ਿਸ਼ ਕੀਤੀ, ਪਰ ਮਸ਼ੀਨ ਅਤੇ ਜ਼ਮੀਨ ਦਾ ਕਿਰਾਇਆ ਮਿਲਾ ਕੇ ਪੈਸੇ ਇੰਨਾ ਜ਼ਿਆਦਾ ਲੱਗ ਜਾਂਦੇ ਹਨ ਅਤੇ ਮੁਨਾਫ਼ਾ ਇੰਨਾ ਘੱਟ ਹੁੰਦਾ ਹੈ ਕਿ ਉਸ ਨਾਲ ਜ਼ਰੂਰੀ ਖ਼ਰਚੇ ਵੀ ਪੂਰੇ ਨਹੀਂ ਹੁੰਦੇ। ਇਸ ਤੋਂ ਬਾਅਦ, ਉਹ ਦੁਬਾਰਾ ਦਿਹਾੜੀ ਦੀ ਭਾਲ ਵਿੱਚ ਲੱਗ ਜਾਂਦੇ ਹਨ।"

ਉਨ੍ਹਾਂ ਅੱਗੇ ਕਿਹਾ, "ਅਸੀਂ ਸਰਕਾਰ ਤੋਂ ਕਈ ਵਾਰ ਗੁਜਾਰਿਸ਼ ਕੀਤੀ ਹੈ ਕਿ ਅਸੀਂ ਈਕੋ-ਫ੍ਰੈਂਡਲੀ ਤਰੀਕੇ ਨਾਲ ਪਾਣੀ, ਰੇਤ ਅਤੇ ਮਿੱਟੀ ਤੋਂ ਰੁਜ਼ਗਾਰ ਤਲਾਸ਼ ਕਰਦੇ ਹਨ। ਸਾਨੂੰ ਇਸ ਦਾ ਮੌਕਾ ਦਿੱਤਾ ਜਾਵੇ ਅਤੇ ਸਾਡੇ ਲਈ ਕੋਈ ਅਜਿਹਾ ਸਿਸਟਮ ਬਣਾਇਆ ਜਾਵੇ ਜਿਸ ਨਾਲ ਨਾ ਸਿਰਫ ਇਹ ਸਦੀਆਂ ਪੁਰਾਣਾ ਪੇਸ਼ਾ ਅਤੇ ਹੁਨਰ ਜ਼ਿੰਦਾ ਰਹੇ, ਬਲਕਿ ਉਨ੍ਹਾਂ 2300 ਪਰਿਵਾਰਾਂ ਦਾ ਰੁਜ਼ਗਾਰ ਵੀ ਚੱਲਦਾ ਰਹੇ ਜੋ ਇਤਿਹਾਸਕ ਤੌਰ ਉੱਤੇ ਇਸ ਕੰਮ ਨਾਲ ਜੁੜੇ ਹਨ। ਪਰ ਅਜੇ ਤੱਕ ਕੋਈ ਸੁਣਵਾਈ ਨਹੀਂ ਹੋ ਰਹੀ ਹੈ।"

ਕੋਮਸੇਟਸ ਯੂਨੀਵਰਸਿਟੀ, ਐਬਟਾਬਾਦ ਕੈਂਪਸ ਵਿੱਚ ਵਾਤਾਵਰਣ ਵਿਭਾਗ ਦੇ ਮੁਖੀ ਡਾ. ਫਰੀਦੁੱਲ੍ਹਾ ਕਹਿੰਦੇ ਹਨ ਕਿ ਗਿਲਗਿਤ-ਬਾਲਟਿਸਤਾਨ ਵਿੱਚ ਸਿੰਧੂ ਨਦੀ ਅਤੇ ਇਸ ਦੀਆਂ ਸਹਾਇਕ ਨਦੀਆਂ ਦੇ ਕੰਢਿਆਂ 'ਤੇ ਸੋਨਾ ਕੱਢਣ ਦਾ ਤਰੀਕਾ ਸਦੀਆਂ ਪੁਰਾਣਾ ਹੈ। ਉਨ੍ਹਾਂ ਨੇ ਦੱਸਿਆ ਕਿ ਇਸ ਤਰੀਕੇ ਨਾਲ ਨਦੀ ਦੇ ਤਲ ਤੋਂ ਰੇਤ, ਬੱਜਰੀ ਅਤੇ ਪੱਥਰ ਇਕੱਠਾ ਕਰ ਕੇ ਉਨ੍ਹਾਂ ਨੇ ਪਾਣੀ ਵਿੱਚ ਪਲੇਟ (ਪੈਨ), ਛਾਨਣ ਵਾਲੇ ਜਾਲ, ਟੱਬਾਂ ਅਤੇ ਛੋਟੇ ਬੇਲਚਿਆਂ ਦੀ ਮਦਦ ਨਾਲ ਧੋਤਾ ਜਾਂਦਾ ਹੈ। ਇਸ ਤਰ੍ਹਾਂ, ਹਲਕੀ ਮਿੱਟੀ ਧੋਤੀ ਜਾਂਦੀ ਹੈ, ਜਿਸ ਨਾਲ ਸੋਨੇ ਦੇ ਭਾਰੀ ਪਰ ਬਾਰੀਕ ਕਣ ਤਲ 'ਤੇ ਰਹਿ ਜਾਂਦੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਪ੍ਰਕਿਰਿਆ ਨਾਲ ਵਾਤਾਵਰਣ ਨੂੰ ਘੱਟ ਨੁਕਸਾਨ ਹੁੰਦਾ ਹੈ। ਡਾ. ਫਰੀਦੁੱਲ੍ਹਾ ਦਾ ਕਹਿਣਾ ਸੀ ਕਿ ਇਹ ਕੰਮ ਹੁਣ ਮਸ਼ੀਨਾਂ ਰਾਹੀਂ ਹੋ ਰਿਹਾ ਹੈ ਅਤੇ ਇਸ ਲਈ ਭਾਰੀ ਮਸ਼ੀਨਰੀ ਜਿਵੇਂ ਕਿ ਖੁਦਾਈ ਕਰਨ ਵਾਲੀ ਮਸ਼ੀਨ (ਐਕਸਕੇਵੇਟਰ), ਪਾਣੀ ਦੇ ਪੰਪ ਅਤੇ ਛਾਨਣ ਵਾਲੀ ਇੰਡਸਟਰੀਅਲ ਮਸ਼ੀਨਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਹ ਥੋੜ੍ਹੇ ਸਮੇਂ ਵਿੱਚ ਵੱਡੀ ਮਾਤਰਾ ਵਿੱਚ ਰੇਤ ਅਤੇ ਮਿੱਟੀ ਨੂੰ ਸਾਫ਼ ਕਰਨ ਅਤੇ ਹੋਰ ਸੋਨਾ ਕੱਢਣ ਵਿੱਚ ਮਦਦ ਕਰ ਸਕਦੇ ਹਨ।

ਗਿਲਗਿਤ-ਬਾਲਟਿਸਤਾਨ ਖਣਿਜ ਅਤੇ ਖਾਣਾਂ ਦੇ ਡਾਇਰੈਕਟਰ ਅਹਿਮਦ ਖ਼ਾਨ ਦੇ ਅਨੁਸਾਰ, ਦਿਆਮੀਰ ਜ਼ਿਲ੍ਹੇ ਵਿੱਚ ਜ਼ਿਆਦਾਤਰ ਮਸ਼ੀਨਾਂ ਭਾਸ਼ਾ ਡੈਮ ਭੰਡਾਰ ਅਤੇ ਆਲੇ ਦੁਆਲੇ ਦੇ ਖੇਤਰਾਂ ਵਿੱਚ ਲੱਗੀਆਂ ਹਨ। ਉਹ ਕਹਿੰਦੇ ਹਨ ਕਿ ਉਨ੍ਹਾਂ ਵਿੱਚੋਂ ਕਈ ਮਸ਼ੀਨਾਂ ਗ਼ੈਰ-ਕਾਨੂੰਨੀ ਹਨ ਅਤੇ ਜਿਨ੍ਹਾਂ ਨੂੰ ਕਾਨੂੰਨੀ ਦਾਇਰੇ ਵਿੱਚ ਲਿਆਉਣ ਦੀ ਪ੍ਰਕਿਰਿਆ ਜਾਰੀ ਹੈ, ਜਦੋਂ ਕਿ ਗ਼ੈਰ-ਕਾਨੂੰਨੀ ਗਤੀਵਿਧੀਆਂ ਬਾਰੇ ਪ੍ਰਸ਼ਾਸਨ ਨੂੰ ਜਾਣਕਾਰੀ ਦਿੱਤੀ ਗਈ ਹੈ। ਅਹਿਮਦ ਖ਼ਾਨ ਦੇ ਅਨੁਸਾਰ, ਸਿੰਧੂ ਨਦੀ 'ਤੇ ਮਾਈਨਿੰਗ ਕਰਨ ਵਾਲਿਆਂ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਗਿਲਗਿਤ-ਬਾਲਟਿਸਤਾਨ ਖਣਿਜ ਅਤੇ ਖਾਣਾਂ ਦੇ ਪੋਰਟਲ 'ਤੇ ਅਰਜ਼ੀਆਂ ਜਮ੍ਹਾਂ ਕਰਨ, ਤਾਂ ਜੋ ਉਨ੍ਹਾਂ ਨੂੰ ਪੜਾਅਵਾਰ ਕਾਨੂੰਨੀ ਮਾਨਤਾ ਦਿੱਤੀ ਜਾ ਸਕੇ।

ਗੌਰਤਲਬ ਹੈ ਕਿ ਗਿਲਗਿਤ-ਬਾਲਟਿਸਤਾਨ ਵਿੱਚ, ਸਿੰਧੂ ਨਦੀ ਤੋਂ ਸੋਨਾ ਕੱਢਣ ਲਈ ਕੋਈ ਵੱਖਰੇ ਕਾਨੂੰਨ ਨਹੀਂ ਹਨ, ਬਲਕਿ ਉਨ੍ਹਾਂ ਨੇ ਇਸ ਖੇਤਰ ਵਿੱਚ ਮਾਈਨਿੰਗ ਲਈ ਪੇਸ਼ ਕੀਤੇ ਗਏ ਕਾਨੂੰਨਾਂ, ਗਿਲਗਿਤ-ਬਾਲਟਿਸਤਾਨ ਮਾਈਨਿੰਗ ਨਿਯਮ 2016 ਅਤੇ 2024 ਵਿੱਚ ਕੀਤੇ ਗਏ ਸੋਧਾਂ ਦੁਆਰਾ ਨਿਯੰਤਰਿਤ ਹਨ। ਦੂਜੇ ਪਾਸੇ, ਹੁਣ ਖ਼ੈਬਰ ਪਖਤੂਨਖਵਾ ਅਤੇ ਪੰਜਾਬ ਵਿੱਚ ਇਸ ਦੇ ਲਈ ਹੁਣ ਕਾਨੂੰਨ ਬਣਾਏ ਗਏ ਹਨ ਅਤੇ ਉਨ੍ਹਾਂ ਦੇ ਤਹਿਤ ਪਾਬੰਦੀਆਂ ਵੀ ਲਗਾਈਆਂ ਗਈਆਂ ਹਨ। ਡਾ। ਫਰੀਦੁੱਲ੍ਹਾ ਕਹਿੰਦੇ ਹਨ ਕਿ ਮਸ਼ੀਨਾਂ ਰਾਹੀਂ ਸੋਨਾ ਕੱਢਣ ਵਿੱਚ ਡੀਜ਼ਲ ਨਾਲ ਚੱਲਣ ਵਾਲੇ ਜਨਰੇਟਰ, ਐਕਸਕੇਵੇਟਰ ਅਤੇ ਇੰਡਸਟ੍ਰੀਅਲ ਪੰਪ ਇਸਤੇਮਾਲ ਹੁੰਦੇ ਹਨ ਅਤੇ ਇਨ੍ਹਾਂ ਸਾਰੀਆਂ ਮਸ਼ੀਨਾਂ ਤੋਂ ਨਿਕਲਣ ਵਾਲਾ ਧੂੰਏ ਵਿੱਚ ਕਾਰਬਨ ਡਾਈਆਕਸਾਈਡ, ਸਲਫਰ ਅਤੇ ਬਾਰੀਕ ਕਣ ਹੁੰਦੇ ਹਨ। ਜਦੋਂ ਇਹ ਬਰੀਕ ਕਣ ਹਵਾ ਵਿੱਚ ਫੈਲਦੇ ਹਨ, ਤਾਂ ਇਹ ਸਾਹ ਦੀਆਂ ਬਿਮਾਰੀਆਂ, ਅੱਖਾਂ ਵਿੱਚ ਜਲਨ ਅਤੇ ਛਾਤੀ ਦੀਆਂ ਸਮੱਸਿਆਵਾਂ ਦਾ ਕਾਰਨ ਬਣਦੇ ਹਨ।

ਉਨ੍ਹਾਂ ਦਾ ਕਹਿਣਾ ਹੈ ਕਿ ਸਭ ਤੋਂ ਖ਼ਤਰਨਾਕ ਗੱਲ ਇਹ ਲੱਗਦੀ ਹੈ ਕਿ ਜਦੋਂ ਬਲੈਕ ਕਾਰਬਨ ਹਵਾ ਰਾਹੀਂ ਇਨ੍ਹਾਂ ਖੇਤਰਾਂ ਦੇ ਗਲੇਸ਼ੀਅਰਾਂ ਤੱਕ ਪਹੁੰਚਦਾ ਹੈ, ਤਾਂ ਇਸ ਕਾਰਨ ਗਲੇਸ਼ੀਅਰ ਸੂਰਜ ਦੀ ਗਰਮੀ ਜ਼ਿਆਦਾ ਸੋਖਦਾ ਹੈ ਅਤੇ ਇਸ ਦੇ ਨਤੀਜੇ ਵਜੋਂ ਉਨ੍ਹਾਂ ਦੇ ਪਿਘਲਣ ਦੀ ਪ੍ਰਕਿਰਿਆ ਤੇਜ਼ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਕਿਉਂਕਿ ਹੱਥਾਂ ਨਾਲ ਸੋਨਾ ਕੱਢਣ ਦੇ ਰਵਾਇਤੀ ਤਰੀਕੇ ਵਿੱਚ ਜਨਰੇਟਰ ਜਾਂ ਭਾਰੀ ਮਸ਼ੀਨਰੀ ਦੀ ਵਰਤੋਂ ਨਹੀਂ ਕੀਤੀ ਜਾਂਦੀ, ਇਸ ਲਈ ਹਵਾ ਪ੍ਰਦੂਸ਼ਣ ਲਗਭਗ ਕੋਈ ਨਹੀਂ ਹੁੰਦਾ। ਡਾਕਟਰ ਫਰੀਦੁੱਲ੍ਹਾ ਦਾ ਕਹਿਣਾ ਸੀ ਕਿ ਮਸ਼ੀਨਰੀ ਰਾਹੀਂ ਮਾਈਨਿੰਗ ਦੌਰਾਨ ਜਨਰੇਟਰ, ਕਰਸ਼ਿੰਗ ਮਸ਼ੀਨਾਂ ਅਤੇ ਭਾਰੀ ਵਾਹਨ ਲਗਾਤਾਰ ਉੱਚੀ ਅਵਾਜ਼ ਪੈਦਾ ਕਰਦੇ ਹਨ। ਇਹ ਸ਼ੋਰ ਨਾ ਸਿਰਫ਼ ਇਨਸਾਨਾਂ ਲਈ ਮਾਨਸਿਕ ਤਣਾਅ, ਨੀਂਦ ਦੀ ਕਮੀ ਅਤੇ ਸੁਣਨ ਸ਼ਕਤੀ ਨਾਲ ਜੁੜੀਆਂ ਸਮੱਸਿਆਵਾਂ ਦਾ ਕਾਰਨ ਬਣਦਾ ਹੈ, ਸਗੋਂ ਇਨ੍ਹਾਂ ਇਲਾਕਿਆਂ ਵਿੱਚ ਜੰਗਲੀ ਜੀਵਨ ਨੂੰ ਵੀ ਪ੍ਰਭਾਵਿਤ ਕਰਦਾ ਹੈ।

ਉਨ੍ਹਾਂ ਨੇ ਕਿਹਾ, "ਪਹਾੜੀ ਇਲਾਕਿਆਂ ਵਿੱਚ ਇਹ ਸ਼ੋਰ ਦੂਰ ਤੱਕ ਸੁਣਾਈ ਦਿੰਦਾ ਹੈ ਅਤੇ ਇਸ ਨਾਲ ਸ਼ਾਂਤ ਘਾਟੀਆਂ ਦਾ ਕੁਦਰਤੀ ਸਕੂਨ ਖ਼ਤਮ ਹੋ ਜਾਂਦਾ ਹੈ। ਇਸਦੇ ਉਲਟ, ਹੱਥ ਨਾਲ ਸੋਨਾ ਲੱਭਣ ਵਿੱਚ ਰੌਲਾ ਬਹੁਤ ਘੱਟ ਹੁੰਦਾ ਹੈ ਅਤੇ ਮਾਹੌਲ ਜ਼ਿਆਦਾ ਸ਼ਾਂਤ ਅਤੇ ਕੁਦਰਤੀ ਰਹਿੰਦਾ ਹੈ।" ਡਾਕਟਰ ਨੁਸਰਤ ਅਹਿਸਾਨ ਲਾਹੌਰ ਬਿਜ਼ਨਸ ਸਕੂਲ ਵਿੱਚ ਅਸਿਸਟੈਂਟ ਪ੍ਰੋਫੈਸਰ ਹਨ ਅਤੇ ਇੱਕ ਵਾਤਾਵਰਣ ਸਬੰਧੀ ਸਲਾਹਕਾਰ ਵੀ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਮਸ਼ੀਨਾਂ ਰਾਹੀਂ ਦਰਿਆ ਦੀ ਰੇਤ ਅਤੇ ਮਿੱਟੀ ਪੱਟੀ ਜਾਂਦੀ ਹੈ, ਜਿਸ ਨਾਲ ਪਾਣੀ ਗੰਧਲਾ ਹੋ ਜਾਂਦਾ ਹੈ ਅਤੇ ਇਸ "ਮਿੱਟੀ ਮਿਲੇ ਪਾਣੀ ਵਿੱਚ ਮੱਛੀਆਂ ਅਤੇ ਹੋਰ ਜਲਜੀਵ ਜਿਉਂਦੇ ਨਹੀਂ ਰਹਿ ਸਕਦੇ। ਉਨ੍ਹਾਂ ਦੇ ਆਂਡੇ ਨਸ਼ਟ ਹੋ ਜਾਂਦੇ ਹਨ ਅਤੇ ਜਲ ਜੀਵਨ ਪ੍ਰਭਾਵਿਤ ਹੋ ਸਕਦਾ ਹੈ। ਕਈ ਵਾਰ ਮਸ਼ੀਨਾਂ ਤੋਂ ਡੀਜ਼ਲ ਅਤੇ ਤੇਲ ਦੇ ਰਿਸਾਅ ਨਾਲ ਪਾਣੀ ਹੋਰ ਵੀ ਪ੍ਰਦੂਸ਼ਿਤ ਹੋ ਜਾਂਦਾ ਹੈ।" ਉਨ੍ਹਾਂ ਨੇ ਦੱਸਿਆ, "ਮਸ਼ੀਨਰੀ ਦੀ ਵਰਤੋਂ ਨਾਲ ਦਰਿਆ ਦੇ ਕੰਢੇ ਕਟਾਅ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਜ਼ਮੀਨ ਧੱਸ ਜਾਂਦੀ ਹੈ। ਜੇ ਇਹੀ ਹਾਲਤ ਲੰਬੇ ਸਮੇਂ ਤੱਕ ਬਣੇ ਰਹੇ ਤਾਂ ਦਰਿਆ ਆਪਣਾ ਕੁਦਰਤੀ ਰਾਹ ਵੀ ਬਦਲ ਸਕਦਾ ਹੈ ਅਤੇ ਹੜ੍ਹਾਂ ਦਾ ਖ਼ਤਰਾ ਵੱਧ ਜਾਂਦਾ ਹੈ।" ਡਾਕਟਰ ਫਰੀਦੁੱਲ੍ਹਾ ਅਤੇ ਡਾਕਟਰ ਨੁਸਰਤ ਅਹਿਸਾਨ ਦੋਵੇਂ ਇਸ ਗੱਲ ਨਾਲ ਸਹਿਮਤ ਹਨ ਕਿ ਹੱਥ ਨਾਲ ਸੋਨਾ ਕੱਢਣ ਦਾ ਤਰੀਕਾ ਵਾਤਾਵਰਣ ਲਈ ਅਨੁਕੂਲ ਸੀ, ਕਿਉਂਕਿ ਇਸ ਵਿੱਚ "ਨਾ ਤਾਂ ਹਵਾ ਪ੍ਰਦੂਸ਼ਿਤ ਹੁੰਦੀ ਸੀ, ਨਾ ਸ਼ੋਰ ਹੁੰਦਾ ਸੀ ਅਤੇ ਨਾ ਹੀ ਗਲੇਸ਼ੀਅਰਾਂ 'ਤੇ ਮਾੜਾ ਅਸਰ ਪੈਣ ਦਾ ਡਰ ਹੁੰਦਾ ਸੀ। ਇਸਦੇ ਉਲਟ, ਮਸ਼ੀਨਰੀ ਨਾਲ ਮਾਈਨਿੰਗ ਭਾਵੇਂ ਜ਼ਿਆਦਾ ਸੋਨਾ ਅਤੇ ਵੱਧ ਮੁਨਾਫ਼ਾ ਦਿੰਦੀ ਹੈ, ਪਰ ਇਸ ਦੇ ਨਤੀਜੇ ਵਜੋਂ ਹਵਾ, ਪਾਣੀ, ਜ਼ਮੀਨ ਅਤੇ ਗਲੇਸ਼ੀਅਰ, ਸਭ ਪ੍ਰਭਾਵਿਤ ਹੋ ਰਹੇ ਹਨ।" ਇਨ੍ਹਾਂ ਮਾਹਿਰਾਂ ਨੇ ਜ਼ੋਰ ਦੇ ਕੇ ਕਿਹਾ ਕਿ ਜੇ ਇਸ ਕੰਮ ਲਈ ਮਸ਼ੀਨਾਂ ਦੀ ਵਰਤੋਂ ਲਾਜ਼ਮੀ ਹੈ ਤਾਂ ਇਸ ਲਈ ਸਖ਼ਤ ਵਾਤਾਵਰਣ ਕਾਨੂੰਨ, ਨਿਗਰਾਨੀ ਅਤੇ ਵਾਤਾਵਰਣ ਦੇ ਅਨੁਕੂਲ ਤਰੀਕੇ ਅਪਣਾਉਣੇ ਬਹੁਤ ਜ਼ਰੂਰੀ ਹਨ, "ਨਹੀਂ ਤਾਂ ਸਿੰਧੂ ਦਰਿਆ ਅਤੇ ਇਸ ਨਾਲ ਜੁੜੇ ਗਲੇਸ਼ੀਅਰਾਂ ਨੂੰ ਲੰਬੇ ਸਮੇਂ ਲਈ ਨੁਕਸਾਨ ਪਹੁੰਚ ਸਕਦਾ ਹੈ।"

ਗਿਲਗਿਤ-ਬਲਤਿਸਤਾਨ ਦੇ ਵਾਤਾਵਰਣ ਵਿਭਾਗ ਅਤੇ ਖਣਿਜ ਵਿਭਾਗ ਮੁਤਾਬਕ, ਫਿਲਹਾਲ ਉਨ੍ਹਾਂ ਕੋਲ ਸੋਨੇ ਦੀ ਮਾਈਨਿੰਗ ਕਰਨ ਵਾਲਿਆਂ ਦੀ ਗਿਣਤੀ ਬਾਰੇ ਸਹੀ ਅੰਕੜੇ ਮੌਜੂਦ ਨਹੀਂ ਹਨ। ਹਾਲਾਂਕਿ, ਇਸ ਸਮੇਂ ਦੋਵੇਂ ਵਿਭਾਗ ਸਰਗਰਮ ਹਨ ਅਤੇ ਗੈਰਕਾਨੂੰਨੀ ਮਾਈਨਿੰਗ ਕਰਨ ਵਾਲਿਆਂ ਨੂੰ ਨੋਟਿਸ ਜਾਰੀ ਕਰ ਦਿੱਤੇ ਗਏ ਹਨ ਅਤੇ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ। ਗਿਲਗਿਤ-ਬਲਤਿਸਤਾਨ ਵਾਤਾਵਰਣ ਵਿਭਾਗ ਦੇ ਖ਼ਾਦਿਮ ਹੁਸੈਨ ਕਹਿੰਦੇ ਹਨ ਕਿ ਪਹਿਲਾਂ ਲੋਕ ਹੱਥਾਂ ਨਾਲ ਸੋਨਾ ਲੱਭਦੇ ਸਨ ਅਤੇ ਇਸ ਦੌਰਾਨ ਪਾਰਾ ਵਰਤਿਆ ਜਾਂਦਾ ਸੀ, ਜੋ ਕਾਫ਼ੀ ਨੁਕਸਾਨਦਾਇਕ ਸੀ। ਪਰ "ਹੁਣ ਇਹ ਕੰਮ ਵਪਾਰਕ ਪੱਧਰ 'ਤੇ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਇਲਾਕਿਆਂ ਵਿੱਚ ਹੋ ਰਿਹਾ ਹੈ ਜਿੱਥੇ ਲੰਘੇ ਦਿਨਾਂ ਵਿੱਚ ਹੜ੍ਹ ਆਏ ਸਨ।"

ਹਾਲਾਂਕਿ, ਮੁਹੰਮਦ ਰੱਵਾਨ ਇਸ ਦਾਅਵੇ ਨੂੰ ਖ਼ਾਰਜ ਕਰਦੇ ਹਨ ਕਿ ਹੱਥ ਨਾਲ ਸੋਨਾ ਲੱਭਣ ਵਾਲੇ ਪਾਰਾ ਵਰਤਦੇ ਹਨ। ਖ਼ਾਦਿਮ ਹੁਸੈਨ ਦਾ ਕਹਿਣਾ ਸੀ ਕਿ ਪੈਟਰੋਲ ਅਤੇ ਡੀਜ਼ਲ ਨਾਲ ਦਰਿਆ ਨੂੰ ਪ੍ਰਦੂਸ਼ਿਤ ਕਰਨ ਦੀ ਇਜਾਜ਼ਤ ਨਹੀਂ ਹੈ ਅਤੇ ਪਾਰੇ ਦੀ ਵਰਤੋਂ 'ਤੇ ਪਾਬੰਦੀ ਹੈ। ਅਹਿਮਦ ਖ਼ਾਨ ਦਾ ਕਹਿਣਾ ਸੀ ਕਿ ਸੋਨੇ ਦੀ ਮਾਈਨਿੰਗ ਨਾਲ ਜੁੜੇ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ।

# KACEES EXPRESS WASH

ਕਾਰਾਂ ਧੋਣ ਲਈ ਸਭ ਤੋਂ ਸਸਤਾ ਕਾਰ ਵਾਸ਼ ਸਟੇਸ਼ਨ




## Car wash and Gas station with Beverages




ਇਲਾਕੇ ਵਿਚ ਹੱਥ ਨਾਲ ਕਾਰਾਂ ਧੁਆਉਣ ਵਾਸਤੇ ਇਕੋ-ਇਕ ਸਰਵਿਸ ਸਟੇਸ਼ਨ, ਜੋ ਬਹੁਤ ਹੀ ਸਸਤੇ ਰੇਟਾਂ ਤੇ ਬਿਨਾਂ ਇੰਤਜ਼ਾਰ ਕੀਤਿਆਂ ਤੁਹਾਡੀ ਕਿਸੇ ਵੀ ਪ੍ਰਕਾਰ ਦੀ ਕਾਰ ਧੋ ਸਕਦੇ ਹਨ।









**Surjit Sanger**

**707-291-2901**

**2900 Hilltop Mall Rd, Richmond, CA 94806**






## ਇਕ ਵਾਰ ਜ਼ਰੂਰ ਆ ਕੇ ਕਾਰ ਧੁਆਓ ਜੀ

# ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀਆਂ ਹਸ਼ਰ- ਮੌਤ, ਜੇਲ ਜਾਂ ਦੇਸ਼ ਨਿਕਾਲਾ

ਸ਼ੁੱਕਰਵਾਰ ਨੂੰ ਪਾਕਿਸਤਾਨੀ ਫੌਜ ਦੇ ਇੰਟਰ-ਸਰਵਿਸਿਜ਼ ਪਬਲਿਕ ਰਿਲੇਸ਼ਨਜ਼ (ਆਈਐੱਸਪੀਆਰ) ਦੇ ਡਾਇਰੈਕਟਰ ਜਨਰਲ, ਲੈਫਟੀਨੈਂਟ ਜਨਰਲ ਅਹਿਮਦ ਸ਼ਰੀਫ ਚੌਧਰੀ ਨੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਸਾਬਕਾ ਪ੍ਰਧਾਨ ਮੰਤਰੀ ਅਤੇ ਵਰਤਮਾਨ ਵਿੱਚ ਜੇਲ੍ਹ ਵਿੱਚ ਬੰਦ ਇਮਰਾਨ ਖ਼ਾਨ ਦੀ ਸਖ਼ਤ ਆਲੋਚਨਾ ਕਰਦੇ ਹੋਏ ਉਨ੍ਹਾਂ ਨੂੰ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਦੱਸਿਆ। ਆਈਐੱਸਪੀਆਰ ਦੇ ਡਾਇਰੈਕਟਰ ਜਨਰਲ ਦਾ ਲਹਿਜ਼ਾ ਮਾਮਲੇ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ। ਅਹਿਮਦ ਸ਼ਰੀਫ ਚੌਧਰੀ ਨੇ ਕਿਹਾ, "ਉਸ ਵਿਅਕਤੀ (ਇਮਰਾਨ ਖ਼ਾਨ) ਦਾ ਬਿਆਨ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਬਣ ਗਿਆ ਹੈ।" ਪਾਕਿਸਤਾਨੀ ਫੌਜ ਦੇ ਬੁਲਾਰੇ ਨੇ ਇੱਥੋਂ ਤੱਕ ਕਿਹਾ ਕਿ, "ਇਸ ਆਦਮੀ ਵਿੱਚ ਮਾਨਸਿਕ ਬਿਮਾਰੀ ਦੇ ਸੰਕੇਤ ਨਜ਼ਰ ਆ ਰਹੇ ਹਨ।" ਸਾਬਕਾ ਪ੍ਰਧਾਨ ਮੰਤਰੀ ਨੂੰ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਦੱਸਣ ਵਾਲੀ ਫੌਜੀ ਬੁਲਾਰੇ ਦੀ ਸਖ਼ਤ ਭਾਸ਼ਾ ਗੰਭੀਰ ਅਤੇ ਅਰਥਪੂਰਨ ਵੀ। ਪਰ ਇਹ ਪਾਕਿਸਤਾਨੀ ਰਾਜਨੀਤਿਕ ਪ੍ਰਣਾਲੀ ਅਤੇ ਇਸ ਦੇ ਇਤਿਹਾਸ ਵਿੱਚ ਕੋਈ ਅਸਾਧਾਰਨ ਘਟਨਾ ਨਹੀਂ ਹੈ।

ਅਸੀਂ ਇਹ ਦੇਖਣ ਦੀ ਕੋਸ਼ਿਸ਼ ਕਰਦੇ ਹਾਂ ਕਿ ਪਾਕਿਸਤਾਨ ਵਿੱਚ 'ਰਾਸ਼ਟਰੀ ਸੁਰੱਖਿਆ ਖ਼ਤਰਾ' ਜਾਂ 'ਸੁਰੱਖਿਆ ਜੋਖਮ' ਸ਼ਬਦ ਦਾ ਇਤਿਹਾਸ ਕੀ ਹੈ ਅਤੇ ਹੁਣ ਤੱਕ ਇਸ ਤੋਂ ਕੌਣ-ਕੌਣ ਪ੍ਰਭਾਵਿਤ ਹੋਇਆ ਹੈ? ਇਸ ਦੇ ਨਾਲ ਹੀ ਅਜਿਹੇ 'ਰਾਜਨੀਤਿਕ ਹਥਿਆਰ' ਉਸ ਸਮੇਂ ਦੀ ਰਾਜਨੀਤੀ, ਪ੍ਰਣਾਲੀ ਅਤੇ ਰਾਜ ਲਈ ਕਿਸ ਹੱਦ ਤੱਕ ਘਾਤਕ ਸਾਬਤ ਹੋਏ? ਅਤੇ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਐਲਾਨੇ ਗਏ ਲੋਕ ਬਾਅਦ ਵਿੱਚ "ਦੇਸ਼ ਭਗਤ" ਕਿਵੇਂ ਬਣ ਗਏ? ਦੇਸ਼ ਦੀ ਸਥਾਪਨਾ ਤੋਂ ਬਾਅਦ ਪੂਰਾ ਦਹਾਕਾ ਸਿਆਸਤਦਾਨਾਂ ਅਤੇ ਸਿਵਲ ਅਤੇ ਫੌਜੀ ਨੌਕਰਸ਼ਾਹਾਂ ਵਿਚਕਾਰ ਰਾਜਨੀਤਿਕ ਸੰਘਰਸ਼ ਵਿੱਚ ਲੰਘਿਆ। ਨਤੀਜੇ ਵਜੋਂ, ਸੰਵਿਧਾਨਕ, ਲੋਕਤੰਤਰੀ ਅਤੇ ਰਾਜਨੀਤਿਕ ਸੰਸਥਾਵਾਂ ਵਧ-ਫੁੱਲ ਨਹੀਂ ਸਕੀਆਂ। ਨਤੀਜਾ ਇਹ ਹੋਇਆ ਕਿ ਪ੍ਰਧਾਨ ਮੰਤਰੀ ਬਦਲਦੇ ਰਹੇ, ਸਰਕਾਰਾਂ ਡਿੱਗਦੀਆਂ ਰਹੀਆਂ ਅਤੇ ਆਖ਼ਰਕਾਰ ਅਯੂਬ ਖ਼ਾਨ ਨੇ ਹਾਲਾਤ ਅਤੇ ਘਟਨਾਕ੍ਰਮ ਨੂੰ ਭ੍ਰਿਸ਼ਟ ਦੱਸਦੇ ਹੋਏ ਸੱਤਾ ਖੋਹ ਲਈ।

ਪ੍ਰਧਾਨ ਮੰਤਰੀਆਂ ਦੇ ਅਧਿਕਾਰ ਕਈ ਤਰੀਕਿਆਂ ਨਾਲ ਸੀਮਤ ਸਨ। ਉਸ ਸਮੇਂ ਦੇ ਪ੍ਰਧਾਨ ਮੰਤਰੀ, ਹੁਸੈਨ ਸ਼ਹੀਦ ਸੁਹਰਾਵਰਦੀ, ਜੋ ਪੂਰਬੀ ਅਤੇ ਪੱਛਮੀ ਪਾਕਿਸਤਾਨ ਦੋਵਾਂ ਵਿੱਚ ਇੱਕ ਪ੍ਰਸਿੱਧ ਨੇਤਾ ਸਨ, ਨੂੰ ਸਿਵਲ-ਫੌਜੀ ਨੌਕਰਸ਼ਾਹੀ ਨੇ ਇਸ ਸ਼ਰਤ 'ਤੇ ਸਵੀਕਾਰ ਕਰ ਲਿਆ ਸੀ ਕਿ ਉਹ ਪੱਛਮੀ-ਪੱਖੀ ਵਿਦੇਸ਼ ਨੀਤੀ ਜਾਰੀ ਰੱਖਣਗੇ ਅਤੇ ਫੌਜੀ ਮਾਮਲਿਆਂ ਵਿੱਚ ਦਖ਼ਲ ਨਹੀਂ ਦੇਣਗੇ। ਕਯੂਮ ਨਿਜ਼ਾਮੀ ਆਪਣੀ ਕਿਤਾਬ, 'ਜਨਰਲਜ਼ ਐਂਡ ਪੋਲੀਟੀਸ਼ੀਅਨਜ਼ ਇਨ ਦਿ ਕੋਰਟ ਆਫ਼ ਹਿਸਟਰੀ' ਵਿੱਚ ਲਿਖਦੇ ਹਨ ਕਿ ਪਾਕਿਸਤਾਨ ਦੇ ਸੰਸਥਾਪਕ, ਮੁਹੰਮਦ ਅਲੀ ਜਿਨਾਹ ਨੂੰ ਫੌਜੀ ਅਧਿਕਾਰੀਆਂ ਬਾਰੇ ਚਿੰਤਾ ਸੀ ਅਤੇ ਇਹ ਉਦੋਂ ਦੇਖਿਆ ਜਦੋਂ ਅਯੂਬ ਖਾਨ ਨੂੰ ਸ਼ਰਨਾਰਥੀਆਂ ਦੇ ਪੁਨਰਵਾਸ ਵਿੱਚ ਸਰਦਾਰ ਅਬਦੁਲ ਰਬ ਨਿਸ਼ਤਾਰ ਦੀ ਸਹਾਇਤਾ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਅਬਦੁਲ ਰਬ ਨਿਸ਼ਤਾਰ ਨੇ ਮੁਹੰਮਦ ਅਲੀ ਜਿਨਾਹ ਨੂੰ ਸੌਂਪੀ ਆਪਣੀ ਰਿਪੋਰਟ ਵਿੱਚ ਕਿਹਾ ਕਿ ਅਯੂਬ ਖ਼ਾਨ ਨੇ ਆਪਣੇ ਫਰਜ਼ਾਂ ਪ੍ਰਤੀ ਪੇਸ਼ੇਵਰ ਰਵੱਈਆ ਨਹੀਂ ਅਪਣਾਇਆ ਸੀ। ਇਸ ਉੱਤੇ ਪਾਕਿਸਤਾਨ ਦੇ ਸੰਸਥਾਪਕ ਨੇ ਇਹ ਸ਼ਬਦ ਕਹੇ ਸਨ: "ਮੈਂ ਇਸ ਫੌਜੀ ਅਫਸਰ ਨੂੰ ਜਾਣਦਾ ਹਾਂ। ਉਨ੍ਹਾਂ ਦੀ ਫੌਜੀ ਮਾਮਲਿਆਂ ਨਾਲੋਂ ਰਾਜਨੀਤੀ ਵਿੱਚ ਦਿਲਚਸਪੀ ਹੈ।" ਜਨਰਲ ਅਯੂਬ ਨੇ ਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਆਪਣੇ ਪਹਿਲੇ ਭਾਸ਼ਣ ਵਿੱਚ ਸਿਆਸਤਦਾਨਾਂ ਬਾਰੇ ਖ਼ਾਸ ਤੌਰ 'ਤੇ ਸਖ਼ਤ ਸ਼ਬਦਾਂ ਦੀ ਵਰਤੋਂ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ, "ਮੁਸੀਬਤ ਪੈਦਾ ਕਰਨ ਵਾਲਿਆਂ, ਰਾਜਨੀਤਿਕ ਮੌਕਾਪ੍ਰਸਤਾਂ, ਤਸਕਰਾਂ, ਫੇਰੀਆਂ ਵਾਲਿਆਂ ਅਤੇ ਹੋਰ ਸਮਾਜਿਕ ਕੀੜਿਆਂ, ਸ਼ਾਰਕਾਂ ਅਤੇ ਜੋਕਾਂ ਲਈ ਕੁਝ ਸ਼ਬਦ: ਫੌਜ ਅਤੇ ਲੋਕ ਤੁਹਾਡੀ ਮੌਜੂਦਗੀ ਨਾਲ ਨਫ਼ਰਤ ਕਰਦੇ ਹਨ। ਇਹ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਨਾ ਅਤੇ ਆਪਣੇ ਤਰੀਕੇ ਬਦਲਣਾ ਆਪਣੇ ਹਿੱਤ ਵਿੱਚ ਹੈ, ਨਹੀਂ ਤਾਂ ਬਦਲਾ ਲੈਣਾ ਯਕੀਨੀ ਅਤੇ ਤੁਰੰਤ ਹੋਵੇਗਾ।"

ਗੌਰਤਲਬ ਹੈ ਕਿ ਅਯੂਬ ਖ਼ਾਨ ਨੇ ਸਿਆਸਤਦਾਨਾਂ ਨੂੰ ਰਾਜਨੀਤੀ ਤੋਂ ਦੂਰ ਰੱਖਣ ਲਈ "ਹੇਬਦੋ" ਕਾਨੂੰਨ ਬਣਾਇਆ ਸੀ। ਇਸ ਕਾਨੂੰਨ ਦੇ ਤਹਿਤ, ਪ੍ਰਮੁੱਖ ਸਿਆਸਤਦਾਨਾਂ ਨੂੰ ਰਾਜਨੀਤੀ ਵਿੱਚ ਹਿੱਸਾ ਲੈਣ ਤੋਂ ਅਯੋਗ ਕਰਾਰ ਦਿੱਤਾ ਗਿਆ ਸੀ। 'ਹੇਬਦੋ' ਕਾਨੂੰਨ ਅਸਲ ਵਿੱਚ ਇੱਕ ਰਾਜਨੀਤਿਕ ਬਦਲਾਦੀ ਭਾਵਨਾ ਨਾਲ ਬਣਿਆ ਗਿਆ ਸੀ, ਜਿਸਦਾ ਸਪਸ਼ਟ ਉਦੇਸ਼ ਜਨਤਾ ਦੀਆਂ ਨਜ਼ਰਾਂ ਵਿੱਚ ਸਿਆਸਤਦਾਨਾਂ ਨੂੰ ਕਮਜ਼ੋਰ ਕਰਨਾ ਸੀ।



### ਫਾਤਿਮਾ ਜਿਨਾਹ ਅਤੇ ਬੇਨਜ਼ੀਰ

ਪਹਿਲੇ ਮਾਰਸ਼ਲ ਲਾਅ ਦੇ ਲਾਗੂ ਹੋਣ ਤੋਂ ਬਾਅਦ, ਇਹ ਆਮ ਸੱਭਿਆਚਾਰ ਬਣ ਗਿਆ ਜੋ ਸਰਕਾਰ ਵਿਰੋਧੀ ਖੇਮੇ ਵਿੱਚ ਹਨ ਉਨ੍ਹਾਂ ਨੂੰ ਵਿਦੇਸ਼ੀ ਸਾਜ਼ਿਸ਼ਾਂ ਦਾ ਹਿੱਸਾ ਮੰਨਿਆ ਜਾਂਦਾ ਸੀ। ਜਦੋਂ ਅਯੂਬ ਖ਼ਾਨ ਅਤੇ ਫਾਤਿਮਾ ਜਿਨਾਹ ਵਿਚਕਾਰ ਰਾਸ਼ਟਰਪਤੀ ਚੋਣ ਹੋਈ, ਤਾਂ ਫਾਤਿਮਾ ਜਿਨਾਹ ਨੂੰ "ਦੇਸ਼ਧ੍ਰੋਹੀ" ਤੱਕ ਕਿਹਾ ਗਿਆ। ਉਨ੍ਹਾਂ ਦੇ ਚਰਿੱਤਰ 'ਤੇ ਹਮਲਾ ਕੀਤਾ ਗਿਆ ਅਤੇ ਅਯੂਬ ਖ਼ਾਨ ਅਤੇ ਉਨ੍ਹਾਂ ਦੇ ਸਮਰਥਕਾਂ ਦੁਆਰਾ ਵੰਡੇ ਗਏ ਪੈਂਫਲੇਟਾਂ ਨੇ ਫਾਤਿਮਾ ਜਿਨਾਹ 'ਤੇ ਦੇਸ਼ ਨੂੰ ਤੋੜਨ ਦੀ ਸਾਜ਼ਿਸ਼ ਰਚਣ ਦਾ ਇਲਜ਼ਾਮ ਲਗਾਇਆ। ਹਾਮਿਦ ਖ਼ਾਨ ਆਪਣੀ ਕਿਤਾਬ, 'ਪਾਕਿਸਤਾਨ ਦਾ ਸੰਵਿਧਾਨਕ ਅਤੇ ਰਾਜਨੀਤਿਕ ਇਤਿਹਾਸ' ਵਿੱਚ ਲਿਖਦੇ ਹਨ, "ਅਯੂਬ ਖ਼ਾਨ ਸਰਕਾਰ ਨੇ ਫਾਤਿਮਾ ਜਿਨਾਹ ਖ਼ਿਲਾਫ਼ ਦੇਸ਼ਧ੍ਰੋਹ ਅਤੇ ਦੇਸ਼ ਵਿਰੋਧੀ ਭਾਵਨਾਵਾਂ ਪੈਦਾ ਕੀਤੀਆਂ।" ਪਾਕਿਸਤਾਨ ਦੇ ਸੰਵਿਧਾਨ ਦੇ ਨਿਰਮਾਤਾ ਜ਼ੁਲਫਿਕਾਰ ਅਲੀ ਭੁੱਟੋ ਨੂੰ ਫਾਂਸੀ ਦੇ ਦਿੱਤੀ ਗਈ, ਜਦੋਂ ਕਿ ਉਨ੍ਹਾਂ ਦੀ ਧੀ, ਬੇਨਜ਼ੀਰ ਭੁੱਟੋ 'ਤੇ ਵੀ ਦੇਸ਼ਧ੍ਰੋਹ ਦਾ ਇਲਜ਼ਾਮ ਲਗਾਇਆ ਗਿਆ। ਕਯੂਮ ਨਿਜ਼ਾਮੀ ਆਪਣੀ ਕਿਤਾਬ ਵਿੱਚ ਲਿਖਦੇ ਹਨ ਕਿ "ਭਾਰਤੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਦਸੰਬਰ 1988 ਅਤੇ ਜੁਲਾਈ 1989 ਵਿੱਚ ਪਾਕਿਸਤਾਨ ਦਾ ਦੌਰਾ ਕੀਤਾ ਸੀ। ਰਾਜੀਵ ਅਤੇ ਬੇਨਜ਼ੀਰ ਦੋਵੇਂ ਨੌਜਵਾਨ ਨੇਤਾ ਸਨ। ਉਨ੍ਹਾਂ ਬਾਰੇ ਆਮ ਧਾਰਨਾ ਇਹ ਸੀ ਕਿ ਉਹ ਅਤੀਤ ਦੀਆਂ ਨਫ਼ਰਤਾਂ ਨੂੰ ਭੁੱਲ ਜਾਣਗੇ ਅਤੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਨਗੇ।" "ਪਾਕਿਸਤਾਨ ਅਤੇ ਭਾਰਤ ਨੇ ਇੱਕ ਦੂਜੇ ਦੇ ਪਰਮਾਣੂ ਟਿਕਾਣਿਆਂ 'ਤੇ ਹਮਲਾ ਨਾ ਕਰਨ ਦਾ ਸਮਝੌਤਾ ਕੀਤਾ। ਰਾਜੀਵ ਗਾਂਧੀ ਨੇ ਸਿਆਚਿਨ ਗਲੇਸ਼ੀਅਰ ਮੁੱਦੇ 'ਤੇ ਸਕਾਰਾਤਮਕ ਜਵਾਬ ਦਿੱਤਾ। ਖ਼ੁਫ਼ੀਆ ਏਜੰਸੀਆਂ ਨੇ ਦੋਵਾਂ ਨੇਤਾਵਾਂ ਦੀਆਂ ਬੈਠਕਾਂ 'ਤੇ ਨਜ਼ਰ ਰੱਖੀ ਅਤੇ ਸਿੱਟਾ ਕੱਢਿਆ ਕਿ ਰਾਸ਼ਟਰੀ ਸੁਰੱਖਿਆ ਦੇ ਮਾਮਲਿਆਂ ਵਿੱਚ ਬੇਨਜ਼ੀਰ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ।" ਸਮਾਜਿਕ ਕਾਰਕੁਨ ਅਤੇ ਇਤਿਹਾਸ ਦੇ ਅਧਿਆਪਕ ਅੰਮਾਰ ਅਲੀ ਜਾਨ ਕਹਿੰਦੇ ਹਨ, "ਇਹ ਇੱਕ ਦੁਖਾਂਤ ਹੈ ਕਿ ਕਈ ਵਾਰ ਸਾਰੇ ਬੰਗਾਲੀਆਂ ਨੂੰ ਰਾਸ਼ਟਰੀ ਸੁਰੱਖਿਆ ਮੁੱਦਾ ਐਲਾਨਿਆ ਗਿਆ, ਕਈ ਵਾਰ ਜ਼ੁਲਫਿਕਾਰ ਅਲੀ ਭੁੱਟੋ ਨੂੰ ਫਾਂਸੀ ਦਿੱਤੀ ਗਈ ਤਾਂ ਕਦੇ ਫਾਤਿਮਾ ਜਿਨਾਹ ਅਤੇ ਬੇਨਜ਼ੀਰ ਨੂੰ ਸੁਰੱਖਿਆ ਖ਼ਤਰਾ ਐਲਾਨਿਆ ਗਿਆ।"

### ਨਵਾਜ਼ ਸ਼ਰੀਫ਼ ਅਤੇ ਇਮਰਾਨ ਖ਼ਾਨ

ਸਾਨੂੰ ਅਕਤੂਬਰ 2020 ਵਿੱਚ ਮੀਆਂ ਨਵਾਜ਼ ਸ਼ਰੀਫ਼ ਦੇ ਉਸ ਭਾਸ਼ਣ ਨੂੰ ਯਾਦ ਰੱਖਣਾ ਚਾਹੀਦਾ ਹੈ ਜੋ ਉਨ੍ਹਾਂ ਨੇ ਵਿਰੋਧੀ ਪਾਰਟੀਆਂ ਦੀ ਪਹਿਲੀ ਮੀਟਿੰਗ ਵਿੱਚ ਵੀਡੀ ਲਿੰਕ ਰਾਹੀਂ ਦਿੱਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ "ਦੇਸ਼ ਦੇ ਸੰਵਿਧਾਨ ਨੂੰ ਤੋੜਨ ਵਾਲੇ ਦੇਸ਼ ਭਗਤ ਹਨ ਅਤੇ ਇਸ ਮੀਟਿੰਗ ਵਿੱਚ ਮੌਜੂਦ ਦੇਸ਼ ਦੀ ਰਾਜਨੀਤਿਕ ਲੀਡਰਸ਼ਿਪ ਦੇਸ਼ਧ੍ਰੋਹੀ ਹੈ।" ਤਤਕਾਲੀ ਫੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੂੰ ਸੰਬੋਧਨ ਕਰਦਿਆਂ ਹੋਇਆ ਉਨ੍ਹਾਂ ਨੇ ਕਿਹਾ, "ਜੇ ਤੁਸੀਂ ਨਵਾਜ਼ ਸ਼ਰੀਫ਼ ਨੂੰ ਦੇਸ਼ਧ੍ਰੋਹੀ ਕਹਿਣਾ ਚਾਹੁੰਦੇ ਹੋ, ਤਾਂ ਬਿਲਕੁਲ ਕਹੋ। ਪਰ ਨਵਾਜ਼ ਸ਼ਰੀਫ਼ ਲੋਕਾਂ ਕੋਲੋਂ ਉਨ੍ਹਾਂ ਦੀ ਵੋਟ ਦਾ ਸਤਿਕਾਰ ਕਰਵਾਉਣਗੇ।" ਅਕਤੂਬਰ ਵਿੱਚ ਲਾਹੌਰ ਵਿੱਚ ਮੀਆਂ ਨਵਾਜ਼ ਸ਼ਰੀਫ਼ ਖ਼ਿਲਾਫ਼ ਦੇਸ਼ਧ੍ਰੋਹ ਅਤੇ ਰਾਜਧ੍ਰੋਹ ਦਾ ਮਾਮਲਾ ਦਰਜ ਕੀਤਾ ਗਿਆ ਸੀ, ਜਿਸ 'ਤੇ ਉਨ੍ਹਾਂ ਦੀ ਪਾਰਟੀ ਵੱਲੋਂ ਸਖ਼ਤ ਪ੍ਰਤੀਕਿਰਿਆ ਆਈ ਸੀ। ਇਸੇ ਤਰ੍ਹਾਂ, ਮਾਰਚ 2021 ਵਿੱਚ ਮੀਆਂ ਨਵਾਜ਼ ਸ਼ਰੀਫ਼ ਨੇ ਲੰਡਨ ਤੋਂ ਇੱਕ ਵੀਡੀ ਸੰਦੇਸ਼ ਜਾਰੀ ਕੀਤਾ ਜਿਸ ਵਿੱਚ ਉਨ੍ਹਾਂ ਨੇ ਕਿਹਾ, "ਪਹਿਲਾਂ, ਤੁਸੀਂ ਕਰਾਚੀ ਦੇ ਉਸ ਹੋਟਲ ਦੇ ਕਮਰੇ ਦਾ ਦਰਵਾਜ਼ਾ ਤੋੜਿਆ ਜਿੱਥੇ ਮਰੀਅਮ ਠਹਿਰੀ ਹੋਈ ਸੀ ਅਤੇ ਹੁਣ ਤੁਸੀਂ ਉਸ ਨੂੰ ਧਮਕੀਆਂ ਦੇ ਰਹੇ ਹੋ।" ਮੀਆਂ ਨਵਾਜ਼ ਸ਼ਰੀਫ਼ ਨੇ ਕਿਹਾ, "ਜੇਕਰ ਮਰੀਅਮ ਨੂੰ ਕੋਈ ਨੁਕਸਾਨ ਪਹੁੰਚਦਾ ਹੈ, ਤਾਂ ਇਸ ਲਈ ਇਮਰਾਨ ਖ਼ਾਨ, ਫੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਅਤੇ ਡੀਜੀ ਆਈਐੱਸਆਈ ਜਨਰਲ ਫੈਜ਼ ਹਮੀਦ ਜ਼ਿੰਮੇਵਾਰ ਹੋਣਗੇ।"

ਇਹ ਧਿਆਨ ਦੇਣ ਯੋਗ ਹੈ ਕਿ ਇਹ ਉਹ ਸਮਾਂ ਸੀ ਜਦੋਂ ਮੀਆਂ ਨਵਾਜ਼ ਸ਼ਰੀਫ਼, ਉਨ੍ਹਾਂ ਦੀ ਪਾਰਟੀ ਅਤੇ ਇਸਟੈਬਲਿਸ਼ਮੈਂਟ (ਪਾਕਿਸਤਾਨ ਫੌਜ) ਵਿਚਕਾਰ ਤਣਾਅ ਵਧ ਗਿਆ ਸੀ ਅਤੇ ਇਹ ਕਿਹਾ ਜਾ ਰਿਹਾ ਸੀ ਕਿ ਦੋਵਾਂ ਪਾਰਟੀਆਂ ਲਈ ਪਿੱਛੇ ਮੁੜਨ ਦਾ ਕੋਈ ਮੌਕਾ ਨਹੀਂ ਹੈ। ਮਈ 2018 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਸ਼ਾਹਿਦ ਖਾਕਾਨ ਅੱਬਾਸੀ ਨੇ ਸੰਸਦ ਨੂੰ ਸੰਬੋਧਨ ਕਰਦੇ ਹੋਏ ਕਿਹਾ ਸੀ ਕਿ "ਦੇਸ਼ ਨੂੰ ਅਜਿੱਤ ਬਣਾਉਣ ਵਾਲੇ ਵਿਅਕਤੀ ਵਿਰੁੱਧ ਦੇਸ਼ਧ੍ਰੋਹ ਦੀ ਗੱਲ ਸਵੀਕਾਰਯੋਗ ਨਹੀਂ ਹੈ।"

ਸ਼ਾਹਿਦ ਖਾਕਾਨ ਅੱਬਾਸੀ ਦੇ ਭਾਸ਼ਣ ਦਾ ਪਿਛੋਕੜ ਇਹ ਸੀ ਕਿ ਮੀਆਂ ਨਵਾਜ਼ ਸ਼ਰੀਫ ਨੇ ਇੱਕ ਅੰਗਰੇਜ਼ੀ ਅਖ਼ਬਾਰ ਨਾਲ ਇੰਟਰਵਿਊ ਵਿੱਚ ਕਿਹਾ ਸੀ, "ਫੌਜੀ ਸੰਗਠਨ ਸਰਗਰਮ ਹਨ। ਉਨ੍ਹਾਂ ਨੂੰ ਨੌਨ-ਸਟੇਟ ਐਕਸਟ੍ਰਸ ਕਿਹਾ ਜਾਂਦਾ ਹੈ। ਕੀ ਅਸੀਂ ਉਨ੍ਹਾਂ ਨੂੰ ਸਰਹੱਦ ਪਾਰ ਕਰਕੇ ਮੁੰਬਈ ਵਿੱਚ 150 ਲੋਕਾਂ ਨੂੰ ਮਾਰਨ ਦੀ ਇਜਾਜ਼ਤ ਦੇ ਸਕਦੇ ਹਾਂ?"

ਜਦੋਂ ਨਵਾਜ਼ ਸ਼ਰੀਫ ਨੂੰ ਦੇਸ਼ਧ੍ਰੋਹੀ ਐਲਾਨਿਆ ਗਿਆ, ਤਾਂ ਉਨ੍ਹਾਂ ਕਿਹਾ, "ਜੇਕਰ ਮੈਂ ਦੇਖਧ੍ਰੋਹੀ ਹਾਂ, ਤਾਂ ਇੱਕ ਰਾਸ਼ਟਰੀ ਕਮਿਸ਼ਨ ਬਣਾ।" ਇਹ ਧਿਆਨ ਦੇਣ ਯੋਗ ਹੈ ਕਿ 2013 ਵਿੱਚ ਜਦੋਂ ਮਿਆਂ ਨਵਾਜ਼ ਸ਼ਰੀਫ ਦੇ ਸੱਤਾ ਸੰਭਾਲੀ ਸੀ, ਉਦੋਂ ਤੋਂ ਲੈ ਕੇ ਉਨ੍ਹਾਂ ਕੋਲੋਂ ਪ੍ਰਧਾਨ ਮੰਤਰੀ ਦਾ ਅਹੁਦਾ ਖੋਹੇ ਜਾਣ ਤੱਕ ਅਤੇ ਬਾਅਦ ਵਿੱਚ 2018 ਦੀਆਂ ਚੋਣਾਂ ਤੱਕ, ਇਸਟੈਬਲਿਸ਼ਮੈਂਟ ਨਾਲ ਉਨ੍ਹਾਂ ਦਾ ਟਕਰਾਅ ਆਪਣੇ ਸਿਖ਼ਰ 'ਤੇ ਸੀ। ਮੀਆਂ ਨਵਾਜ਼ ਸ਼ਰੀਫ਼ ਅਤੇ ਇਸਟੈਬਲਿਸ਼ਮੈਂਟ ਵਿਚਕਾਰ ਟਕਰਾਅ 1990 ਦੇ ਦਹਾਕੇ ਦੌਰਾਨ ਰੁਕ-ਰੁਕ ਕੇ ਜਾਰੀ ਰਿਹਾ ਅਤੇ 12 ਅਕਤੂਬਰ, 1999 ਨੂੰ ਨਵਾਜ਼ ਸ਼ਰੀਫ ਨੂੰ ਸੱਤਾ ਤੋਂ ਹਟਾਏ ਜਾਣ ਦੇ ਨਾਲ ਖ਼ਤਮ ਹੋਇਆ। ਜਨਰਲ ਪਰਵੇਜ਼ ਮੁਸ਼ੱਰਫ ਦੇ ਸ਼ਾਸਨ ਦੌਰਾਨ, ਨਵਾਜ਼ ਸ਼ਰੀਫ ਅਤੇ ਉਨ੍ਹਾਂ ਦੇ ਭਰਾ 'ਤੇ ਜਹਾਜ਼ ਨੂੰ ਅਗਵਾ ਕਰਨ ਦੀ ਸਾਜ਼ਿਸ਼ ਰਚਣ ਦਾ ਮਾਮਲਾ ਦਰਜ ਹੋਇਆ ਸੀ। ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਮੀਆਂ ਨਵਾਜ਼ ਸ਼ਰੀਫ ਦਾ ਇਸਟੈਬਲਿਸ਼ਮੈਂਟ ਨਾਲ ਟਕਰਾ ਹੋਇਆ ਸੀ ਅਤੇ ਉਨ੍ਹਾਂ ਨੂੰ ਇਲਜ਼ਾਮਾਂ ਦਾ ਸਾਹਮਣਾ ਕਰਨਾ ਪਿਆ ਸੀ, ਇਮਰਾਨ ਖਾਨ ਇਸ ਸਮੇਂ ਵੀ ਇਸੇ ਤਰ੍ਹਾਂ ਦੀ ਸਥਿਤੀ ਦਾ ਸਾਹਮਣਾ ਕਰ ਰਹੇ ਹਨ।

ਸ਼ੁੱਕਰਵਾਰ ਨੂੰ ਡੀਜੀ ਆਈਐਸਪੀਆਰ ਦੀ ਪ੍ਰੈਸ ਕਾਨਫਰੰਸ ਨੇ ਇਸ ਸ਼ੱਕ ਨੂੰ ਹੋਰ ਮਜ਼ਬੂਤ ਕੀਤਾ ਕਿ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ, ਉਨ੍ਹਾਂ ਦੀ ਪਾਰਟੀ ਅਤੇ ਇਸਟੈਬਲਿਸ਼ਮੈਂਟ ਵਿਚਕਾਰ ਤਣਾਅ ਇੱਕ ਉਬਲਦੇ ਬਿੰਦੂ 'ਤੇ ਪਹੁੰਚ ਗਿਆ ਹੈ, ਅਤੇ ਪਿੱਛੇ ਮੁੜਨ ਦਾ ਕੋਈ ਮੌਕਾ ਨਹੀਂ ਹੈ। ਇਮਰਾਨ ਖਾਨ ਅਤੇ ਇਸਟੈਬਲਿਸ਼ਮੈਂਟ ਵਿਚਕਾਰ ਤਣਾਅ ਦੀ ਨੀਂਹ 2022 ਵਿੱਚ ਪੀਟੀਆਈ ਸਰਕਾਰ ਦੇ ਪਤਨ ਤੋਂ ਥੋੜ੍ਹੀ ਦੇਰ ਪਹਿਲਾਂ ਰੱਖੀ ਗਈ ਸੀ, ਪਰ ਸਮੇਂ ਦੇ ਨਾਲ ਕੁਝ ਘਟਨਾਵਾਂ ਨੇ ਉਨ੍ਹਾਂ ਦੀ ਤੀਬਰਤਾ ਨੂੰ ਵਧਾ ਦਿੱਤਾ। ਆਪਣੀ ਸਰਕਾਰ ਦੇ ਆਖ਼ਰੀ ਦਿਨਾਂ ਵਿੱਚ ਇਮਰਾਨ ਖਾਨ ਨੇ ਤਤਕਾਲੀ ਫੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਦੀ ਆਲੋਚਨਾ ਕਰਨੀ ਸ਼ੁਰੂ ਕਰ ਦਿੱਤੀ। ਮੀਰ ਜਾਫ਼ਰ ਅਤੇ ਮੀਰ ਸਾਦਿਕ ਵਰਗੇ ਨਿਰਪੱਖ ਸ਼ਬਦ, ਉਨ੍ਹਾਂ ਦੇ ਪਿੱਛੇ ਲੁਕੇ ਅਰਥਾਂ ਦੇ ਨਾਲ ਉਭਰ ਕੇ ਸਾਹਮਣੇ ਆਏ। ਜਿਵੇਂ ਹੀ ਇਮਰਾਨ ਖ਼ਾਨ ਨੂੰ ਅਹਿਸਾਸ ਹੋਣ ਲੱਗਾ ਕਿ ਬੇਭਰੋਸਗੀ ਮਤਾ ਸਰਕਾਰ ਦੇ ਪਤਨ ਦਾ ਕਾਰਨ ਬਣ ਸਕਦਾ ਹੈ, ਉਹ ਹੋਰ ਵੀ ਹਮਲਾਵਰ ਹੁੰਦੇ ਗਏ। ਸਰਕਾਰ ਦੇ ਪਤਨ ਤੋਂ ਬਾਅਦ ਤਣਾਅ ਵਧਦਾ ਰਿਹਾ ਅਤੇ ਫਿਰ 9 ਮਈ ਆ ਗਈ। ਇਹ ਉਹ ਪਲ ਸੀ ਜਦੋਂ ਦੁਵੱਲੇ ਤਣਾਅ ਨੇ ਇੱਕ ਨਵਾਂ ਮੋੜ ਲਿਆ। ਫਿਰ, ਪੀਟੀਆਈ ਦੀ ਅਸੁਰੱਖਿਆ ਅਤੇ ਅਗਲੇ ਸਾਲ 8 ਫਰਵਰੀ ਦੀਆਂ ਚੋਣਾਂ ਦੇ ਨਤੀਜਿਆਂ ਪ੍ਰਤੀ ਇਸਦੀ ਪ੍ਰਤੀਕਿਰਿਆ ਨੇ ਤਣਾਅ ਨੂੰ ਹੋਰ ਵਧਾ ਦਿੱਤਾ। ਇਸ ਤੋਂ ਇਲਾਵਾ, 26 ਨਵੰਬਰ, 2024 ਦੀ ਘਟਨਾ ਜਿਸ

(ਬਾਕੀ ਅਗਲੇ ਸਫੇ 'ਤੇ)

TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
IRS e-file
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
CTEC

CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39111 Paseo Padre Pkwy , suite 201 C, Fremont, CA 94538
Email:singhrpal@sbeglobal.net Singhtax.com

# ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀਆਂ ਹਸ਼ਰ- ਮੌਤ, ਜੇਲ ਜਾਂ ਦੇਸ਼ ਨਿਕਾਲਾ

(ਸਫਾ 8 ਦੀ ਬਾਕੀ)

ਨੇ ਅੱਗ ਵਿੱਚ ਘਿਉ ਪਾਉਣ ਦਾ ਕੰਮ ਕੀਤਾ।

ਹਾਲ ਦੇ ਦਿਨਾਂ ਵਿੱਚ ਸਾਬਕਾ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੀਆਂ ਭੈਣਾਂ, ਕੁਝ ਪਾਰਟੀਆਂ ਅਤੇ ਖ਼ੈਬਰ ਪਖ਼ਤੂਨਖ਼ਵਾ ਦੇ ਨਵੇਂ ਮੁੱਖ ਮੰਤਰੀ ਵਿਚਾਲੇ ਬੈਠਕਾਂ ਦੇ ਮੁਲਤਵੀ ਹੋਣ ਦੀਆਂ ਖ਼ਬਰਾਂ ਵੀ ਦੁਵੱਲੀ ਤਣਾਅ ਨੂੰ ਉਜਾਗਰ ਕਰਦੀ ਪ੍ਰਤੀਤ ਹੁੰਦੀ ਹੈ। ਇਸੇ ਸੰਦਰਭ ਵਿੱਚ ਸੋਸ਼ਲ ਨੈਟਵਰਕਿੰਗ ਪਲੇਟਫਾਰਮ ਐਕਸ 'ਤੇ ਸਾਬਕਾ ਪ੍ਰਧਾਨ ਮੰਤਰੀ ਦਾ ਬਿਆਨ ਇੱਕ ਸਿਖ਼ਰ ਵਜੋਂ ਸਾਹਮਣੇ ਆਇਆ। ਹਾਲੀਆ ਇਤਿਹਾਸ ਵਿੱਚ ਇੱਕ ਤੋਂ ਬਾਅਦ ਇੱਕ ਦੋ ਸਾਬਕਾ ਪ੍ਰਧਾਨ ਮੰਤਰੀਆਂ ਨੂੰ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਦੱਸਣ ਦਾ ਕੀ ਅਰਥ ਹੈ? ਇਸ ਬਾਰੇ, ਅੰਮਾਰ ਅਲੀ ਜਾਨ ਕਹਿੰਦੇ ਹਨ, "ਦੇਸ਼ਭਗਤੀ, ਦੇਸ਼ਧ੍ਰੋਹ, ਦੇਸ਼ ਵਿਰੋਧੀ, ਭ੍ਰਿਸ਼ਟਾਚਾਰ- ਇਹ ਸਾਰੇ ਸ਼ਬਦ ਪ੍ਰਚਾਰ ਦੇ ਉਦੇਸ਼ਾਂ ਲਈ ਵਰਤੇ ਜਾਂਦੇ ਹਨ।"

"ਇਸ ਤੋਂ ਇਲਾਵਾ, ਇਨ੍ਹਾਂ ਸ਼ਬਦਾਂ ਦਾ ਕੋਈ ਮਹੱਤਵ ਨਹੀਂ ਹੈ, ਸਿਰਫ਼ ਇੱਕ ਫਿਲਮ ਹੈ ਜੋ ਜਨਤਾ ਨੂੰ ਵਾਰ-ਵਾਰ ਦਿਖਾਈ ਜਾਂਦੀ ਹੈ।" ਇੱਕ ਹੋਰ ਜਿੱਥੇ ਸਿਆਸੀ ਆਗੂ ਇੱਕ-ਦੂਜੇ 'ਤੇ ਇਸੇ ਤਰ੍ਹਾਂ ਦੇ ਇਲਜ਼ਾਮ ਲਗਾ ਰਹੇ ਹਨ, ਉੱਥੇ ਹੀ ਦੂਜੇ ਪਾਸੇ ਇਸਟੈਬਲਮਿਸ਼ਮੈਂਟ ਰਾਜਨੀਤਿਕ ਦਲਾਂ ਅਤੇ ਉਨ੍ਹਾਂ ਦੇ ਆਗੂਆਂ 'ਤੇ ਇਲਜ਼ਾਮ ਲਗਾ ਰਿਹਾ ਹੈ ਜਿਨ੍ਹਾਂ ਨੂੰ ਨਾਪਸੰਦ ਕਰਦਾ ਹੈ। ਹਾਲਾਂਕਿ, ਜਦੋਂ ਫੌਜੀ ਸਥਾਪਨਾ ਇੱਕ ਸਿਆਸਤਦਾਨ, ਖ਼ਾਸ ਕਰਕੇ ਇੱਕ ਸਾਬਕਾ ਪ੍ਰਧਾਨ ਮੰਤਰੀ ਨੂੰ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਐਲਾਨਦੀ ਹੈ, ਤਾਂ ਮਾਮਲਾ ਸਿਰਫ਼ ਰਾਜਨੀਤਿਕ ਬਿਆਨਬਾਜ਼ੀ ਤੱਕ ਸੀਮਿਤ ਨਹੀਂ ਰਹਿੰਦਾ ਹੈ। ਇਸ ਦੇ ਨਤੀਜੇ ਨਿਸ਼ਚਿਤ ਤੌਰ 'ਤੇ ਘਰੇਲੂ ਰਾਜਨੀਤੀ ਅਤੇ ਸਮਾਜ ਨੂੰ ਪ੍ਰਭਆਵਿਤ ਕਰਦੇ ਹਨ, ਕਿਉਂਕਿ ਇਸਟੈਬਲਿਸ਼ਮੈਂਟ ਅਤੇ ਰਾਜਨੀਤਿਕ ਪਾਰਟੀਆਂ ਵਿਚਕਾਰ ਟਕਰਾਅ ਲੰਮਾ ਹੋ ਸਕਦਾ ਹੈ।

ਹਾਲਾਂਕਿ, ਇਹ ਇੱਕ ਅਜੀਬ ਇਤਿਹਾਸ ਹੈ ਕਿ ਦੇਸ਼ਧ੍ਰੋਹ, ਵਿਦੇਸ਼ੀ ਸਾਜ਼ਿਸ਼ ਅਤੇ ਦੇਸ਼ ਵਿਰੋਧੀ ਗਤੀਵਿਧੀਆਂ ਦੇ ਦੋਸ਼ੀ ਲੋਕਾਂ ਨੂੰ ਬਾਅਦ ਵਿੱਚ 'ਦੇਸ਼ ਭਗਤ' ਐਲਾਨਿਆ ਜਾਂਦਾ ਹੈ। ਹੁਸੈਨ ਸ਼ਹੀਦ ਸੁਹਰਾਵਰਦੀ ਅਤੇ ਮੌਲਾਨਾ ਭਾਸ਼ਾਨੀ ਨੂੰ ਵੀ ਗੱਦਾਰ ਐਲਾਨਿਆ ਗਿਆ ਸੀ। ਜਦੋਂ ਜ਼ੁਲਫਿਕਾਰ ਅਲੀ ਭੁੱਟੋ 'ਤੇ ਦੇਸ਼ ਨੂੰ ਵੰਡਣ ਦਾ ਇਲਜ਼ਾਮ ਲਗਾਇਆ ਗਿਆ ਸੀ, ਤਾਂ ਗ਼ੁਲਾਮ ਇਸ਼ਾਕ ਖ਼ਾਨ ਦੇ ਰਾਸ਼ਟਰਪਤੀ ਕਾਲ ਦੌਰਾਨ, ਉਨ੍ਹਾਂ ਦੀ ਧੀ ਨੂੰ 'ਸੁਰੱਖਿਆ ਜੋਖ਼ਮ' ਐਲਾਨ ਕੀਤਾ ਗਿਆ ਸੀ। ਪਰ ਇਹ ਕਿੰਨਾ ਅਜੀਬ ਇਤਿਹਾਸ ਹੈ ਕਿ ਜਿਨ੍ਹਾਂ 'ਤੇ ਦੇਸ਼ਧ੍ਰੋਹ, ਵਿਦੇਸ਼ੀ ਸਾਜ਼ਿਸ਼ ਅਤੇ ਦੇਸ਼ ਵਿਰੋਧੀ ਦੇ ਹੋਣ ਦੇ ਇਲਜ਼ਾਮ ਲੱਗੇ ਉਨ੍ਹਾਂ ਨੂੰ ਬਾਅਦ ਵਿੱਚ 'ਦੇਸ਼ ਭਗਤ' ਕਰਾਰ ਦਿੱਤਾ ਗਿਆ। ਹੁਸੈਨ ਸ਼ਹੀਦ ਸੁਹਰਾਵਰਦੀ ਅਤੇ ਮੌਲਾਨਾ ਭਾਸ਼ਾਨੀ ਨੂੰ ਵੀ ਦੇਸ਼ਧ੍ਰੋਹੀ ਐਲਾਨਿਆ ਗਿਆ ਸੀ।

ਜਦੋਂ ਜ਼ੁਲਫਿਕਾਰ ਅਲੀ ਭੁੱਟੋ 'ਤੇ ਦੇਸ਼ ਨੂੰ ਵੰਡਣ ਦਾ ਇਲਜ਼ਾਮ ਲਗਾਇਆ ਗਿਆ ਸੀ, ਤਾਂ ਗ਼ੁਲਾਮ ਇਸ਼ਾਕ ਖ਼ਾਨ ਦੇ ਰਾਸ਼ਟਰਪਤੀ ਕਾਲ ਦੌਰਾਨ ਉਨ੍ਹਾਂ ਦੀ ਧੀ ਨੂੰ 'ਸੁਰੱਖਿਆ ਜੋਖ਼ਮ' ਐਲਾਨਿਆ ਗਿਆ ਸੀ। ਮੀਆਂ ਨਵਾਜ਼ ਸ਼ਰੀਫ਼ ਨੂੰ ਵੀ ਦੇਸ਼ ਦਾ ਦੁਸ਼ਮਣ ਐਲਾਨਿਆ ਗਿਆ ਸੀ ਅਤੇ ਹੁਣ ਇਮਰਾਨ ਖ਼ਾਨ ਨੂੰ ਸੁਰੱਖਿਆ ਲਈ ਖ਼ਤਰਾ ਐਲਾਨਿਆ ਗਿਆ ਹੈ। ਸਵਾਲ ਇਹ ਹੈ ਕਿ ਜਦੋਂ ਸਿਆਸਤਦਾਨ ਇੱਕ ਦੂਜੇ 'ਤੇ ਇਲਜ਼ਾਮ ਲਗਾਉਂਦੇ ਹਨ, ਤਾਂ ਉਹ ਅਸਲ ਵਿੱਚ ਇੱਕ-ਦੂਜੇ ਦੀ ਰਾਜਨੀਤੀ ਦੀ ਆਲੋਚਨਾ ਕਰ ਰਹੇ ਹੁੰਦੇ ਹਨ। ਪਰ ਸੱਤਾਧਾਰੀ ਸੰਸਥਾ, ਜੋ ਆਪਣੇ ਆਪ ਨੂੰ ਗ਼ੈਰ-ਰਾਜਨੀਤਿਕ ਕਹਿੰਦੀ ਹੈ ਅਤੇ ਹਾਲ ਹੀ ਵਿੱਚ ਪ੍ਰੈੱਸ ਕਾਨਫਰੰਸਾਂ ਵਿੱਚ ਵਾਰ-ਵਾਰ ਇਹ ਕਹਿ ਚੁੱਕੀ ਹੈ ਕਿ ਫੌਜ ਨੂੰ ਰਾਜਨੀਤੀ ਤੋਂ ਬਾਹਰ ਰੱਖਿਆ ਜਾਣਾ ਚਾਹੀਦਾ ਹੈ, ਸਿਆਸਤਦਾਨਾਂ 'ਤੇ ਅਜਿਹੇ ਇਲਜ਼ਾਮ ਕਿਉਂ ਲਗਾ ਰਹੀ ਹੈ?

ਅੰਮਾਰ ਅਲੀ ਜਾਨ ਕਹਿੰਦੇ ਹਨ, "ਸਾਡੀ ਇੱਕ ਬਦਕਿਸਮਤੀ ਇਹ ਹੈ ਕਿ ਡੀਜੀ ਆਈਐੱਸਪੀਆਰ ਨੂੰ ਇਹ ਤੈਅ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ ਕਿ ਕੌਣ ਸੁਰੱਖਿਆ ਲਈ ਖ਼ਤਰਾ ਹੈ ਅਤੇ ਕੌਣ ਨਹੀਂ।" "ਜਦੋਂ ਅਸੀਂ ਰਾਜ ਅਤੇ ਦੇਸ਼ ਭਗਤੀ ਬਾਰੇ ਗੱਲ ਕਰਦੇ ਹਾਂ, ਤਾਂ ਕਿਸੇ ਇੱਕ ਸੰਸਥਾ ਜਾਂ ਵਿਭਾਗ ਨੂੰ ਇਹ ਫ਼ੈਸਲਾ ਲੈਣ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। ਅਸੀਂ ਸਾਰੇ ਪਾਕਿਸਤਾਨੀ ਹਾਂ ਅਤੇ ਜੇਕਰ ਲੋਕ ਕਿਸੇ ਨੂੰ ਵੋਟ ਦਿੰਦੇ ਹਨ, ਜਾਂ ਉਨ੍ਹਾਂ ਦਾ ਸਮਰਥਨ ਕਰਦੇ ਹਨ, ਜਾਂ ਉਨ੍ਹਾਂ ਦਾ ਵਿਰੋਧ ਕਰਦੇ ਹਨ, ਤਾਂ ਇਹ ਲੋਕਾਂ ਦਾ ਅਧਿਕਾਰ ਹੈ।" ਉਨ੍ਹਾਂ ਦੇ ਅਨੁਸਾਰ, ਦਿਲਚਸਪ ਗੱਲ ਇਹ ਹੈ ਕਿ ਸਥਾਪਤੀ ਨੇ ਸਾਰੇ ਸਿਆਸਤਦਾਨਾਂ ਨੂੰ ਵਰਤਿਆ ਹੈ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਐਲਾਨ ਦਿੱਤਾ ਹੈ ਅਤੇ ਇਮਰਾਨ ਖ਼ਾਨ ਨਾਲ ਵੀ ਇਹੀ ਹੋਇਆ ਹੈ। "ਜੇ ਉਹ ਇੰਨੇ ਖ਼ਤਰਨਾਕ ਅਤੇ ਦੁਸ਼ਟ ਸਨ ਤਾਂ ਤੁਸੀਂ ਉਨ੍ਹਾਂ ਦਾ ਸਮਰਥਨ ਕਿਉਂ ਕੀਤਾ? ਤੁਸੀਂ ਉਨ੍ਹਾਂ ਨੂੰ ਸਰਕਾਰ ਵਿੱਚ ਕਿਉਂ ਲਿਆਂਦਾ?"

# ਬਲਬੀਰ ਸਿੰਘ ਪਰਮਾਰ ਸਦੀਵੀ ਵਿਛੋੜੇ ਦੇ ਗਏ




ਬੜੇ ਦੁੱਖ ਨਾਲ ਇਹ ਖਬਰ ਲਿਖੀ ਜਾ ਰਹੀ ਹੈ ਕਿ ਬਲਬੀਰ ਸਿੰਘ ਪਰਮਾਰ ਜੋ ਪਿੰਡ ਕਮਾਮ (ਨਵਾਂ ਸ਼ਹਿਰ) ਤੋਂ ਆ ਕੇ ਇੱਥੇ ਕੈਲੇਫੋਰਨੀਆ 'ਚ ਰਹਿ ਰਹੇ ਸਨ, ਜਨਵਰੀ 12, 2026 ਨੂੰ ਸਦੀਵੀ ਵਿਛੋੜੇ ਦੇ ਗਏ।

ਉਹਨਾਂ ਦੀ ਅੰਤਿਮ ਅਰਦਾਸ ਤੇ ਸਸਕਾਰ ਜਨਵਰੀ 18, 2026 ਨੂੰ ਕਰ ਦਿੱਤਾ ਗਿਆ।

ਬਹੁਤ ਦੁਖਦਾਈ ਖਬਰ ਹੈ ਤੇ ਮੈਂ ਬਲਬੀਰ ਪਰਮਾਰ ਜੀ ਨਾਲ ਪੜ੍ਹਦਾ ਸੀ ਤੇ ਇਕੱਠੇ ਕਾਲਜ ਜਾਂਦੇ ਰਹੇ ਤੇ ਹਮੇਸ਼ਾ ਦੋਸਤੀ ਵੀ ਰਹੀ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ੇ। ਅਦਾਰਾ 'ਪਰਦੇਸ ਟਾਇਮਜ਼' ਵੱਲੋਂ ਅਸੀਂ ਦੁੱਖ ਦੀ ਇਸ ਘੜੀ 'ਚ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹਾਂ।

**- ਬਲਬੀਰ ਸਿੰਘ ਐਮ. ਏ.**

# ਬੁਢਾਪੇ ਵਿੱਚ ਤੰਦਰੁਸਤ ਰਹਿਣਾ ਹੈ ਤਾਂ ਆਂਦਰਾਂ ਦੀ ਸਿਹਤ ਦਾ ਧਿਆਨ ਰੱਖੋ

ਆਂਦਰਾਂ (ਗੱਟ) ਅੱਜਕੱਲ੍ਹ ਬਹੁਤ ਜ਼ਿਆਦਾ ਖਿੱਚ ਦਾ ਕੇਂਦਰ ਬਣ ਗਈਆਂ ਹਨ। ਸੋਸ਼ਲ ਮੀਡੀਆ ਇਨਫਲੂਐਂਸਰ ਅਜਿਹੇ ਅਣਪ੍ਰਮਾਣਿਤ ਸਪਲੀਮੈਂਟਾਂ ਦਾ ਪ੍ਰਚਾਰ ਕਰਦੇ ਹਨ ਜੋ ਆਂਦਰਾਂ ਦੀ ਸਿਹਤ ਸੁਧਾਰਨ ਦਾ ਦਾਅਵਾ ਕਰਦੇ ਹਨ, ਜਦਕਿ ਕੁਝ ਕੰਪਨੀਆਂ ਆਪਣੇ ਉਤਪਾਦਾਂ ਰਾਹੀਂ ਇਨ੍ਹਾਂ ਨੂੰ ਪੋਸ਼ਣ ਦੇਣ ਦਾ ਵਾਅਦਾ ਕਰਦੇ ਹਨ। ਕੁਝ ਲੋਕਾਂ ਨੇ ਆਂਦਰਾਂ ਪ੍ਰਤੀ ਇਸ ਜਨੂੰਨ ਨੂੰ ਇੱਕ ਆਰਜ਼ੀ ਰੁਝਾਨ ਕਹਿ ਕੇ ਖਾਰਜ ਕਰ ਦਿੱਤਾ ਹੈ - ਹਾਲਾਂਕਿ ਕਈ ਡਾਕਟਰਾਂ ਦਾ ਮੰਨਣਾ ਹੈ ਕਿ ਸਾਡਾ ਗੱਟ ਮਾਈਕਰੋਬਾਇ ਮ ਮਾਨਸਿਕ ਸਿਹਤ ਤੋਂ ਲੈ ਕੇ ਕੁਝ ਖਾਸ ਕਿਸਮ ਦੇ ਕੈਂਸਰ ਹੋਣ ਦੀ ਸੰਭਾਵਨਾ ਤੱਕ, ਬਹੁਤ ਸਾਰੀਆਂ ਚੀਜ਼ਾਂ ਉੱਤੇ ਅਸਰ ਪਾਉਂਦਾ ਹੈ। ਪਰ ਇੱਕ ਹੋਰ ਡਾਕਟਰੀ ਸੰਭਾਵਨਾ ਹੈ ਜਿਸ ਵਿੱਚ ਮੇਰੀ ਖਾਸ ਦਿਲਚਸਪੀ ਹੈ: ਇਹ ਕਿ ਸਾਡੀਆਂ ਆਂਦਰਾਂ ਇਸ ਗੱਲ 'ਤੇ ਕਿਵੇਂ ਅਸਰ ਪਾਉਂਦੀਆਂ ਹਨ ਕਿ ਅਸੀਂ ਕਿੰਨੀ ਚੰਗੀ ਜਾਂ ਮਾੜੀ ਤਰ੍ਹਾਂ ਬੁਢਾਪੇ ਵੱਲ ਵਧਦੇ ਹਾਂ। ਇਹੀ ਕਾਰਨ ਹੈ ਕਿ ਕੁਝ ਮਹੀਨੇ ਪਹਿਲਾਂ ਮੈਂ ਪੈਨਸਿਲਿਨ ਦੀ ਖੋਜ ਲਈ ਮਸ਼ਹੂਰ, ਲੰਡਨ ਦੇ ਸੇਂਟ ਮੈਰੀ ਹਸਪਤਾਲ ਵਿੱਚ ਸੀ। ਮੈਂ ਆਪਣੀਆਂ ਆਂਦਰਾਂ ਦੀ ਸਿਹਤ ਬਾਰੇ ਇੱਕ ਘਬਰਾਹਟ ਛੇੜਨ ਵਾਲੀ ਜਾਣਕਾਰੀ ਲੈਣ ਦੀ ਤਿਆਰੀ ਕਰ ਰਿਹਾ ਸੀ।

ਮੈਂ ਉੱਥੇ ਡਾ. ਜੇਮਜ਼ ਕਿਨਰੋਸ ਨੂੰ ਮਿਲਣ ਗਿਆ ਸੀ। ਉਹ ਇੰਪੀਰੀਅਲ ਕਾਲਜ ਲੰਡਨ ਵਿੱਚ ਸਰਜਰੀ ਦੇ ਪ੍ਰੋਫੈਸਰ ਅਤੇ ਇੱਕ ਕੋਲੋਰੇਕਟਲ ਸਰਜਨ ਹਨ। ਲੇਕਿਨ, ਸ਼ਾਇਦ ਉਨ੍ਹਾਂ ਦੇ ਕੰਮ ਦਾ ਸਭ ਤੋਂ ਦਿਲਚਸਪ ਹਿੱਸਾ ਇਹ ਹੈ ਕਿ ਉਹ ਲੋਕਾਂ ਦੇ ਮਲ ਦਾ ਵਿਸ਼ਲੇਸ਼ਣ ਕਰਦੇ ਹਨ। ਕੁਝ ਹਫ਼ਤੇ ਪਹਿਲਾਂ, ਮੈਂ ਆਪਣੇ ਮਲ ਦਾ ਨਮੂਨਾ ਇੱਕ ਪ੍ਰਯੋਗਸ਼ਾਲਾ ਵਿੱਚ ਭੇਜਿਆ ਸੀ। ਇਸ ਤਰ੍ਹਾਂ ਦੇ ਟੈਸਟ ਸਾਡੇ ਗੱਟ ਮਾਈਕਰੋਬਾਇ ਮ ਬਾਰੇ ਜਾਣਕਾਰੀ ਦੇ ਸਕਦੇ ਹਨ। ਗੱਟ ਮਾਈਕਰੋਬਾਇ ਮ ਤੋਂ ਭਾਵ ਸਾਡੇ ਪੇਟ ਦੇ ਅੰਦਰ ਰਹਿਣ ਵਾਲੇ ਉਨ੍ਹਾਂ ਖਰਬਾਂ ਸੂਖਮ ਜੀਵਾਂ ਤੋਂ ਹੈ ਜਿਨ੍ਹਾਂ ਵਿੱਚ ਜ਼ਿਆਦਾਤਰ ਬੈਕਟੀਰੀਆ, ਪਰ ਵਾਇਰਸ ਅਤੇ ਉੱਲੀ/ਫੰਗਸ ਵੀ ਸ਼ਾਮਲ ਹੁੰਦੇ ਹਨ। ਉਹ ਕਹਿੰਦੇ ਹਨ, "ਮੈਂ ਮਾਈਕਰੋਬਾਇ ਮ ਦਾ ਪ੍ਰਚਾਰਕ ਹਾਂ। ਇਹ ਸਾਡੀ ਸਿਹਤ ਦੇ ਸਾਰੇ ਪਹਿਲੂਆਂ ਵਿੱਚ ਬਹੁਤ ਡੂੰਘਾਈ ਨਾਲ ਰਚਿਆ ਹੋਇਆ ਹੈ।" ਉਨ੍ਹਾਂ ਦਾ ਮੰਨਣਾ ਹੈ ਕਿ ਆਂਦਰਾਂ (ਗੱਟ) ਉਮਰ ਵਧਣ ਦੀ ਪ੍ਰਕਿਰਿਆ ਵਿੱਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ - ਜਿਸਦਾ ਅਸਰ ਇਸ ਗੱਲ 'ਤੇ ਪੈਂਦਾ ਹੈ ਕਿ ਅਸੀਂ ਕਿੰਨਾ ਚਿਰ ਜਿਉਂਦੇ ਹਾਂ ਅਤੇ ਬੁਢਾਪੇ ਦੇ ਸਾਲਾਂ ਵਿੱਚ ਸਰੀਰਕ ਤੌਰ 'ਤੇ ਕਿੰਨੇ ਮਜ਼ਬੂਤ ਰਹਿੰਦੇ ਹਾਂ। ਕੁਝ ਮਾਹਿਰਾਂ ਦਾ ਮੰਨਣਾ ਹੈ ਕਿ ਉਮਰ ਵਧਣ ਦੀ ਪ੍ਰਕਿਰਿਆ ਵਿੱਚ ਗੱਟ ਮਾਈਕਰੋਬਾਇ ਮ ਦੀ ਮਹੱਤਤਾ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ, ਅਤੇ ਜਿੰਨ੍ਹਾਂ ਨਾਲ ਵੀ ਮੈਂ ਗੱਲ ਕਰਦਾ ਹਾਂ, ਉਹਨਾਂ ਦਾ ਇਹੀ ਮੰਨਣਾ ਹੈ ਕਿ ਹੋਰ ਖੋਜ ਦੀ ਲੋੜ ਹੈ। ਹੁਣ ਜਦੋਂ ਮੈਂ 60ਵਿਆਂ ਵਿੱਚ ਹਾਂ ਅਤੇ ਹਾਲ ਹੀ ਵਿੱਚ ਮੇਰੇ ਬੱਚਿਆਂ ਦੇ ਬੱਚੇ ਹੋਏ ਹਨ, ਤਾਂ ਇਹ ਦੇਖਣ ਦਾ ਸਹੀ ਸਮਾਂ ਹੈ ਕਿ ਮੇਰੀਆਂ ਆਂਦਰਾਂ ਆਉਣ ਵਾਲੇ ਦਹਾਕਿਆਂ ਵਿੱਚ ਮੇਰੀ ਸਿਹਤ ਬਾਰੇ ਕੀ ਦੱਸਦੀਆਂ ਹਨ।



ਇਸ ਵੱਡੇ ਸਵਾਲ ਦਾ ਜਵਾਬ ਇਹ ਹੈ: ਜੇਕਰ ਆਂਦਰਾਂ ਦੀ ਸਿਹਤ ਸੱਚਮੁੱਚ ਬੁਢਾਪੇ 'ਤੇ ਅਸਰ ਪਾ ਸਕਦੀ ਹੈ, ਅਸੀਂ ਇਸ ਨੂੰ ਬਿਹਤਰ ਬਣਾਉਣ ਲਈ, ਜੇ ਕੁਝ ਕਰ ਸਕਦੇ ਹਾਂ ਤਾਂ ਕੀ ਕਰ ਸਕਦੇ ਹਾਂ?

### ਦੁਨੀਆਂ ਦੀ ਸਭ ਤੋਂ ਬਜ਼ੁਰਗ ਔਰਤ ਦੀ ਰੋਜ਼ਾਨਾ ਦਹੀਂ ਖਾਣ ਦੀ ਆਦਤ

ਮਾਰੀਆ ਬ੍ਰਾਇਨਾਸ ਮੋਰੇਰਾ ਦੁਨੀਆ ਦੀ ਸਭ ਤੋਂ ਬਜ਼ੁਰਗ ਵਿਅਕਤੀ ਸੀ। ਸਾਲ 2024 ਵਿੱਚ ਉੱਤਰੀ ਸਪੇਨ ਵਿੱਚ 117 ਸਾਲ ਦੀ ਉਮਰ ਵਿੱਚ ਉਨ੍ਹਾਂ ਦੀ ਮੌਤ ਤੋਂ ਬਾਅਦ, ਵਿਗਿਆਨੀਆਂ ਨੇ ਉਨ੍ਹਾਂ ਦੇ ਮਲ, ਖ਼ੂਨ, ਲਾਰ ਅਤੇ ਪਿਸ਼ਾਬ ਦੇ ਨਮੂਨੇ ਲਏ ਅਤੇ ਉਨ੍ਹਾਂ ਦੀ ਤੁਲਨਾ ਆਈਬੇਰੀਅਨ ਪ੍ਰਾਇਦੀਪ ਦੀਆਂ 75 ਹੋਰ ਔਰਤਾਂ ਨਾਲ ਕੀਤੀ। ਉਨ੍ਹਾਂ ਨੇ ਦੱਸਿਆ ਕਿ ਉਹ ਬੇਬੇ ਸਿਹਤਮੰਤ ਜੀਵਨਸ਼ੈਲੀ ਜਿਉਂਦੇ ਸੀ: ਉਹ ਪੇਂਡੂ ਇਲਾਕੇ ਵਿੱਚ ਰਹਿੰਦੇ ਸੀ, ਦਿਨ ਵਿੱਚ ਇੱਕ ਘੰਟਾ ਪੈਦਲ ਤੁਰਦੇ ਸੀ ਅਤੇ ਤੇਲ ਨਾਲ ਭਰਪੂਰ ਭੂ-ਮੱਧ ਸਾਗਰੀ (ਮੈਡੀਟੇਰੀਅਨ) ਭੋਜਨ ਕਰਦੇ ਸੀ। ਲੇਕਿਨ ਜੋ ਗੱਲ ਉਨ੍ਹਾਂ ਨੂੰ ਦੂਜਿਆਂ ਤੋਂ ਅਲਹਿਦਾ ਕਰਦੀ ਸੀ , ਉਹ ਇਹ ਕਿ ਉਹ ਰੋਜ਼ਾਨਾ ਤਿੰਨ ਹਿੱਸੇ ਦਹੀਂ ਖਾਂਦੇ ਸੀ। ਬਾਰਸੀਲੋਨਾ ਯੂਨੀਵਰਸਿਟੀ ਦੇ ਜੀਨ ਵਿਗਿਆਨੀ ਡਾ. ਮੈਨੇਲ ਅਸਟੇਲਰ ਇਸ ਅਧਿਐਨ ਦੇ ਸਹਿ ਲੇਖਕ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਮੋਰੇਰਾ ਦੀ ਦਹੀਂ (ਯੋਗਰਟ) ਖਾਣ ਦੀ ਆਦਤ ਨੇ ਉਨ੍ਹਾਂ ਨੂੰ ਉੱਚ ਪੱਧਰੀ ਮਦਦਗਾਰ ਬੈਕਟੀਰੀਆ ਦਿੱਤੇ ਹੋਣਗੇ ਜੋ ਸੋਜ ਨੂੰ ਘੱਟ ਕਰ ਸਕਦੇ ਹਨ। ਐਸਟੇਲਰ ਕਹਿੰਦੇ ਹਨ, "ਉਨ੍ਹਾਂ ਦੇ ਸੈੱਲ ਅਜਿਹੇ ਸਨ ਜੋ ਉਨ੍ਹਾਂ ਦੀ ਅਸਲ ਉਮਰ ਤੋਂ ਘੱਟ ਉਮਰ ਦੇ ਲੱਗਦੇ ਸਨ।" ਸੌ ਸਾਲ ਦੀ ਉਮਰ ਹੰਢਾਉਣ ਵਾਲੇ ਲੋਕ ਜੋ ਲੰਬੀ ਉਮਰ ਦੀ ਦੁਨੀਆ ਦੇ ਸੁਪਰਹੀਰੋ ਹਨ - ਬਾਰੇ ਹੋਰ ਵੀ ਅਧਿਐਨ ਹੋਏ ਹਨ। ਵਿਗਿਆਨੀਆਂ ਨੇ ਵਾਰ-ਵਾਰ 100 ਸਾਲ ਤੋਂ ਵੱਧ ਉਮਰ ਵਾਲੀ ਇਸ ਖੁਸ਼ਕਿਸਮਤ ਆਬਾਦੀ ਦੀਆਂ ਆਂਦਰਾਂ ਦੀ ਜਾਂਚ ਕੀਤੀ ਹੈ ਅਤੇ ਉੱਥੇ ਬੈਕਟੀਰੀਆ ਦੀ ਇੱਕ ਪ੍ਰਭਾਵਸ਼ਾਲੀ ਵੰਨਗੀ ਮਿਲੀ ਹੈ। ਸਾਲ 2022 ਵਿੱਚ ਨੇਚਰ ਜਨਰਲ ਵਿੱਚ ਛਪੇ ਇੱਕ ਇੱਕ ਹੋਰ ਅਧਿਐਨ ਵਿੱਚ, ਦੱਖਣ-ਪੂਰਬੀ ਚੀਨ ਦੇ ਜਿਆ ਲਿੰਗ ਕਾਉਂਟੀ ਦੇ ਖੋਜੀਆਂ ਨੇ 18 ਸ਼ਤਾਬਦੀ ਪੁਰਸ਼ਾਂ ਦੇ ਮਲ ਦੇ ਨਮੂਨੇ ਲਏ - ਅਤੇ ਨੌਜਵਾਨਾਂ ਦੀ ਤੁਲਨਾ ਵਿੱਚ ਉਨ੍ਹਾਂ ਵਿੱਚ ਬੈਕਟੀਰੀਆ ਦੀ ਜ਼ਿਆਦਾ ਵੰਨਗੀ ਦੇਖੀ ਗਈ।

ਕਿੰਗਜ਼ ਕਾਲਜ ਲੰਡਨ ਵਿੱਚ ਬੁਢਾਪਾ ਰੋਗ ਵਿਗਿਆਨ (ਜੇਰੀਐਟ੍ਰਿਕ ਮੈਡੀਸਨ) ਦੇ ਕਲੀਨਿਕਲ ਲੈਕਚਰਾਰ ਡਾ. ਮੈਰੀ ਨੀ ਲੋਚਲੇਨ ਨੂੰ ਇਹ ਗੱਲ ਤਰਕਸੰਗਤ ਲੱਗਦੀ ਹੈ। ਉਹ ਕਹਿੰਦੇ ਹਨ ਕਿ ਸਾਡੇ ਗੱਟ ਮਾਈਕਰੋਬਾਇ ਮ ਨੂੰ ਇੱਕ ਬਗੀਚੇ ਵਾਂਗ ਸਮਝਣਾ ਮਦਦਗਾਰ ਹੈ: ਅਸੀਂ ਚਾਹੁੰਦੇ ਹਾਂ ਕਿ ਇਹ ਜਿੰਨਾ ਸੰਭਵ ਹੋ ਸਕੇ ਵੰਨਗੀ ਭਰਭੂਰ ਹੋਵੇ। ਉਹ ਸਮਝਾਉਂਦੇ ਹਨ, "ਜੇ ਤੁਸੀਂ ਅਜਿਹੇ ਬਗੀਚੇ ਵਿੱਚ ਜਾਂਦੇ ਹੋ ਜਿੱਥੇ ਕੋਈ ਪੌਦਾ ਨਹੀਂ ਹੈ ਅਤੇ ਉਹ ਬਿਲਕੁਲ ਬੰਜਰ ਲੱਗਦਾ ਹੈ, ਤਾਂ ਉਹ ਘੱਟ-ਵੰਨਗੀ ਵਾਲਾ ਬਗੀਚਾ ਹੈ।" ਜਦਕਿ "ਤੁਹਾਨੂੰ ਬਹੁਤ ਸਾਰੇ ਫੁੱਲ, ਰੰਗ ਅਤੇ ਬੀਜ ਚਾਹੀਦੇ ਹਨ।" ਮੁਸ਼ਕਲ ਇਹ ਹੈ ਕਿ ਜਿਵੇਂ-ਜਿਵੇਂ ਸਾਡੀ ਉਮਰ ਵਧਦੀ ਹੈ, ਸਾਡੇ ਮਾਈਕਰੋਬਾਇ ਮ ਦੀ ਵੰਨਗੀ ਬਹੁਤ ਘੱਟ ਜਾਂਦੀ ਹੈ। ਕੁਝ ਮਦਦਗਾਰ ਬੈਕਟੀਰੀਆ ਸਾਡੀਆਂ ਆਂਦਰਾਂ ਵਿੱਚੋਂ ਗਾਇਬ ਹੋ ਜਾਂਦੇ ਹਨ। ਲੇਕਿਨ ਉਹ ਬਜ਼ੁਰਗ ਜੋ ਇਸ ਰੁਝਾਨ ਨੂੰ ਬਦਲਦੇ ਹਨ - ਅਤੇ ਜੋ ਆਪਣੀ ਅੱਸੀ ਅਤੇ ਨੱਬੇ ਦੇ ਦਹਾਕੇ ਤੱਕ ਆਪਣੇ ਚੰਗੇ ਬੈਕਟੀਰੀਆ ਨੂੰ ਬਰਕਰਾਰ ਰੱਖਦੇ ਹਨ - ਉਹ ਜ਼ਿਆਦਾ ਲੰਬਾ ਅਤੇ ਸਿਹਤਮੰਦ ਜੀਵਨ ਜਿਉਂਦੇ ਹਨ। "ਅਸੀਂ ਜਾਣਦੇ ਹਾਂ ਕਿ ਸ਼ਤਾਬਦੀ ਪੁਰਸ਼ਾਂ ਵਿੱਚ ਵਧੇਰੇ ਵੰਨਗੀ ਭਰਭੂਰ ਮਾਈਕਰੋਬਾਇ ਮ ਹੁੰਦਾ ਹੈ।"

"ਉਨ੍ਹਾਂ ਲੋਕਾਂ ਵਿੱਚ ਕੁਝ ਅਜਿਹਾ ਹੈ ਕਿ ਉਹ ਇੱਕ ਤਰ੍ਹਾਂ ਨਾਲ ਉੱਤਮ ਪ੍ਰਾਣੀ ਹਨ। ਉਹ ਆਪਣੀ ਵੰਨਗੀ ਨੂੰ ਕਾਇਮ ਰੱਖਣ ਵਿੱਚ ਕਾਮਯਾਬ ਰਹੇ ਹਨ।" ਇਹ ਸਿਰਫ਼ ਇਸ ਬਾਰੇ ਨਹੀਂ ਹੈ ਕਿ ਕੋਈ ਕਿੰਨਾ ਚਿਰ ਜਿਉਂਦਾ ਹੈ - ਇਹ ਇਸ ਬਾਰੇ ਵੀ ਹੈ ਕਿ ਉਹ ਆਪਣੇ ਆਖਰੀ ਸਾਲਾਂ ਵਿੱਚ ਕਿੰਨੀ ਚੰਗੀ ਤਰ੍ਹਾਂ ਜੀਵਨ ਬਤੀਤ ਕਰਦੇ ਹਨ। ਕਿਨਰੋਸ ਮੁਤਾਬਕ ਗੱਟ ਬੈਕਟੀਰੀਆ ਅਤੇ ਸਰੀਰਕ ਕਮਜ਼ੋਰੀ, ਜਾਂ ਬਜ਼ੁਰਗ ਵਿਅਕਤੀ ਦੀ ਕਿਸੇ ਬਿਮਾਰੀ ਜਾਂ ਸੱਟ ਤੋਂ ਠੀਕ ਹੋਣ ਦੀ ਸਮਰੱਥਾ ਵਿਚਕਾਰ ਇੱਕ ਸਬੰਧ ਹੈ।

### ਮੇਰੀ ਅਸਲ ਉਮਰ ਬਨਾਮ ਮੇਰੇ ਗੱਟ ਦੀ ਉਮਰ

ਸੇਂਟ ਮੈਰੀ ਹਸਪਤਾਲ ਦੀ ਲੈਬ ਵਿੱਚ, ਕਿਨਰੋਸ ਆਪਣਾ ਫੈਸਲਾ ਸੁਣਾਉਂਦੇ ਹਨ: ਮੇਰੇ ਮਾਈਕਰੋਬਾਇ ਮ ਵਿੱਚ ਚੰਗੀ "ਗੱਟ ਵੰਨਗੀ" ਹੈ। ਇਹ "ਕਾਫ਼ੀ ਹੱਦ ਤੱਕ ਤੰਦਰੁਸਤ" ਹੈ ਜੋ ਕਿ ਚੰਗੀ ਖ਼ਬਰ ਹੈ। ਲੇਕਿਨ ਉਨ੍ਹਾਂ ਦੇ ਲਹਿਜੇ ਤੋਂ ਮੈਂ ਕੁਝ ਚੇਤਾਵਨੀਆਂ ਮਹਿਸੂਸ ਕੀਤੀਆਂ। ਚੇਤਾਵਨੀਆਂ ਸਾਹਮਣੇ ਵੀ ਆਈਆਂ। ਪਹਿਲਾਂ, ਉਨ੍ਹਾਂ ਨੇ ਸਮਝਾਇਆ ਕਿ ਆਂਦਰਾਂ ਵਿੱਚ ਕੁਝ ਅਜਿਹੇ ਤੱਤ ਹਨ ਜੋ ਦਿਲ ਦੇ ਰੋਗਾਂ ਦਾ ਖ਼ਤਰਾ ਵਧਾ ਸਕਦੇ ਹਨ। ਚਿੰਤਾ ਦੀ ਗੱਲ ਇਹ ਹੈ ਕਿ ਕੁਝ ਖ਼ਤਰਨਾਕ ਬੈਕਟੀਰੀਆ ਵੀ ਮਿਲੇ ਹਨ। ਈ. ਕੋਲਾਈ ਅਤੇ ਸੀ-ਡਿਫਿਸਾਇਲ ਮੌਜੂਦ ਹਨ, ਜੋ ਕਿ ਆਮ ਹੈ। (ਐਂਟੀਬਾਇ ਟਿਕ ਦਵਾਈਆਂ ਦੀ ਵਰਤੋਂ ਜਾਂ ਪੇਟ ਦੀ ਕੋਈ ਪੁਰਾਣੀ ਲਾਗ ਇਸਦਾ ਕਾਰਨ ਹੋ ਸਕਦੀ ਹੈ।

ਫਿਰ ਉਮਰ ਦਾ ਸਵਾਲ ਆਉਂਦਾ ਹੈ। ਕਿਨਰੋਸ ਨੇ ਮੈਨੂੰ ਦੱਸਿਆ ਕਿ ਮੇਰਾ ਗੱਟ ਬਾਇ ਮ ਲਗਭਗ ਮੇਰੇ ਤੋਂ ਪੰਜ ਸਾਲ ਵੱਡੇ ਇੱਕ ਇਤਾਲਵੀ ਵਿਅਕਤੀ ਵਰਗਾ ਹੈ। ਉਨ੍ਹਾਂ ਨੇ ਉੱਤਰੀ ਇਟਲੀ ਦੇ 62 ਲੋਕਾਂ ਦੇ ਅਧਿਐਨ ਨਾਲ ਮੇਰੇ ਨਤੀਜਿਆਂ ਦੀ ਤੁਲਨਾ ਕਰਕੇ ਇਹ ਸਿੱਟਾ ਕੱਢਿਆ ਹੈ। ਉਸ ਅਧਿਐਨ ਵਿੱਚ - ਜੋ ਆਪਣੀ ਕਿਸਮ ਦਾ ਇਕਲੌਤਾ ਹੈ - ਖੋਜੀਆਂ ਨੇ 22 ਤੋਂ 109 ਸਾਲ ਦੀ ਉਮਰ ਦੇ ਵੱਖ-ਵੱਖ ਲੋਕਾਂ ਦੇ ਮਲ ਦੇ ਨਮੂਨਿਆਂ ਦਾ ਵਿਸ਼ਲੇਸ਼ਣ ਕੀਤਾ ਇਸ ਨਾਲ ਉਨ੍ਹਾਂ ਨੂੰ ਇਹ ਸਮਝਣ ਵਿੱਚ ਮਦਦ ਮਿਲੀ ਕਿ ਜੀਵਨ ਦੇ ਵੱਖ-ਵੱਖ ਪੜਾਵਾਂ ਵਿੱਚ ਕਿਸੇ ਵਿਅਕਤੀ ਦੀਆਂ ਆਂਦਰਾਂ ਕਿਹੋ-ਜਿਹੀਆਂ ਲੱਗਦੀਆਂ ਹਨ।

# ਪੰਜਾਬ ਦੀ ਵਿਰਾਸਤੀ ਖੇਡ ਕਬੱਡੀ ਅਪਰਾਧ ਦੀ ਦੁਨੀਆਂ ਦਾ ਪਰਛਾਵੇਂ ਹੇਠ

15 ਦਸੰਬਰ 2025 ਨੂੰ ਮੁਹਾਲੀ ਵਿੱਚ ਚੱਲ ਰਹੇ ਕਬੱਡੀ ਕੱਪ ਟੂਰਨਾਮੈਂਟ ਦਾ ਲਾਈਵ ਪ੍ਰਸਾਰਣ ਇੱਕ ਨਿੱਜੀ ਯੂ-ਟਿਊਬ ਚੈਂਨਲ ਉੱਤੇ ਚਲ ਰਿਹਾ ਸੀ। ਕੈਮਰੇ 'ਚ ਦਿੱਖ ਰਹੇ ਖਿਡਾਰੀ ਮੈਚ ਖੇਡਣ ਦੀ ਤਿਆਰੀ ਕਰ ਰਹੇ ਸਨ, ਅਚਾਨਕ ਗੋਲੀਆਂ ਚੱਲਣ ਦੀ ਆਵਾਜ਼ ਆਈ ਅਤੇ ਕੁਝ ਪਲਾਂ ਵਿੱਚ ਇੱਕ ਖੇਡ ਟੂਰਨਾਮੈਂਟ ਸਹਿਮ ਦੇ ਮਾਹੌਲ ਵਿੱਚ ਤਬਦੀਲ ਹੋ ਗਿਆ।

ਇਸ ਟੂਰਨਾਮੈਂਟ ਵਿੱਚ ਹੋਈ ਗੋਲੀਬਾਰੀ ਕਾਰਨ ਇੱਕ ਕਬੱਡੀ ਪ੍ਰਮੋਟਰ ਕੁੰਵਰ ਦਿੱਗਵਿਜੇ ਸਿੰਘ ਉਰਫ਼ ਰਾਣਾ ਬਲਾਚੌਰੀਆ ਦੀ ਮੌਤ ਹੋ ਗਈ ਅਤੇ ਇੱਕ ਵਿਅਕਤੀ ਜ਼ਖਮੀ ਹੋ ਗਿਆ। ਮੁਹਾਲੀ ਦੇ ਐੱਸਐੱਸਪੀ ਹਰਮਨਦੀਪ ਸਿੰਘ ਹੰਸ ਨੇ ਪ੍ਰੈਸ ਕਾਨਫਰੰਸ ਵਿੱਚ ਦੱਸਿਆ, "ਮ੍ਰਿਤਕ ਰਾਣਾ ਬਲਾਚੌਰੀਆ ਉੱਤੇ ਗੋਲੀਆਂ ਚਲਾਉਣ ਵਾਲੇ ਦੋ ਸ਼ੂਟਰਾਂ ਦੀ ਪਛਾਣ ਕਰ ਲਈ ਹੈ, ਜਿਨ੍ਹਾਂ ਵਿੱਚੋਂ ਇੱਕ ਅਦਿੱਤਿਆ ਕਪੂਰ ਉਰਫ਼ ਮੱਖਣ ਹੈ ਅਤੇ ਦੂਜਾ ਕਰਨ ਪਾਠਕ ਹੈ। ਇਹ ਦੋਵੇਂ ਸ਼ੂਟਰ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ ਅਤੇ ਡੋਨੀ ਬੱਲ ਗੈਂਗ ਅਤੇ ਲੱਕੀ ਪਟਿਆਲ ਗੈਂਗ ਨਾਲ ਸੰਬੰਧਿਤ ਹਨ।" ਐੱਸਐੱਸਪੀ ਹੰਸ ਨੇ ਦੱਸਿਆ, "ਇਸ ਕਤਲ ਦਾ ਮਕਸਦ ਕਬੱਡੀ ਨੂੰ ਕੰਟਰੋਲ ਕਰਨਾ ਸੀ। ਰਾਣਾ ਬਲਾਚੌਰੀਆ ਦਾ ਸਿੱਧੂ ਮੂਸੇਵਾਲਾ ਨਾਲ ਕੋਈ ਲਿੰਕ ਨਹੀਂ ਹੈ, ਸਿੱਧੂ ਮੂਸੇਵਾਲਾ ਦਾ ਨਾਮ ਸਿਰਫ਼ ਵਰਤਿਆ ਜਾ ਰਿਹਾ ਹੈ। ਸ਼ੂਟਰ ਰਾਣਾ ਬਲਾਚੌਰੀਆ ਨੂੰ ਮਾਰਨ ਲਈ ਹੀ ਆਏ ਸਨ।" ਰਾਣਾ ਬਲਾਚੌਰੀਆ ਦੀ ਮੌਤ ਤੋਂ ਬਾਅਦ ਪੰਜਾਬ ਵਿੱਚ ਕਰਵਾਏ ਜਾਂਦੇ ਕਬੱਡੀ ਟੂਰਨਾਮੈਂਟਾਂ ਦੇ ਪ੍ਰਬੰਧਾਂ ਅਤੇ ਸੁਰੱਖਿਆ ਇੰਤਜ਼ਾਮਾਂ 'ਤੇ ਮੁੜ ਤੋਂ ਸਵਾਲ ਖੜ੍ਹੇ ਹੋ ਰਹੇ ਹਨ।

ਮੁਹਾਲੀ ਵਿੱਚ ਹੋਏ ਇਸ ਟੂਰਨਾਮੈਂਟ ਦੇ ਪ੍ਰਬੰਧਾਂ ਬਾਰੇ ਗੱਲ ਕਰਦਿਆਂ ਮੁਹਾਲੀ ਐੱਸਐੱਸਪੀ ਹਰਮਨਦੀਪ ਸਿੰਘ ਹੰਸ ਨੇ ਕਿਹਾ ਕਿ ਟੂਰਨਾਮੈਂਟ ਦੇ ਪ੍ਰਬੰਧਕਾਂ ਵੱਲੋਂ ਪ੍ਰਸ਼ਾਸਨ ਤੋਂ ਇਜਾਜ਼ਤ ਲਈ ਗਈ ਸੀ। ਮੌਕੇ ਉੱਤੇ ਸੁਰੱਖਿਆ ਲਈ ਪੁਲਿਸ ਵੀ ਮੌਜੂਦ ਸੀ, ਪਰ ਹਮਲਾਵਰਾਂ ਨੇ ਮ੍ਰਿਤਕ ਰਾਣਾ ਬਲਾਚੌਰੀਆ ਨੂੰ ਸਮਾਗਮ ਵਾਲੀ ਥਾਂ ਤੋਂ ਬਾਹਰ ਬੁਲਾ ਕੇ ਹਮਲਾ ਕੀਤਾ, ਜਿਸ ਕਰਕੇ ਇਹ ਘਟਨਾ ਵਾਪਰੀ।" ਹਾਲਾਂਕਿ ਐੱਸਐੱਸਪੀ ਹੰਸ ਨੇ ਰਾਣਾ ਬਲਾਚੌਰੀਆ ਦੇ ਕਤਲ ਦੀ ਜ਼ਿੰਮੇਵਾਰੀ ਲੈਣ ਵਾਲੀ ਪੋਸਟ ਜੋ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀ ਹੈ, ਉਸਦੀ ਪੁਸ਼ਟੀ ਨਹੀਂ ਕੀਤੀ।

ਰਾਣਾ ਬਲਾਚੌਰੀਆ ਕਤਲ ਤੋਂ ਬਾਅਦ ਮੰਗਲਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਬੱਡੀ ਟੂਰਨਾਮੈਂਟ ਵਿੱਚ ਹੁੰਦੀ ਫਾਇਰਿੰਗ ਬਾਰੇ ਸਵਾਲ ਪੁੱਛਿਆ ਗਿਆ। ਜਿਸਦੇ ਜਵਾਬ ਵਿੱਚ ਸੀਐੱਮ ਮਾਨ ਨੇ ਕਿਹਾ, "ਅਸੀਂ ਕਲੋਜ਼ਲੀ ਮੋਨੀਟਰ ਕਰ ਰਹੇ ਹਾਂ, ਕੁਝ ਗੱਲਾਂ ਸਿਕਿ ਰਿਟੀ ਕਰਕੇ ਨਹੀਂ ਦੱਸ ਸਕਦੇ ਪਰ ਆਉਣ ਵਾਲੇ ਦਿਨਾਂ ਵਿੱਚ ਰੋਡਮੈਪ ਤਿਆਰ ਕਰਕੇ ਦਵਾਂਗੇ ਕਿ ਕਿੱਥੇ-ਕਿੱਥੇ ਜ਼ਿਆਦਾ ਘਟਨਾਵਾਂ ਹੋ ਰਹੀਆਂ ਹਨ, ਕੌਣ-ਕੌਣ ਇਸਦੇ ਨਾਲ ਜੁੜਿਆ ਹੋਇਆ, ਕਿਹੜੇ ਦੇਸ਼ਾਂ ਤੋਂ ਫੋਨ ਆਉਂਦੇ ਹਨ।" ਪੁਰਾਣੇ ਮਾਮਲਿਆਂ ਵਿੱਚ ਪੁਲਿਸ ਕਾਰਵਾਈਆਂ ਅਤੇ ਗ੍ਰਿਫ਼ਤਾਰੀਆਂ ਦੇ ਬਾਵਜੂਦ, ਵਾਰਦਾਤਾਂ ਹੋ ਰਹੀਆਂ ਹਨ। ਪਰ ਅਜਿਹਾ ਹੋ ਕਿਉਂ ਰਿਹਾ ਹੈ, ਪੰਜਾਬ ਦੀ ਵਿਰਾਸਤੀ ਖੇਡ ਕਬੱਡੀ ਨਾਲ ਅਪਰਾਧ ਦੀ ਦੁਨੀਆਂ ਦਾ ਸੰਬੰਧ ਕਿਵੇਂ ਜੁੜ ਗਿਆ, ਇਸਦੇ ਬਾਰੇ ਅਸੀਂ ਸਾਬਕਾ ਖਿਡਾਰੀਆਂ, ਖੇਡ ਪੱਤਰਕਾਰਾਂ ਅਤੇ ਪੰਜਾਬ ਪੁਲਿਸ ਦੇ ਸਾਬਕਾ ਅਧਿਕਾਰੀਆਂ ਨਾਲ ਗੱਲ ਕੀਤੀ।

### ਕਬੱਡੀ ਟੂਰਨਾਮੈਂਟਾਂ ਵਿੱਚ ਪਹਿਲਾਂ ਹੋਈਆਂ ਵਾਰਦਾਤਾਂ

ਪੰਜਾਬ ਅੰਦਰ ਚਲਦੇ ਕਬੱਡੀ ਟੂਰਨਾਮੈਂਟ ਵਿੱਚ ਗੋਲੀਬਾਰੀ ਦੀ ਇਹ ਕੋਈ ਪਹਿਲੀ ਘਟਨਾ ਨਹੀਂ ਹੈ, ਇਸਤੋਂ ਪਹਿਲਾਂ ਵੀ ਕਬੱਡੀ ਟੂਰਨਾਮੈਂਟ ਵਿੱਚ ਅਜਿਹੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾਂਦਾ ਰਿਹਾ ਹੈ। 2019 ਵਿੱਚ ਗੁਰਦਾਸਪੁਰ ਜ਼ਿਲ੍ਹੇ ਦੇ ਨੰਗਲ ਜੋਹਲ ਪਿੰਡ ਨੇੜੇ ਦੋ ਵਿਅਕਤੀਆਂ ਨੇ ਦੋ ਕਬੱਡੀ ਖਿਡਾਰੀਆਂ ਸੁਖਰਾਜ ਸਿੰਘ ਅਤੇ ਗੁਰਕਮਲ ਸਿੰਘ 'ਤੇ ਗੋਲੀਆਂ ਚਲਾ ਕੇ ਹਮਲਾ ਕੀਤਾ। ਦੋਵੇਂ ਕਬੱਡੀ ਖਿਡਾਰੀ ਜ਼ਖਮੀ ਹੋਏ ਪਰ ਬਚ ਗਏ। ਮਈ 2020 ਵਿੱਚ ਕਪੂਰਥਲਾ ਵਿੱਚ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਅਰਵਿੰਦਰਜੀਤ ਸਿੰਘ ਪੱਡਾ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਹਮਲੇ ਦਾ ਇਲਜ਼ਾਮ ਪੰਜਾਬ ਪੁਲਿਸ ਦੇ ਏਐੱਸਆਈ ਪਰਮਜੀਤ ਸਿੰਘ ਉੱਤੇ ਲੱਗਿਆ ਸੀ। ਇਕ ਹੋਰ ਵਿਅਕਤੀ ਜ਼ਖਮੀ ਹੋ ਗਿਆ। ਬਾਅਦ ਵਿਚ ਏਐੱਸਆਈ ਨੂੰ ਬਰਖਾਸਤ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ। ਸਾਲ 2022 ਵਿੱਚ ਜਲੰਧਰ ਨੇੜੇ ਪਿੰਡ ਮੱਲੀਆਂ ਵਿੱਚ ਚਲ ਰਹੇ ਕਬੱਡੀ ਮੈਚ ਦੌਰਾਨ ਅੰਤਰਰਾਸ਼ਟਰੀ ਪੱਧਰ ਦੇ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਅਕਤੂਬਰ, 2025 ਵਿੱਚ ਲੁਧਿਆਣਾ ਦੇ ਜਗਰਾ ' ਵਿੱਚ ਇੱਕ ਕਬੱਡੀ ਖਿਡਾਰੀ ਤੇਜਪਾਲ ਸਿੰਘ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਪੁਲਿਸ ਨੇ ਇਸ ਕਤਲ ਨੂੰ ਰੰਜਿਸ਼ ਦਾ ਮਾਮਲਾ



ਦੱਸਿਆ ਸੀ।

2025 ਵਿੱਚ ਲੁਧਿਆਣਾ ਦੇ ਸਮਰਾਲਾ ਨੇੜੇ ਮਾਣਕੀ ਪਿੰਡ ਵਿੱਚ ਖਿਡਾਰੀ ਗੁਰਵਿੰਦਰ ਸਿੰਘ ਅਤੇ ਉਸਦੇ ਸਾਥੀ ਨੂੰ ਗੋਲੀਆਂ ਮਾਰੀਆਂ ਗਈਆਂ, ਗੁਰਵਿੰਦਰ ਸਿੰਘ ਦੀ ਮੌਤ ਹੋ ਗਈ ਅਤੇ ਸਾਥੀ ਗੰਭੀਰ ਜ਼ਖਮੀ ਹੋਇਆ। ਦਸੰਬਰ 2025 ਵਿੱਚ ਫਿਰੋਜ਼ਪੁਰ ਦੇ ਜ਼ੀਰਾ ਹਲਕੇ ਦੇ ਪਿੰਡ ਜੋਗੈਵਾਲਾ ਵਿੱਚ ਇੱਕ ਕਬੱਡੀ ਖਿਡਾਰੀ ਨਿਰਵੈਲ ਸਿੰਘ 'ਤੇ ਫਾਇਰਿੰਗ ਹੋਈ ਜਿਸ ਵਿੱਚ ਉਹ ਬੁਰੀ ਤਰ੍ਹਾਂ ਜ਼ਖਮੀ ਹੋਇਆ। ਜਿੱਥੇ ਰਾਣਾ ਬਲਾਚੌਰੀਆ ਦਾ ਕਤਲ ਹੋਇਆ ਉਸ ਕਬੱਡੀ ਕੱਪ ਦੇ ਇੱਕ ਪ੍ਰਬੰਧਕ ਨੇ ਨਾਮ ਨਾ ਛਾਪਣ ਦੀ ਸ਼ਰਤ ਉੱਤੇ ਗੱਲ ਕਰਦੇ ਹੋਏ ਕਿਹਾ ਕਿ ਹੁਣ ਕਬੱਡੀ ਤੋਂ ਦੂਰ ਹੋਣਾ ਚਾਹੁੰਦੇ ਹਨ।

ਉਹ ਪਿਛਲੇ 29 ਸਾਲਾਂ ਤੋਂ ਕਬੱਡੀ ਟੂਰਨਾਮੈਂਟ ਕਰਵਾ ਰਹੇ ਹਨ। ਉਨ੍ਹਾਂ ਦੀ ਕਬੱਡੀ ਟੀਮ ਵੀ ਹੈ। ਉਨ੍ਹਾਂ ਨੇ ਭਾਵੁਕ ਹੁੰਦਿਆਂ ਮੀਡੀਆ ਨਾਲ ਗੱਲ ਕੀਤੀ। ਉਹ ਕਹਿੰਦੇ ਹਨ, 'ਰਾਣਾ ਬਲਾਚੌਰੀਆ ਕੋਈ ਪ੍ਰਮੋਟਰ ਨਹੀਂ ਸੀ, ਉਹ ਖਿਡਾਰੀ ਇਕੱਠੇ ਕਰਦਾ ਸੀ ਤੇ ਇੱਕ ਟੀਮ ਬਣਾ ਕੇ ਟੂਰਨਾਮੈਂਟ ਵਿੱਚ ਲੈ ਕੇ ਜਾਂਦਾ ਸੀ। ਉਸਦੇ ਨਾਲ ਜੋ ਹੋਇਆ ਇਸਤੋਂ ਬਾਅਦ ਮੈਂ ਖੁਦ ਕਬੱਡੀ ਤੋਂ ਦੂਰ ਹੋਣਾ ਚਾਹੁੰਦਾ ਹਾਂ, ਲੋਕਾਂ ਨੂੰ ਅਪੀਲ ਕਰਨੀ ਚਾਹੁੰਦਾ ਹਾਂ ਕਿ ਮੇਰੇ ਨਾਲ ਕਬੱਡੀ ਬਾਰੇ ਕੋਈ ਗੱਲ ਨਾ ਕੀਤੀ ਜਾਵੇ।" ਉਨ੍ਹਾਂ ਨੇ ਦੱਸਿਆ ਕਿ ਸੁਹਾਣਾ ਵਿੱਚ ਕਰਵਾਏ ਜਾ ਰਹੇ ਚਾਰ ਦਿਨਾਂ ਕਬੱਡੀ ਕੱਪ ਬਾਰੇ ਪ੍ਰਸ਼ਾਸਨ ਤੋਂ ਹਰ ਤਰ੍ਹਾਂ ਦੀ ਲਿਖਤੀ ਇਜਾਜ਼ਤ ਲਈ ਗਈ ਸੀ। ਮੈਦਾਨ ਵਿੱਚ ਪੁਲਿਸ ਮੁਲਾਜ਼ਮ ਵੀ ਤੈਨਾਤ ਸਨ। ਪੁਲਿਸ ਨੇ ਉਨ੍ਹਾਂ ਦੀ ਮਦਦ ਵੀ ਕੀਤੀ। ਉਨ੍ਹਾਂ ਨੇ ਚਿੰਤਾ ਪ੍ਰਗਟਾਉਂਦੇ ਕਹਿੰਦੇ ਹਨ, "ਮੈਨੂੰ ਇੰਨੇ ਸਾਲਾਂ ਦੇ ਤਜ਼ਰਬੇ ਵਿੱਚ ਕਦੇ ਕੋਈ ਫਿਰੌਤੀ ਦੀ ਕਾਲ, ਟੀਮ ਤੇ ਦਬਾਅ ਪਾਉਣ ਲਈ ਕਾਲ ਨਹੀਂ ਆਈ, ਕਿਉਂਕਿ ਅਸੀਂ ਕਬੱਡੀ ਨੂੰ ਖੇਡ ਦੀ ਤਰ੍ਹਾਂ ਪ੍ਰਮੋਟ ਕੀਤਾ। ਪਰ ਪਿਛਲੇ ਕਈ ਸਾਲਾਂ ਤੋਂ ਕਬੱਡੀ ਵਿੱਚ ਪੈਸਾ, ਫੋਕੀ ਸ਼ੌਹਰਤ, ਦਬਦਬਾ ਬਣਾਉਣ ਦੀਆਂ ਰਣਨੀਤੀਆਂ ਨੇ ਜਾਲ ਵਿਛਾ ਲਿਆ।"

### 'ਕਬੱਡੀ 'ਚ ਗੈਂਗਸਟਰਾਂ ਦਾ ਦਬਦਬਾ'

ਆਪਣਾ ਨਾਮ ਨਾ ਛਾਪਣ ਦੀ ਸ਼ਰਤ ਉੱਤੇ ਕਬੱਡੀ ਦੇ ਸੀਨੀਅਰ ਸਾਬਕਾ ਖਿਡਾਰੀ ਨੇ ਬੀਬੀਸੀ ਪੰਜਾਬੀ ਦੇ ਪੱਤਰਕਾਰ ਬਰਿੰਦਰ ਸਿੰਘ ਗੱਲ ਕਰਦਿਆਂ ਦੱਸਿਆ ਕਿ ਬਹੁਤ ਸਾਰੇ ਖਿਡਾਰੀ ਅਜਿਹੇ ਹਨ ਜੋ ਗੋਲੀਬਾਰੀ ਦੀਆਂ ਇਹਨਾਂ ਘਟਨਾਵਾਂ ਤੋਂ ਡਰ ਕੇ ਕਬੱਡੀ ਖੇਡਣਾ ਛੱਡ ਗਏ ਹਨ। ਉਹ ਕਹਿੰਦੇ ਹਨ, "ਗੈਂਗਸਟਰ ਟੂਰਨਾਮੈਂਟ ਤੋਂ ਪਹਿਲਾਂ ਖਿਡਾਰੀਆਂ ਨੂੰ ਫੋਨ ਕਰਕੇ ਧਮਕੀ ਦਿੰਦੇ ਹਨ ਕਿ ਅੱਜ ਇਹ ਟੀਮ ਨਹੀਂ ਖੇਡੇਗੀ ਤੇ ਜੇਕਰ ਉਹ ਟੀਮ ਖੇਡ ਗਈ ਤਾਂ ਟੂਰਨਾਮੈਂਟ ਦੇ ਅੰਦਰ ਕਦੋਂ ਗੋਲੀਆਂ ਚੱਲ ਜਾਣੀਆਂ ਕਿਸੇ ਨੂੰ ਕੁਝ ਪਤਾ ਨਹੀਂ ਚੱਲਣਾ। ਖਿਡਾਰੀ ਕੋਲ ਆਪਣੀ ਜਾਨ ਬਚਾਉਣ ਲਈ ਕੁਝ ਵੀ ਨਹੀਂ ਹੁੰਦਾ। ਗੈਂਗਸਟਰ ਕਬੱਡੀ ਤੋਂ ਪੈਸੇ ਕਮਾਉਣਾ ਚਾਹੁੰਦੇ ਹਨ, ਸਿਰਫ ਪੈਸੇ ਅਤੇ ਦਬਦਬੇ ਕਰਕੇ ਗੈਂਗਸਟਰ ਖਿਡਾਰੀਆਂ ਨੂੰ ਧਮਕਾਉਂਦੇ ਹਨ।"

ਅੱਗੇ ਉਹ ਕਹਿੰਦੇ ਹਨ, "ਰਾਣੇ ਦੇ ਕਤਲ ਮਗਰੋਂ ਪੰਜਾਬ ਵਿੱਚ ਕਈ ਕਬੱਡੀ ਟੂਰਨਾਮੈਂਟ ਰੱਦ ਹੋ ਗਏ ਹਨ। ਖਿਡਾਰੀ ਡਰਦੇ ਹਨ, ਇਸੇ ਕਰਕੇ ਕਬੱਡੀ ਵਿੱਚ ਚੰਗਾ ਨਾਮ ਕਮਾਉਣ ਵਾਲੇ ਖਿਡਾਰੀ ਪੰਜਾਬ ਛੱਡ ਦਿੰਦੇ ਹਨ ਕਿਉਂਕਿ ਇੱਥੇ ਉਹਨਾਂ ਦੀ ਜ਼ਿੰਦਗੀ ਸੁਰੱਖਿਅਤ ਨਹੀਂ ਹੈ।'' ''ਕਬੱਡੀ ਵਿੱਚ ਹਾਰਲੇ, ਥਾਰ, ਵਰਗੇ ਮਹਿੰਗੇ ਇਨਾਮ ਰੱਖੇ ਜਾਂਦੇ ਹਨ। ਇਹ ਪੈਸੇ ਕਿੱਥੋਂ ਆ ਰਿਹਾ, ਇਸਦੇ ਬਾਰੇ ਕਿਸੇ ਨੂੰ ਕੁਝ ਨਹੀਂ ਪਤਾ, ਪ੍ਰਮੋਟਰ ਆਪਣਾ ਨਾਮ ਚਮਕਾਉਣਾ ਚਾਹੁੰਦੇ ਹਨ, ਪਰ ਖਿਡਾਰੀ ਮਰ ਰਹੇ ਹਨ।" ਹਾਲਾਂਕਿ ਉਹਨਾਂ ਨੇ ਕਬੱਡੀ ਵਿੱਚ ਨਸ਼ਾ ਹੋਣ ਦੇ ਸਵਾਲ ਉੱਤੇ ਕਿਹਾ, "ਖਿਡਾਰੀਆਂ ਨੂੰ ਬਦਨਾਮ ਕੀਤਾ ਜਾਂਦਾ ਹੈ ਕਿ ਉਹ ਨਸ਼ਾ ਕਰਦੇ ਹਨ, ਪਰ ਇਹ ਸੱਚ ਨਹੀਂ ਹੈ, ਕੁਝ ਕੁ ਖਿਡਾਰੀ ਹੋ ਸਕਦਾ ਕਿ ਨਸ਼ਾ ਕਰਦੇ ਹੋਣ ਪਰ ਹਰ ਖਿਡਾਰੀ ਉੱਤੇ ਇਹ ਇਲਜ਼ਾਮ ਨਹੀਂ ਲਾਇਆ ਜਾ ਸਕਦਾ।"

ਕਬੱਡੀ ਮੁਕਾਬਲਿਆਂ ਦੌਰਾਨ ਜਾਂ ਇਸ ਨਾਲ ਜੁੜੇ ਇਹ ਗੋਲੀਬਾਰੀ ਦੀਆਂ ਘਟਨਾਵਾਂ ਰੁਕ ਕਿਉਂ ਨਹੀਂ ਰਹੀਆਂ ਇਸ ਬਾਰੇ ਪੰਜਾਬ ਪੁਲਿਸ ਦੇ ਸਾਬਕਾ ਵਧੀਕ ਡਾਇਰੈਕਟਰ-ਜਨਰਲ(ਲਾਅ ਐਂਡ ਆਰਡਰ) ਗੁਰਿੰਦਰ ਸਿੰਘ ਢਿੱਲੋਂ ਨੇ ਮੀਡੀਆ ਨਾਲ ਗੱਲ ਕੀਤੀ। ਗੁਰਿੰਦਰ ਸਿੰਘ ਢਿੱਲੋਂ ਮੌਜੂਦਾ ਸਮੇਂ ਕਾਂਗਰਸ ਪਾਰਟੀ ਦੇ ਆਗੂ ਵੀ ਹਨ। ਉਹ ਕਬੱਡੀ ਵਿੱਚ ਵੱਧ ਰਹੇ ਗੋਲੀਬਾਰੀ ਦੀਆਂ ਘਟਨਾਵਾਂ ਦਾ ਮੁੱਖ ਕਾਰਨ "ਸਿਸਟੇਮੈਟਿਕ ਫੇਲੀਅਰ" ਮੰਨਦੇ ਹਨ। ਗੁਰਿੰਦਰ ਢਿੱਲੋਂ ਦਲੀਲ ਦਿੰਦੇ ਕਹਿੰਦੇ ਹਨ, "ਅੱਜ ਵੀ ਜਦੋਂ ਪੰਜਾਬ ਵਿੱਚ ਕਿਤੇ ਕੋਈ ਕਬੱਡੀ ਟੂਰਨਾਮੈਂਟ ਕਰਵਾਇਆ ਜਾਂਦਾ ਹੈ ਤਾਂ ਪਿੰਡਾਂ ਦੇ ਮੋਹਤਰਬਰ ਬੰਦੇ ਇਕੱਠੇ ਹੋ ਕੇ ਐਲਾਨ ਕਰ ਦਿੰਦੇ ਹਨ ਕਿ ਇਸ ਤਰੀਕ ਨੂੰ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ, ਇਸਦੇ ਵਿੱਚ ਕੁਝ ਪਰਵਾਸੀ ਪੰਜਾਬੀ ਸ਼ਾਮਲ ਹੁੰਦੇ ਹਨ।'' ''ਪੈਸੇ ਕਿਥੋਂ ਆ ਰਿਹਾ ਹੈ, ਇਸਦੇ ਬਾਰੇ ਕਿਸੇ ਕੋਲ ਕੋਈ ਜਾਣਕਾਰੀ ਨਹੀਂ ਹੁੰਦੀ, ਇਲਾਕੇ ਦੀ ਪੁਲਿਸ ਨੂੰ ਇਸ ਬਾਰੇ ਸੂਚਿਤ ਨਹੀਂ ਕੀਤਾ ਜਾਂਦਾ, ਕੋਈ ਕਲੀਅਰੈਂਸ ਸਰਟੀਫਿਕੇਟ ਨਹੀਂ ਲਿਆ ਜਾਂਦਾ, ਜਿਸ ਕਾਰਨ ਇਸ ਖੇਡ ਵਿੱਚ ਪੈਸਾ ਭਾਰੂ ਹੋ ਜਾਂਦਾ ਹੈ, ਪੁਲਿਸ ਨੂੰ ਘਟਨਾ ਹੋਣ ਮਗਰੋਂ ਪਤਾ ਲੱਗਦਾ ਹੈ ਕਿ ਇਸ ਇਲਾਕੇ ਵਿੱਚ ਕੋਈ ਕਬੱਡੀ ਟੂਰਨਾਮੈਂਟ ਹੋ ਰਿਹਾ ਸੀ।" "ਇਸ ਕਰਕੇ ਲਾਜ਼ਮੀ ਹੈ ਕਿ ਪੰਜਾਬ ਸਰਕਾਰ ਕਬੱਡੀ ਟੂਰਨਾਮੈਂਟਾਂ ਲਈ ਨਿਯਮ ਤੈਅ ਕਰੇ ਕਿ ਕਬੱਡੀ ਟੂਰਨਾਮੈਂਟ ਕੌਣ ਕਰਵਾ ਸਕਦਾ ਹੈ ਅਤੇ ਕਿੱਥੇ ਕਰਵਾ ਸਕਦਾ ਹੈ।"

### "ਲੀਡਰਾਂ ਲਈ ਰਾਜਨੀਤੀ ਦਾ ਅਖਾੜਾ ਬਣੀ ਕਬੱਡੀ"

ਕਈ ਸਾਲਾਂ ਤੋਂ ਖੇਡ ਪੱਤਰਕਾਰੀ ਨਾਲ ਜੁੜੇ ਜਗਰੂਪ ਸਿੰਘ ਜਰਖੜ ਵੀ ਕਬੱਡੀ ਟੂਰਨਾਮੈਂਟਾਂ ਵਿੱਚ ਵੱਧ ਰਹੀਆਂ ਕਤਲ ਦੀਆਂ ਵਾਰਦਾਤਾਂ ਲਈ ਅਨੁਸ਼ਾਸ਼ਨਹੀਣਤਾ ਨੂੰ ਹੀ ਜ਼ਿੰਮੇਵਾਰ ਮੰਨਦੇ ਹਨ। ਜਗਰੂਪ ਸਿੰਘ ਕਈ ਸਾਲਾਂ ਤੋਂ ਇੱਕ ਪੰਜਾਬੀ ਅਖਬਾਰ ਲਈ ਕਬੱਡੀ ਨਾਲ ਸੰਬੰਧਿਤ ਲੇਖ ਲਿਖਦੇ ਰਹੇ ਹਨ। ਜਗਰੂਪ ਸਿੰਘ ਕਹਿੰਦੇ ਹਨ, "ਦੁਨੀਆਂ ਦੀ ਕੋਈ ਵੀ ਅਜਿਹੀ ਖੇਡ ਨਹੀਂ ਹੈ ਜੋ ਨਿਯਮਾਂ ਤੋਂ ਬਿਨਾਂ ਖੇਡੀ ਜਾ ਸਕਦੀ ਹੋਵੇ। ਨੈਸ਼ਨਲ ਸਟਾਈਲ ਕਬੱਡੀ ਨੂੰ ਅੱਜ ਬਾਲੀਵੁੱਡ ਵੀ ਖੇਡ ਰਿਹਾ ਹੈ।" "ਅੱਜ ਤੱਕ ਪੰਜਾਬ ਸਟਾਈਲ ਕਬੱਡੀ ਲਈ ਕੋਈ ਵੀ ਨਿਯਮ ਤੈਅ ਨਹੀਂ ਕੀਤੇ ਗਏ, ਕਬੱਡੀ ਪੰਜਾਬ ਦੀ ਵਿਰਾਸਤੀ ਖੇਡ ਹੈ ਪਰ ਹਜੇ ਤੱਕ ਪੰਜਾਬ ਸਟਾਈਲ ਕਬੱਡੀ ਲਈ ਰਾਸ਼ਟਰੀ ਪੱਧਰ ਉੱਤੇ ਕੋਈ ਵੀ ਪ੍ਰਬੰਧਕੀ ਬਾਡੀ ਨਹੀਂ ਬਣਾਈ ਜਾ ਸਕੀ ਜੋ ਖੇਡ ਲਈ ਨਿਯਮ ਤੈਅ ਕਰੇ। ਸਰਕਾਰਾਂ ਦਾ ਇਸ ਵੱਲ ਕੋਈ ਧਿਆਨ ਨਹੀਂ ਹੈ।"

"ਕਬੱਡੀ ਟੂਰਨਾਮੈਂਟ ਦਾ ਕੋਈ ਵਿਧੀ-ਵਿਧਾਨ ਬਣਾਇਆ ਹੀ ਨਹੀਂ ਗਿਆ, ਰਾਜਨੀਤਕ ਲੀਡਰਾਂ ਨੇ ਕਬੱਡੀ ਕੱਪਾਂ ਵਿੱਚ ਹੁੰਦੇ ਇਕੱਠ ਦਾ ਲਾਹਾ ਲੈਣ ਲਈ ਖਿਡਾਰੀਆਂ ਨੂੰ ਕਰੋੜਾਂ ਰੁਪਏ ਦੇ ਕੇ ਲਾਲਚੀ ਬਣਾ ਦਿੱਤਾ। ਗੈਰ-ਕਾਨੂੰਨੀ ਪੈਸਾ ਕਬੱਡੀ ਵਿੱਚ ਵੱਧ ਗਿਆ, ਕਬੱਡੀ ਪ੍ਰਮੋਟਰ ਪੈਦਾ ਹੋ ਗਏ, ਜੋ ਵੱਧ ਪੈਸੇ ਕਮਾਉਣ ਦੇ ਚੱਕਰ ਵਿੱਚ ਕਬੱਡੀ ਨੂੰ ਬਿਨਾਂ ਕਾਨੂੰਨਾਂ ਤੋਂ ਚਲਾ ਰਹੇ ਹਨ। ਪੈਸੇ ਅਤੇ ਹਥਿਆਰਾਂ ਦੇ ਜ਼ੋਰ ਉੱਤੇ ਹੌਲੀ-ਹੌਲੀ ਅਪਰਾਧੀ ਕਬੱਡੀ ਨਾਲ ਜੁੜ ਗਏ।" ਕਬੱਡੀ ਵਿੱਚ ਨਸ਼ੇ ਦੀ ਐਂਟਰੀ ਬਾਰੇ ਰਿਟਾਇਰਡ ਪੁਲਿਸ ਅਧਿਕਾਰੀ ਗੁਰਿੰਦਰ ਸਿੰਘ ਢਿੱਲੋਂ ਇਸ ਗੱਲ ਉੱਤੇ ਵੀ ਅਫਸੋਸ ਜ਼ਾਹਿਰ ਕਰਦੇ ਹਨ ਕਿ ਕਬੱਡੀ ਖੇਡਣ ਤੋਂ ਪਹਿਲਾਂ ਖਿਡਾਰੀਆਂ ਦਾ ਕੋਈ ਡਰੱਗ ਟੈਸਟ ਨਹੀਂ ਹੁੰਦਾ।

ਕਬੱਡੀ ਦੇ ਸਾਬਕਾ ਖਿਡਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ ਉੱਤੇ ਕਿਹਾ, ''ਜੇ ਸਹੀ ਕਦਮ ਨਾ ਚੁੱਕੇ ਗਏ ਤਾਂ ਕਬੱਡੀ ਖਤਮ ਹੋ ਜਾਵੇਗੀ , ਨਵੇਂ ਖਿਡਾਰੀਆਂ ਨੂੰ ਮੌਕਾ ਦਿੱਤਾ ਜਾਵੇ, ਅਜਿਹੇ ਵੱਡੇ ਕੱਪ ਨਾ ਕਰਵਾਏ ਜਾਣ ਜਿੱਥੇ ਪੈਸੇ ਦਾ ਦਬਦਬਾ ਹੋਵੇ। ਛੋਟੀਆਂ ਟੀਮਾਂ ਨੂੰ ਖੇਡਣ ਦੇ ਮੌਕੇ ਦਿੱਤੇ ਜਾਣ, ਇਨਾਮ ਛੋਟੇ ਰੱਖੇ ਜਾਣ, ਖੇਡ ਉੱਤੇ ਧਿਆਨ ਦਿੱਤਾ ਜਾਵੇ, ਇਨਾਮ ਉੱਤੇ ਨਹੀਂ।" ਖੇਡ ਪੱਤਰਕਾਰ ਜਗਰੂਪ ਸਿੰਘ ਮੰਨਦੇ ਹਨ ਕਿ ਜੇਕਰ ਕੋਈ ਸਰਕਾਰ ਪੰਜਾਬ ਵਿੱਚ ਕਬੱਡੀ ਦੀ ਤਸਵੀਰ ਨੂੰ ਸੁਧਾਰਨਾ ਚਾਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਪੰਜਾਬ ਸਰਕਾਰ ਸੂਬਾ ਪੱਧਰ ਉੱਤੇ ਪੰਜਾਬ ਸਟਾਈਲ ਕਬੱਡੀ ਨੂੰ ਪਛਾਣ ਦਵੇ। ਜ਼ਿਲ੍ਹਾ ਪੱਧਰ ਉੱਤੇ ਕਬੱਡੀ ਦੀਆਂ ਟੀਮਾਂ ਬਣਨ। ਫੇਰ ਰਾਸ਼ਟਰੀ ਪੱਧਰ ਉੱਤੇ ਇੱਕ ਪ੍ਰਬੰਧਕੀ ਢਾਂਚਾ ਪੰਜਾਬ ਸਟਾਈਲ ਕਬੱਡੀ ਦਾ ਤਿਆਰ ਕੀਤਾ ਜਾਵੇ। "ਉਸਤੋਂ ਬਾਅਦ ਜਿਹੜੇ-ਜਿਹੜੇ ਦੇਸ਼ ਕਬੱਡੀ ਖੇਡਦੇ ਹਨ, ਉਹਨਾਂ ਦੇ ਮੈਂਬਰ ਲੈ ਕੇ ਅੰਤਰਰਾਸ਼ਟਰੀ ਪੱਧਰ ਦਾ ਪ੍ਰਬੰਧਕੀ ਢਾਂਚਾ ਤਿਆਰ ਕੀਤਾ ਜਾਵੇ। ਜਿੰਨਾ ਸਮਾਂ ਕਬੱਡੀ ਇੰਡੀਅਨ ਲੰਪਿਕ ਐਸੋਸੀਏਸ਼ਨ ਦੇ ਏਜੰਡੇ ਹੇਠ ਨਹੀਂ ਹੁੰਦੀ ਉਦੋਂ ਤੱਕ ਕਬੱਡੀ ਦੀ ਤਸਵੀਰ ਨਹੀਂ ਸੁਧਰ ਸਕਦੀ।"

## ਸਵਾਲਾਂ ਦੇ ਘੇਰੇ ’ਚ ਪੰਜਾਬ ਦੇ ਸੁਰੱਖਿਆ ਪ੍ਰਬੰਧ

ਮੋਹਾਲੀ ’ਚ ਚੱਲਦੇ ਮੈਚ ਦੌਰਾਨ ਕਬੱਡੀ ਪ੍ਰਮੋਟਰ ਰਾਣਾ ਬਲਾ-ਚੌਰੀਆ ਦੀ ਗੋ.ਲੀਆਂ ਮਾਰ ਕੇ ਕੀਤੀ ਗਈ ਹੱਤਿਆ ਤੋਂ ਇਕ ਦਿਨ ਬਾਅਦ ਹੁਸ਼ਿਆਰਪੁਰ ਦੇ ਹਰਿਆਣਾ ’ਚ ਨੌਜਵਾਨ ਦਾ ਗੋ.ਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸੇ ਤਰ੍ਹਾਂ ਬਟਾਲਾ ’ਚ ਕਰਿਆਨੇ ਦੀ ਦੁਕਾਨ ’ਤੇ ਹੋਈ ਫਾਇਰਿੰਗ ਨੇ ਸੂਬੇ ਦੀ ਵਿਗੜਦੀ ਕਾਨੂੰਨ-ਵਿਵਸਥਾ ’ਤੇ ਸਵਾਲ ਖੜ੍ਹੇ ਕੀਤੇ ਹਨ। ਰਾਣਾ ਬਲਾਚੌਰੀਆ ਦਾ ਕਤਲ ਸੋਹਾਣਾ ਪਿੰਡ ’ਚ ਕਬੱਡੀ ਟੂਰਨਾਮੈਂਟ ਦੌਰਾਨ ਉਦੋਂ ਹੋਇਆ ਜਦੋਂ ਸੈਲਫੀ ਲੈਣ ਦੇ ਬਹਾਨੇ ਹਮਲਾਵਰਾਂ ਨੇ ਉਸ ਨੂੰ ਨੇੜਿ ' ਗੋ.ਲੀਆਂ ਮਾਰ ਦਿੱਤੀਆਂ। ਖਿਡਾਰੀ ਰਾਣਾ ਦਾ ਕਬੱਡੀ ’ਚ ਵੱਡਾ ਨਾਂ ਸੀ ਤੇ ਉਸ ਤੋਂ ਕਈ ਗੈਂਗਸਟਰ ਗਰੁੱਪ ਖਾਰ ਖਾਂਦੇ ਵੀ ਦੱਸੇ ਗਏ ਹਨ। ਇਸ ਕਤਲ ਦੀ ਜ਼ਿੰਮੇਵਾਰੀ ਬੰਬੀਹਾ ਗੈਂਗ ਵੱਲੋਂ ਸੋਸ਼ਲ ਮੀਡੀਆ ’ਤੇ ਪੋਸਟ ਪਾ ਕੇ ਲਈ ਗਈ। ਇਸ ਗੈਂਗ ਨੇ ਦਾਅਵਾ ਕੀਤਾ ਕਿ ਰਾਣਾ ਬਲਾਚੌਰੀਆ ਦਾ ਕਤਲ ਸਿੱਧੂ ਮੂਸੇਵਾਲਾ ਦੀ ਹੱਤਿਆ ਦਾ ਬਦਲਾ ਹੈ। ਇਸ ਗੈਂਗ ਦੀ ਪੋਸਟ ਮੁਤਾਬਕ ਉਸ ਨੂੰ ਰਾਣਾ ਦਾ ਲਾਰੈਂਸ ਗੈਂਗ ਨਾਲ ਸਬੰਧ ਰੱਖਣਾ ਪਸੰਦ ਨਹੀਂ ਸੀ।

ਹਾਲਾਂਕਿ ਪੁਲਿਸ ਅਧਿਕਾਰੀਆਂ ਨੇ ਇਸ ਗੱਲ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਹੈ ਕਿ ਇਸ ਕਤਲ ਦਾ ਮੂਸੇਵਾਲਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਫ਼ਿਲਹਾਲ ਇਸ ਘਟਨਾ ਦੀ ਜਾਂਚ ਜਾਰੀ ਹੈ ਪਰ ਇਸ ਨੇ ਸਾਲ 2022 ’ਚ ਕਬੱਡੀ ਦੇ ਦਿੱਗਜ ਖਿਡਾਰੀਆਂ ’ਚ ਸ਼ੁਮਾਰ ਸੰਦੀਪ ਨੰਗਲ ਅੰਬੀਆਂ ਦੇ ਕਤਲ ਦੀ ਖ਼ੌਫ਼ਨਾਕ ਯਾਦ ਤਾਜ਼ਾ ਕਰਵਾ ਦਿੱਤੀ ਹੈ। ਸੰਦੀਪ ਨੂੰ ਵੀ ਨਕੋਦਰ ਲਾਗੇ ਇਕ ਪਿੰਡ ’ਚ ਚੱਲਦੇ ਮੈਚ ਦੌਰਾਨ ਗੋ.ਲੀ ਮਾਰ ਕੇ ਖ਼ਤਮ ਕਰ ਦਿੱਤਾ ਗਿਆ ਸੀ। ਨੱਕੋ-ਨੱਕ ਭਰੇ ਮੈਦਾਨਾਂ ’ਚ ਇਸ ਤਰ੍ਹਾਂ ਬੇਖ਼ੌਫ਼ ਹੋ ਕੇ ਘੁੰਮਦੇ ਕਾਤਲਾਂ ਵੱਲੋਂ ਨੌਜਵਾਨ ਖਿਡਾਰੀਆਂ ਨੂੰ ਮਾਰ ਮੁਕਾਉਣਾ ਸੁਰੱਖਿਆ ਪ੍ਰਬੰਧਾਂ ’ਤੇ ਵੱਡੇ ਸਵਾਲ ਖੜ੍ਹੇ ਕਰਦਾ ਹੈ। ਰਾਣਾ ਦੇ ਕਤਲ ਦੌਰਾਨ ਵੀ ਖਿਡਾਰੀਆਂ ਤੇ ਕਬੱਡੀ ਪ੍ਰੇਮੀਆਂ ਦਾ ਇਕੱਠ ਠਾਠਾਂ ਮਾਰ ਰਿਹਾ ਸੀ। ਪੁਲਿਸ ਦਾ ਦਾਅਵਾ ਹੈ ਕਿ ਜਦੋਂ ਇਹ ਵਾਰਦਾਤ ਹੋਈ, ਉਸ ਵੇਲੇ ਸੁਰੱਖਿਆ ਕਰਮਚਾਰੀ ਵੀ ਮੌਜੂਦ ਸਨ ਪਰ ਹਮਲਾਵਰਾਂ ਨੇ ਪੂਰੀ ਯੋਜਨਾ ਨਾਲ ਇਸ ਘਟਨਾ ਨੂੰ ਅੰਜਾਮ ਦਿੱਤਾ ਹੈ। ਇਕ ਹੋਰ ਸਵਾਲ ਖੜ੍ਹਾ ਹੁੰਦਾ ਹੈ ਕਿ ਜੇ ਇਸ ਟੂਰਨਾਮੈਂਟ ’ਚ ਮਸ਼ਹੂਰ ਗਾਇਕ ਮਨਕੀਰਤ ਔਲਖ ਦੇ ਆਉਣ ਦਾ ਪ੍ਰੋਗਰਾਮ ਸੀ ਜਿਸ ਨੂੰ ਗੈਂਗਸਟਰਾਂ ਵੱਲੋਂ ਕਈ ਵਾਰ ਧਮਕੀਆਂ ਮਿਲੀਆਂ ਸਨ। ਇਸ ਦੇ ਬਾਵਜੂਦ ਪੁਲਿਸ ਵੱਲੋਂ ਸਖ਼ਤ ਸੁਰੱਖਿਆ ਦੇ ਪ੍ਰਬੰਧ ਨਾ ਕਰਨਾ ਸਮਝ ਤੋਂ ਬਾਹਰ ਹੈ। ਪੰਜਾਬ ’ਚ ਰੋਜ਼ਾਨਾ ਕਿਤੇ ਨਾ ਕਿਤੇ ਵੱਡੇ ਮੇਲੇ ਤੇ ਪ੍ਰੋਗਰਾਮ ਹੁੰਦੇ ਹਨ ਤੇ ਖ਼ਾਸ ਤੌਰ ’ਤੇ ਟੂਰਨਾਮੈਂਟਾਂ ’ਚ ਲੋਕਾਂ ਦਾ ਵੱਖਰਾ ਉਤਸ਼ਾਹ ਤੇ ਇਕੱਠ ਦੇਖਣ ਨੂੰ ਮਿਲਦਾ ਹੈ। ਬਹੁਤੀਆਂ ਥਾਵਾਂ ’ਤੇ ਪੁਲਿਸ ਪ੍ਰਸ਼ਾਸਨ ਦੇ ਢਿੱਲੇ ਪ੍ਰਬੰਧਾਂ ਤੇ ਸਖ਼ਤੀਆਂ ਦੀ ਘਾਟ ਰੜਕਦੀ ਰਹਿੰਦੀ ਹੈ। ਇਸੇ ਢਿੱਲ ਦਾ ਫ਼ਾਇਦਾ ਇਹ ਗੈਂਗ ਚੁੱਕਦੇ ਹਨ। ਦੂਜੇ ਪਾਸੇ ਖਿਡਾਰੀਆਂ, ਕਲਾਕਾਰਾਂ ਤੇ ਨਾਮਵਰ ਸ਼ਖ਼ਸੀਅਤਾਂ ਦੀਆਂ ਆਪਸੀ ਰੰਜਿਸ਼ਾਂ ਤੇ ਇਕ-ਦੂਜੇ ਨਾਲ ਕਿੜਾਂ ਕਾਰਨ ਵੀ ਸੂਬੇ ’ਚ ਰੋਜ਼ਾਨਾ ਅਜਿਹੀਆਂ ਵਾਰਦਾਤਾਂ ਹੋ ਰਹੀਆਂ ਹਨ। ਇਸੇ ਮਹੀਨੇ ਅਬੋਹਰ ’ਚ ਅਣਪਛਾਤਿਆਂ ਨੇ ਗੋ.ਲੀਆਂ ਮਾਰ ਕੇ ਨੌਜਵਾਨ ਦਾ ਕਤਲ ਕਰ ਦਿੱਤਾ ਸੀ। ਨਵੰਬਰ ਮਹੀਨੇ ਬਟਾਲਾ ਦੇ ਇਕ ਵਿਆਹ ਪ੍ਰੋਗਰਾਮ ’ਚ ਹੋਈ ਗੋ.ਲੀਬਾਰੀ ’ਚ ਦੋ ਲੋਕਾਂ ਦੀ ਮੌਤ ਤੇ ਕਈ ਜ਼ਖ਼ਮੀ ਹੋ ਗਏ ਸਨ। ਫਰਵਰੀ ’ਚ ਗੁਰਾਇਆ ’ਚ ਵਿਆਹ ’ਚ ਨੱਚਦੇ ਸਰਪੰਚ ਦੇ ਪਤੀ ਦਾ ਗੋ.ਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਅਜਿਹੀਆਂ ਘਟਨਾਵਾਂ ਫਗਵਾੜਾ, ਅੰਮ੍ਰਿਤਸਰ, ਮੋਗਾ ਅਤੇ ਲੁਧਿਆਣਾ ’ਚ ਵੀ ਵਾਪਰ ਚੁੱਕੀਆਂ ਹਨ। ਪੁਲਿਸ ਪ੍ਰਸ਼ਾਸਨ ਨੂੰ ਜੇਲ੍ਹਾਂ ਅਤੇ ਵਿਦੇਸ਼ਾਂ ’ਚ ਬੈਠੇ ਗੈਂਗਸਟਰਾਂ ਦੀਆਂ ਹਰਕਤਾਂ ’ਤੇ ਉਚੇਚੀ ਨਜ਼ਰ ਰੱਖਣ ਦੀ ਲੋੜ ਹੈ। ਵੱਡੇ ਇਕੱਠਾਂ ਵਾਲੇ ਪ੍ਰੋਗਰਾਮਾਂ ਲਾਗੇ ਸਖ਼ਤ ਸੁਰੱਖਿਆ ਪ੍ਰਬੰਧ ਕਰਨੇ ਚਾਹੀਦੇ ਹਨ।

# ਪਰਦੇਸ ਟਾਇਮਜ਼ ਦੀ 20ਵੀਂ ਵਰ੍ਹੇਗੰਢ ’ਤੇ ਸਮਾਗਮ ’ਚ ਪਹੁੰਚੀਆਂ ਅਹਿਮ ਸ਼ਖਸੀਅਤਾਂ ਦਾ ਸਨਮਾਨ





















# ਪਰਦੇਸ ਟਾਇਮਜ਼ ਦੀ 20ਵੀਂ ਵਰ੍ਹੇਗੰਢ 'ਤੇ ਸਮਾਗਮ 'ਚ ਪਹੁੰਚੀਆਂ ਅਹਿਮ ਸ਼ਖਸੀਅਤਾਂ ਦਾ ਸਨਮਾਨ


















# ਪਰਦੇਸ ਟਾਈਮਜ਼ ਦੀ 20ਵੀਂ ਵਰ੍ਹੇਗੰਢ ’ਤੇ ਸਮਾਗਮ ’ਚ ਪਹੁੰਚੀਆਂ ਅਹਿਮ ਸ਼ਖਸੀਅਤਾਂ ਦਾ ਸਨਮਾਨ



















# ਪਰਦੇਸ ਟਾਇਮਜ਼ ਦੀ 20ਵੀਂ ਵਰ੍ਹੇਗੰਢ 'ਤੇ ਸਮਾਗਮ 'ਚ ਪਹੁੰਚੀਆਂ ਅਹਿਮ ਸ਼ਖਸੀਅਤਾਂ ਦਾ ਸਨਮਾਨ




















# 'ਵਿਕਸਿਤ ਭਾਰਤ-ਜੀ ਰਾਮ ਜੀ' ਬਿੱਲ ਕੀ ਹੈ

'ਵਿਕਸਿਤ ਭਾਰਤ ਗਰੰਟੀ ਫਾਰ ਰੁਜ਼ਗਾਰ ਅਤੇ ਅਜੀਵਿਕਾ ਮਿਸ਼ਨ' ਭਾਵ ਵੀਬੀ-ਜੀ ਰਾਮ ਜੀ ਨਾਮ ਦਾ ਬਿੱਲ ਮੰਗਲਵਾਰ ਨੂੰ ਲੋਕ ਸਭਾ ਵਿੱਚ ਪੇਸ਼ ਕੀਤਾ ਗਿਆ ਸੀ ਅਤੇ ਵੀਰਵਾਰ ਨੂੰ ਵਿਰੋਧੀ ਧਿਰਾਂ ਦੇ ਵਿਰੋਧ ਦੇ ਬਾਵਜੂਦ ਇਸ ਨੂੰ ਸੰਸਦ ਵਿੱਚ ਪਾਸ ਕਰ ਦਿੱਤਾ ਗਿਆ। ਇਹ ਬਿੱਲ ਦੋ ਦਹਾਕੇ ਪੁਰਾਣੀ ਮਹਾਤਮਾ ਗਾਂਧੀ ਨੈਸ਼ਨਲ ਰੂਰਲ ਇੰਪਲੌਇਮੈਂਟ ਗਾਰੰਟੀ ਸਕੀਮ ਦੀ ਥਾਂ ਲਵੇਗਾ।

ਬਿੱਲ ਪਾਸ ਹੋਣ ਤੋਂ ਬਾਅਦ, ਵਿਰੋਧੀ ਧਿਰ ਦੇ ਆਗੂ ਵੀਰਵਾਰ ਰਾਤ ਨੂੰ ਸੰਸਦ ਪਰਿਸਰ ਵਿੱਚ ਧਰਨੇ 'ਤੇ ਬੈਠੇ ਰਹੇ। ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਪੁਰਾਣੀ ਯੋਜਨਾ ਦੀਆਂ ਕਮੀਆਂ ਨੂੰ ਦੂਰ ਕਰਨ ਲਈ ਇਹ ਬਿੱਲ ਜ਼ਰੂਰੀ ਸੀ। ਵਿਰੋਧੀ ਧਿਰ ਨੇ ਐਲਾਨ ਕੀਤਾ ਹੈ ਕਿ ਉਹ ਇਸ ਮੁੱਦੇ ਦਾ ਵਿਰੋਧ ਕਰਨ ਲਈ ਦੇਸ਼ ਭਰ ਵਿੱਚ ਸੜਕਾਂ 'ਤੇ ਉਤਰ ਕੇ ਪ੍ਰਦਰਸ਼ਨ ਕਰਨਗੇ।

ਨਵੇਂ ਬਿੱਲ ਦੇ ਖਰੜੇ ਵਿੱਚ ਕਿਹਾ ਗਿਆ ਹੈ ਕਿ ਇਸਦਾ ਉਦੇਸ਼ ਵਿਕਸਿਤ ਭਾਰਤ 2047 ਦੇ



ਕੌਮੀ ਵਿਜ਼ਨ ਦੇ ਅਨੁਰੂਪ ਪੇਂਡੂ ਵਿਕਾਸ ਦਾ ਨਵਾਂ ਢਾਂਚਾ ਤਿਆਰ ਕਰਨਾ ਹੈ। 16 ਦਸੰਬਰ ਨੂੰ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਚੌਹਾਨ ਵੱਲੋਂ ਜਿਵੇਂ ਹੀ ਬਿੱਲ ਪੇਸ਼ ਕੀਤਾ ਤਾਂ ਸਦਨ ਅੰਦਰ ਖੂਬ ਹੰਗਾਮਾ ਹੋਇਆ, ਉਸ ਤੋਂ ਬਾਅਦ ਕਈ ਘੰਟੇ ਇਸ ਬਿੱਲ ਉੱਤੇ ਚਰਚਾ ਹੋਈ ਅਤੇ ਆਖ਼ਰ ਪਾਸ ਕਰ ਦਿੱਤਾ ਗਿਆ।

ਇਹ ਬਿੱਲ ਪ੍ਰਤੀ ਪੇਂਡੂ ਪਰਿਵਾਰ ਸਾਲਾਨਾ ਰੁਜ਼ਗਾਰ ਗਰੰਟੀ ਨੂੰ 100 ਤੋਂ ਵਧਾ ਕੇ 125 ਦਿਨ ਕਰਦਾ ਹੈ ਅਤੇ ਇਸ ਦੇ ਇਲਾਵਾ ਕੁਝ ਹੋਰ ਬਦਲਾਅ ਹਨ। ਸਕੀਮ ਦਾ ਨਾਮ ਬਦਲਣ ਤੋਂ ਲੈ ਕੇ ਬਿੱਲ ਵਿਚਲੀਆਂ ਕੁਝ ਤਜਵੀਜ਼ਾਂ ਉੱਤੇ ਵਿਰੋਧੀ ਧਿਰਾਂ ਸਰਕਾਰ ਉੱਤੇ ਸਵਾਲ ਖੜ੍ਹੇ ਕਰ ਰਹੀਆਂ ਹਨ। ਦੂਜੇ ਪਾਸੇ ਸਰਕਾਰ ਨੇ ਕਿਹਾ ਹੈ ਕਿ ਵਿਰੋਧੀਆਂ ਦੇ ਇਲਜ਼ਾਮ ਗੁਮਰਾਹਕੁੰਨ ਹਨ। ਜਾਣਦੇ ਹਾਂ ਕਿ ਇਸ ਬਿੱਲ ਉੱਤੇ ਸਦਨ ਵਿੱਚ ਹੰਗਾਮਾ ਕਿਉਂ ਹੋਇਆ, ਨਵੇਂ ਬਿੱਲ ਵਿੱਚ ਕੀ ਹੈ, ਵਿਰੋਧੀਆਂ ਨੂੰ ਕੀ ਇਤਰਾਜ਼ ਹੈ ਅਤੇ ਸਰਕਾਰ ਦੀ ਕੀ ਦਲੀਲ ਹੈ ਅਤੇ ਮਾਹਰ ਇਸ ਬਾਰੇ ਕੀ ਕਹਿੰਦੇ ਹਨ

ਜਿਵੇਂ ਹੀ ਮੰਗਲਵਾਰ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਬਿਲ ਪੇਸ਼ ਕੀਤਾ ਤਾਂ ਲੋਕ ਸਭਾ ਵਿੱਚ ਰੌਲਾ ਪੈਣ ਲੱਗਿਆ। ਡੀਐਮਕੇ, ਕਾਂਗਰਸ, ਸਪਾ ਅਤੇ ਐਨਸੀਪੀ ਦੇ ਸੰਸਦ ਮੈਂਬਰਾਂ ਨੇ ਵਿਰੋਧ ਜਤਾਇਆ। ਕਾਂਗਰਸ ਸਾਂਸਦ ਪ੍ਰਿਯੰਕਾ ਗਾਂਧੀ ਨੇ ਕਿਹਾ ਕਿ ਉਹ ਬਿੱਲ ਦਾ ਵਿਰੋਧ ਕਰਦੇ ਹਨ। ਹਰ ਯੋਜਨਾ ਦਾ ਨਾਮ ਬਦਲਣ ਦੀ ਸਨਕ ਸਮਝ ਨਹੀਂ ਆਉਂਦੀ ਹੈ।

ਉਨ੍ਹਾਂ ਕਿਹਾ,"ਮਹਾਤਮਾ ਗਾਂਧੀ ਮੇਰੇ ਪਰਿਵਾਰ ਦੇ ਨਹੀਂ, ਮੇਰੇ ਪਰਿਵਾਰ ਵਰਗੇ ਹੀ ਹਨ। ਪੂਰੇ ਦੇਸ਼ ਦੀ ਇਹੀ ਭਾਵਨਾ ਹੈ। ਘੱਟੋ-ਘੱਟ ਇਸ ਬਿੱਲ ਨੂੰ ਸਥਾਈ ਸਮਿਤੀ ਦੇ ਕੋਲ ਭੇਜੋ। ਕੋਈ ਬਿੱਲ ਕਿਸੇ ਦੀ ਨਿੱਜੀ ਅਭਿਲਾਸ਼ਾ ਦੇ ਅਧਾਰ ਉੱਤੇ ਪੇਸ਼ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਪਾਸ ਹੋਣਾ ਚਾਹੀਦਾ ਹੈ।" ਮਨਰੇਗਾ ਦਾ ਨਾਮ ਬਦਲਣ ਦੇ ਮੁੱਦੇ ਉੱਤੇ ਮੰਗਲਵਾਰ ਨੂੰ ਵੀ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਸੰਸਦ ਕੰਪਲੈਕਸ ਵਿੱਚ ਮਹਾਤਮਾ ਗਾਂਧੀ ਦੇ ਬੁੱਤ ਕੋਲ ਮਹਾਤਮਾ ਗਾਂਧੀ ਦੀਆਂ ਤਸਵੀਰਾਂ ਹੱਥ ਵਿੱਚ ਲੈ ਕੇ ਪ੍ਰਦਰਸ਼ਨ ਕੀਤਾ ਸੀ ਅਤੇ ਫਿਰ ਵੀਰਵਾਰ ਨੂੰ ਵੀ ਕੁਝ ਸਾਂਸਦਾਂ ਨੇ ਪ੍ਰਦਰਸ਼ਨ ਕੀਤਾ।

ਸਰਕਾਰ ਦਾ ਦਾਅਵਾ ਹੈ ਕਿ ਇਸ ਬਿੱਲ ਦੇ ਤਹਿਤ ਗ੍ਰਾਮੀਣ ਇਲਾਕਿਆਂ ਵਿੱਚ ਜਲ ਸੁਰੱਖਿਆ ਦੀ ਗਰੰਟੀ ਦਿੱਤੀ ਜਾਵੇਗੀ ਅਤੇ ਲੋਕਾਂ ਨੂੰ ਇਸ ਨਾਲ ਜੁੜੇ ਕੰਮਾਂ ਤਹਿਤ ਰੁਜ਼ਗਾਰ ਦਿੱਤਾ ਜਾਵੇਗਾ। ਜਿਸ ਨਾਲ ਇਨ੍ਹਾਂ ਇਲਾਕਿਆਂ ਵਿੱਚ ਪਾਣੀ ਅਤੇ ਸਿੰਜਾਈ ਦੇ ਲਈ ਵਧੀਆ ਸੰਸਾਧਨ ਮੁਹੱਈਆ ਕਰਵਾਏ ਜਾ ਸਕਣਗੇ। ਸਦਨ ਅੰਦਰ ਵਿਰੋਧੀਆਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ,"ਮਹਾਤਮਾ ਗਾਂਧੀ ਸਾਡੇ ਦਿਲਾਂ ਵਿੱਚ ਵੱਸਦੇ ਹਨ। ਮਹਾਤਮਾ ਗਾਂਧੀ ਦਾ ਸੰਕਲਪ ਸੀ ਕਿ ਜੋ ਸਭ ਤੋਂ ਹੇਠਾਂ ਹਨ ਉਨ੍ਹਾਂ ਦਾ ਕਲਿਆਣਾ ਸਭ ਤੋਂ ਪਹਿਲਾਂ ਕੀਤਾ ਜਾਵੇ।" "ਅਸੀਂ ਯੂਪੀਏ ਤੋਂ 4 ਗੁਣਾ ਜ਼ਿਆਦਾ ਮਨਰੇਗਾ ਵਿੱਚ ਖਰਚ ਕਰਕੇ ਯੋਜਨਾ ਨੂੰ ਮਜਬੂਤ ਕੀਤਾ ਹੈ। ਤਕਲੀਫ ਕੀ ਹੈ ਜੇਕਰ 100 ਦੀ ਥਾਂ 125 ਦਿਨਾਂ ਦੀ ਗਰੰਟੀ ਦੇਵਾਂਗੇ। 1 ਲੱਖ 51 ਹਜ਼ਾਰ ਕਰੋੜ ਤੋਂ ਵੱਧ ਦੀ ਰਕਮ ਦੀ ਤਜਵੀਜ਼ ਕੀਤੀ ਗਈ ਹੈ। "ਇਸ ਬਿੱਲ ਨਾਲ ਅਸੀਂ ਗਰੀਬ ਦਾ ਸਨਮਾਨ ਅਤੇ ਮਹਾਤਮਾ ਗਾਂਧੀ ਦਾ ਸਪਨਾ ਪੂਰਾ ਕਰ ਰਹੇ ਹਾਂ। ਇਹ ਬਿੱਲ ਮਹਾਤਮਾ ਗਾਂਧੀ ਦੀਆਂ ਭਾਵਨਾਵਾਂ ਦੇ ਅਨੁਰੂਪ ਹੈ।"

### ਮਨਰੇਗਾ ਸਕੀਮ ਕੀ ਹੈ

ਮਨਰੇਗਾ ਹਰ ਗ੍ਰਾਮੀਣ ਪਰਿਵਾਰ ਦੇ ਇੱਕ ਸ਼ਖ਼ਸ ਨੂੰ ਘੱਟੋ-ਘੱਟ ਦਿਹਾੜੀ ਦੇ ਨਾਲ 100 ਦਿਨ ਦੇ ਰੁਜ਼ਗਾਰ ਦੀ ਗਰੰਟੀ ਦਿੰਦਾ ਹੈ। ਮਨਰੇਗਾ ਦੇ ਜ਼ਰੀਏ ਕੰਮ ਦਾ ਅਧਿਕਾਰ ਦਾ ਕਾਨੂੰਨ ਅਗਸਤ, 2005 ਵਿੱਚ ਪਾਸ ਹੋਇਆ ਸੀ। ਮਨਰੇਗਾ ਨੂੰ ਪਹਿਲਾਂ ਭਾਰਤ ਦੇ 625 ਜ਼ਿਲ੍ਹਾਂ ਵਿੱਚ ਲਾਗੂ ਕੀਤਾ ਗਿਆ ਸੀ। ਪਰ ਸਾਲ 2008 ਵਿੱਚ ਭਾਰਤ ਦੇ ਸਾਰੇ ਜ਼ਿਲ੍ਹਿਆਂ ਵਿੱਚ ਲਾਗੂ ਕਰ ਦਿੱਤਾ ਗਿਆ ਸੀ। ਮਨਰੇਗਾ ਯੋਜਨਾ ਦਾ ਕੰਮਕਾਜ ਗ੍ਰਾਮ ਪੰਚਾਇਤ ਦੇ ਅਧੀਨ ਹੁੰਦਾ ਹੈ। ਅਰਜ਼ੀ ਦੇਣ ਦੇ 15 ਦਿਨਾਂ ਦੇ ਅੰਦਰ ਕੰਮ ਨਾ ਮਿਲਣ ਉੱਤੇ ਅਰਜ਼ੀ ਦੇਣ ਵਾਲੇ ਨੂੰ ਬੇਰੁਜ਼ਗਾਰੀ ਭੱਤਾ ਦਿੱਤੇ ਜਾਣ ਦਾ ਵੀ ਮਤਾ ਹੈ।

ਇਸ ਸਕੀਮ ਤਹਿਤ 18 ਸਾਲ ਤੋਂ ਵੱਧ ਉਮਰ ਦਾ ਗ੍ਰਾਮੀਣ ਵਿਅਕਤੀ (ਬਾਲਗ) ਕੰਮ ਲਈ ਅਰਜ਼ੀ ਦੇ ਸਕਦਾ ਹੈ। ਸੜਕ, ਤਲਾਬ, ਨਹਿਰਾਂ ਅਤੇ ਅਜਿਹੇ ਕੁਝ ਕੰਮਾਂ ਦੌਰਾਨ ਮਜ਼ਦੂਰੀ ਮਿਲਦੀ ਹੈ। ਮਜ਼ਦੂਰੀ ਦਾ ਭੁਗਤਾਨ ਸਿੱਧਾ ਬੈਂਕ ਜਾਂ ਪੋਸਟ ਦਫਤਰ ਖਾਤੇ ਵਿੱਚ ਆਉਣ ਦੀ ਤਜਵੀਜ਼ ਹੈ। ਇਸ ਮੁਤਾਬਕ ਘੱਟੋ-ਘੱਟ ਇੱਕ ਤਿਹਾਈ ਕਾਮੇ ਮਹਿਲਾਵਾਂ ਹੋਣੀਆਂ ਲਾਜ਼ਮੀ ਹਨ।

ਕੰਮ ਦੇ ਦਿਨ ਵਧਾਏ-ਮਨਰੇਗਾ ਤਹਿਤ ਕੰਮ ਦੇ ਦਿਨ 100 ਹਨ ਜਦੋਂਕਿ ਨਵੇਂ ਬਿੱਲ ਵਿੱਚ ਤਜਵੀਜ਼ ਹੈ ਕਿ 125 ਦਿਨ ਰੁਜ਼ਗਾਰ ਮਿਲੇਗਾ। ਉਨ੍ਹਾਂ ਲੋਕਾਂ ਨੂੰ ਜੋ ਆਪਣੀ ਇੱਛਾ ਨਾਲ ਅਨਸਕਿੱਲਡ ਸਰੀਰਕ ਮਜਦੂਰੀ ਕਰਨਾ ਚਾਹੁੰਦੇ ਹਨ। ਸਾਲ ਦੇ 60 ਦਿਨਾਂ ਦੌਰਾਨ ਰੁਜ਼ਗਾਰ ਨਹੀਂ-ਇੱਕ ਵਿੱਤੀ ਸਾਲ ਦੌਰਾਨ ਖੇਤੀ ਸੀਜ਼ਨ (ਬਿਜਾਈ ਅਤੇ ਵਾਢੀ) ਦੇ ਦਿਨਾਂ ਵਿੱਚ (60 ਦਿਨ) ਲਈ ਮਜ਼ਦੂਰਾਂ ਦੀ ਉਪਲੱਬਧਤਾ ਲਈ ਐਕਟ ਅਧੀਨ ਰੁਜ਼ਗਾਰ ਨਹੀਂ ਮਿਲੇਗਾ। ਸੂਬਾ ਸਰਕਾਰ ਇਸ ਬਾਰੇ ਪਹਿਲਾਂ ਹੀ ਜਾਣਕਾਰੀ ਦੇਣਗੀਆਂ।

ਫੰਡ ਸ਼ੇਅਰਿੰਗ-ਸਕੀਮ ਲਈ ਫੰਡ ਦੇ 90:10 ਦੇ ਅਨੁਪਾਤ ਨੂੰ 60:40 ਕਰ ਦਿੱਤਾ ਗਿਆ, ਜਿਸ ਦਾ ਭਾਵ ਹੈ 60 ਫੀਸਦ ਫੰਡ ਕੇਂਦਰ ਅਤੇ 40 ਫੀਸਦ ਸੂਬਾ ਸਰਕਾਰ ਤੋਂ ਆਉਣਗੇ। ਹਾਲਾਂਕਿ ਉੱਤਰ-ਪੂਰਬੀ ਅਤੇ ਹਿਮਾਲੀਅਨ ਰਾਜਾਂ ਸਣੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਲਈ ਅਨੁਪਾਤ 90:10 ਹੀ ਰਹੇਗਾ।ਗਵਰਨਿੰਗ ਬਾਡੀ: ਸਕੀਮ ਲਾਗੂ ਕਰਨ ਅਤੇ ਨਿਗਰਾਨੀ ਕਰਨ ਵਾਲੀ ਅਥਾਰਿਟੀ ਸੈਂਟਰ ਗ੍ਰਾਮੀਣ ਰੁਜ਼ਗਾਰ ਗਰੰਟੀ ਕਾਊਂਸਲ ਹੋਵੇਗੀ। ਪਾਰਦਰਸ਼ਤਾ-ਜੀ ਟੈਗਿੰਗ, ਡਿਜ਼ੀਟਲ ਰਿਕ-'ਰਡਿੰਗ ਸਣੇ ਹੋਰ ਤਕਨੀਕਾਂ ਰਾਹੀਂ ਪਾਰਦਰਸ਼ਿਤਾ ਯਕੀਨੀ ਬਣਾਉਣ ਦਾ ਦਾਅਵਾ ਕੀਤਾ ਗਿਆ ਹੈ।

### ਮਨਰੇਗਾ ਤਹਿਤ ਪੰਜਾਬ ਦੇ ਕਿੰਨੇ ਲੋਕਾਂ ਨੂੰ ਰੁਜ਼ਗਾਰ

ਪੇਂਡੂ ਵਿਕਾਸ ਮੰਤਰਾਲੇ ਦੀ ਵੈਬਸਾਈਟ ਉੱਤੇ ਦਿੱਤੀ ਜਾਣਕਾਰੀ ਮੁਤਾਬਕ ਵਿੱਤੀ ਸਾਲ 2025-26 ਦੌਰਾਨ ਪੂਰੇ ਦੇਸ਼ ਵਿੱਚ ਕੁੱਲ 27 ਕਰੋੜ 97 ਲੱਖ 98 ਹਜ਼ਾਰ ਦੇ ਲਗਭਗ ਰਜਿਸਟਡ ਮਨਰੇਗਾ ਵਰਕਰ ਹਨ, ਜਿਨ੍ਹਾਂ ਵਿੱਚੋਂ 12 ਕਰੋੜ 16 ਲੱਖ 37 ਹਜ਼ਾਰ ਦੇ ਲਗਭਗ ਐਕਟਿਵ ਮਨਰੇਗਾ ਵਰਕਰ ਹਨ।

ਜਦੋਂ ਕਿ ਪੰਜਾਬ ਦੇ 23 ਜ਼ਿਲ੍ਹਿਆਂ ਦੇ 134 ਬਲਾਕਸ ਵਿੱਚ ਕੁੱਲ ਮਨਰੇਗਾ ਵਰਕਰਾਂ ਦੀ ਗਿਣਤੀ 30 ਲੱਖ 29 ਹਜ਼ਾਰ ਤੋਂ ਪਾਰ ਹੈ। ਇਨ੍ਹਾਂ ਵਿੱਚੋਂ ਐਕਟਿਵ ਵਰਕਰਾਂ ਦੀ ਗਿਣਤੀ ਲਗਭਗ 15 ਲੱਖ ਹੈ। ਸਭ ਤੋਂ ਵੱਧ ਮਨਰੇਗਾ ਵਰਕਰ ਬਿਹਾਰ ਤੋਂ ਹਨ, ਇਹ ਅੰਕੜਾ 2 ਕਰੋੜ 75 ਲੱਖ ਤੋਂ ਪਾਰ ਹੈ। ਜਦੋਂ ਕਿ ਐਕਟਿਵ ਵਰਕਰਾਂ ਦੀ ਵੱਧ ਗਿਣਤੀ ਉੱਤਰ-ਪ੍ਰਦੇਸ਼ ਵਿੱਚ ਹੈ।

# ਭਾਰਤੀ ਅਰਥਚਾਰੇ ਨੂੰ ਉਚਾਈਆਂ 'ਤੇ ਪਹੁੰਚਾ ਸਕਦੇ ਨੇ ਪਿੰਡ/ਦਿਹਾਤ



ਡਾ. ਜੈਅੰਤੀਲਾਲ ਭੰਡਾਰੀ

ਭਾਰਤ ਨੇ 2024-25 ਵਿਚ 35.77 ਕਰੋੜ ਟਨ ਅਨਾਜ ਉਤਪਾਦਨ ਕਰ ਕੇ ਇਕ ਇਤਿਹਾਸਕ ਰਿਕਾਰਡ ਬਣਾਇਆ ਹੈ। ਪਿਛਲੇ ਦਸ ਸਾਲਾਂ ਵਿਚ ਭਾਰਤ ਦਾ ਅਨਾਜ ਉਤਪਾਦਨ 10 ਕਰੋੜ ਟਨ ਵਧਿਆ ਹੈ। ਇਹ ਖੇਤੀ ਵਿਚ ਆਤਮ-ਨਿਰਭਰਤਾ ਅਤੇ ਪਿੰਡਾਂ ਦੇ ਵਿਕਾਸ ਵੱਲ ਦੇਸ਼ ਦੀ ਲਗਾਤਾਰ ਵਧਦੀ ਰਫ਼ਤਾਰ ਨੂੰ ਦਰਸਾਉਂਦਾ ਹੈ। ਇਸ ਸਮੇਂ ਜਿੱਥੇ ਆਲਮੀ ਸਮੁੱਚਾ ਘਰੇਲੂ ਉਤਪਾਦ (ਜੀਡੀਪੀ) ਦੀ ਵਾਧਾ ਦਰ ਲਗਪਗ ਤਿੰਨ ਪ੍ਰਤੀਸ਼ਤ ਹੈ ਅਤੇ ਜੀ-7 ਦੇ ਦੇਸ਼ਾਂ ਦੀ ਆਰਥਿਕਤਾ ਔਸਤ ਵਿਚ ਲਗਭਗ 1.15 ਪ੍ਰਤੀਸ਼ਤ ਦੀ ਦਰ ਨਾਲ ਵਧ ਰਹੀ ਹੈ, ਉਥੇ ਹੀ ਭਾਰਤ ਵਿਚ 2025-26 ਦੀ ਦੂਜੀ ਤਿਮਾਹੀ ਵਿਚ ਜੀਡੀਪੀ ਦੀ ਵਾਧਾ ਦਰ 8.2 ਪ੍ਰਤੀਸ਼ਤ ਰਹੀ ਹੈ।

ਇਨ੍ਹੀਂ ਦਿਨੀਂ ਭਾਰਤ ਦੇ ਆਰਥਿਕ ਮੁਹਾਂਦਰੇ ਨਾਲ ਸਬੰਧਤ ਵੱਖ-ਵੱਖ ਅਧਿਐਨ ਰਿਪੋਰਟਾਂ ਵਿਚ ਇਹ ਤੱਥ ਰੇਖਾਂਕਿਤ ਹੋ ਰਿਹਾ ਹੈ ਕਿ ਚਾਲੂ ਵਿੱਤੀ ਸਾਲ 2025-26 ਵਿਚ ਗ੍ਰਾਮੀਣ ਭਾਰਤ ਤੋਂ ਆਰਥਿਕਤਾ ਨੂੰ ਮਜ਼ਬੂਤੀ ਮਿਲ ਰਹੀ ਹੈ। ਇਹ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਪਿੰਡਾਂ ਵਿਚ ਖਪਤ ਤੇਜ਼ੀ ਨਾਲ ਵਧ ਰਹੀ ਹੈ। ਗ੍ਰਾਮੀਣ ਗ਼ਰੀਬੀ ਵਿਚ ਕਮੀ, ਛੋਟੇ ਕਿਸਾਨਾਂ ਦੀ ਸ਼ਾਹੂਕਾਰਾਂ ਦੇ ਕਰਜ਼ੇ 'ਤੇ ਨਿਰਭਰਤਾ ਵਿਚ ਕਮੀ, ਗ੍ਰਾਮੀਣ ਖਪਤ ਵਿਚ ਵਾਧਾ ਅਤੇ ਕਿਸਾਨਾਂ ਦੇ ਜੀਵਨ ਪੱਧਰ ਵਿਚ ਸੁਧਾਰ ਵਰਗੀਆਂ ਵੱਖ-ਵੱਖ ਅਨੁਕੂਲਤਾਵਾਂ ਨਾਲ ਗ੍ਰਾਮੀਣ ਭਾਰਤ ਮਜ਼ਬੂਤੀ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ।



ਰਿਜ਼ਰਵ ਬੈਂਕ ਨੇ ਕਰੰਸੀ ਨੀਤੀ ਸਮੀਖਿਆ ਦੀ ਹਾਲੀਆ ਬੈਠਕ ਵਿਚ ਕਿਹਾ ਕਿ ਭਾਰਤ ਵਿਚ ਮਹਿੰਗਾਈ ਘਟਣ ਵਿਚ ਖੇਤੀ ਉਤਪਾਦਨ ਅਤੇ ਗ੍ਰਾਮੀਣ ਵਿਕਾਸ ਦਾ ਮਹੱਤਵਪੂਰਨ ਯੋਗਦਾਨ ਹੈ ਅਤੇ ਅੱਗੇ ਵੀ ਮਹਿੰਗਾਈ ਨੂੰ ਨੱਥ ਪਾਉਣ ਵਿਚ ਅਨਾਜ ਉਤਪਾਦਨ ਦੀ ਅਹਿਮ ਭੂਮਿਕਾ ਰਹੇਗੀ। ਵਿਸ਼ਵ ਬੈਂਕ ਦੀ ਰਿਪੋਰਟ ਅਨੁਸਾਰ ਦਿਹਾਤੀ ਸੁਧਾਰ, ਬਿਹਤਰ ਖੇਤੀ ਉਤਪਾਦਨ, ਦਿਹਾਤੀ ਖਪਤ ਵਿਚ ਵਾਧਾ ਅਤੇ ਟੈਕਸ ਸੁਧਾਰ ਵਰਗੇ ਤੱਤਾਂ ਦੇ ਆਧਾਰ 'ਤੇ ਭਾਰਤ ਦੁਨੀਆ ਦਾ ਸਭ ਤੋਂ ਤੇਜ਼ੀ ਨਾਲ ਵਧਦਾ ਪ੍ਰਮੁੱਖ ਅਰਥਚਾਰਾ ਬਣਿਆ ਰਹੇਗਾ। ਇਸੇ ਤਰ੍ਹਾਂ ਐਸਐਂਡਪੀ ਗਲੋਬਲ ਰੇਟਿੰਗਜ਼ ਦੁਆਰਾ ਪ੍ਰਕਾਸ਼ਿਤ ਏਸ਼ੀਆ-ਪੈਸੇਫਿਕ ਇਕੋਨੋਮਿਕ ਆਊਟਲੁੱਕ ਰਿਪੋਰਟ 2025 ਅਨੁਸਾਰ ਗ੍ਰਾਮੀਣ ਭਾਰਤ ਵਿਚ ਵਿਕਾਸ ਦੀ ਸਕਾਰਾਤਮਕਤਾ ਹੈ।

ਮਹਿੰਗਾਈ ਘਟਣ ਅਤੇ ਟੈਕਸਾਂ ਵਿਚ ਕਟੌਤੀ ਨਾਲ ਭਾਰਤ ਦੀ ਗ੍ਰਾਮੀਣ ਖਪਤ ਵਿਚ ਸੁਧਾਰ ਹੋਇਆ ਹੈ। ਰਿਜ਼ਰਵ ਬੈਂਕ ਦੁਆਰਾ ਪ੍ਰਕਾਸ਼ਿਤ ਦਿਹਾਤੀ ਉਪਭੋਗਤਾ ਵਿਸ਼ਵਾਸ ਸਰਵੇਖਣ 'ਤੇ ਆਧਾਰਤ ਰਿਪੋਰਟ ਮੁਤਾਬਕ ਪਿਛਲੇ ਇਕ ਸਾਲ ਵਿਚ 76.7 ਪ੍ਰਤੀਸ਼ਤ ਪੇਂਡੂ ਪਰਿਵਾਰਾਂ ਵਿਚ ਖਪਤ ਵਾਧਾ ਅਤੇ 39.6 ਪ੍ਰਤੀਸ਼ਤ ਪਰਿਵਾਰਾਂ ਵਿਚ ਆਮਦਨ ਵਿਚ ਵਾਧਾ ਸਾਹਮਣੇ ਆਇਆ ਹੈ। ਇਸੇ ਤਰ੍ਹਾਂ ਐਸਬੀਆਈ ਰਿਸਰਚ ਦੁਆਰਾ ਗ਼ਰੀਬੀ 'ਤੇ ਜਾਰੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਗ਼ਰੀਬੀ ਵਿਚ ਕਮੀ ਸ਼ਹਿਰੀ ਇਲਾਕਿਆਂ ਦੀ ਤੁਲਨਾ ਵਿਚ ਪੇਂਡੂ ਇਲਾਕਿਆਂ ਵਿਚ ਜ਼ਿਆਦਾ ਤੇਜ਼ੀ ਨਾਲ ਆਈ ਹੈ।

ਜਿੱਥੇ 2011-12 ਵਿਚ ਗ੍ਰਾਮੀਣ ਗ਼ਰੀਬੀ 25.7 ਪ੍ਰਤੀਸ਼ਤ ਅਤੇ ਸ਼ਹਿਰੀ ਗ਼ਰੀਬੀ 13.7 ਪ੍ਰਤੀਸ਼ਤ ਸੀ, ਉੱਥੇ ਹੀ 2023-24 ਵਿਚ ਗ੍ਰਾਮੀਣ ਗ਼ਰੀਬੀ ਘਟ ਕੇ 4.86 ਪ੍ਰਤੀਸ਼ਤ ਅਤੇ ਸ਼ਹਿਰੀ ਗ਼ਰੀਬੀ 4.09 ਪ੍ਰਤੀਸ਼ਤ 'ਤੇ ਆ ਗਈ ਹੈ। ਹਾਲ ਹੀ ਵਿਚ ਜਾਰੀ ਨਾਬਾਰਡ ਦੀ ਸਰਵੇਖਣ ਰਿਪੋਰਟ ਅਨੁਸਾਰ, ਪੇਂਡੂ ਖੇਤਰਾਂ ਵਿਚ ਹੁਣ 54.5 ਪ੍ਰਤੀਸ਼ਤ ਪਰਿਵਾਰ ਰਸਮੀ ਸਰੋਤਾਂ-ਖੇਤਰੀ ਗ੍ਰਾਮੀਣ ਬੈਂਕਾਂ, ਸਹਿਕਾਰੀ ਸਭਾਵਾਂ ਆਦਿ ਤੋਂ ਕਰਜ਼ਾ ਲੈਂਦੇ ਹਨ ਜੋ ਕਿ ਹੁਣ ਤੱਕ ਦਾ ਸਭ ਤੋਂ ਉੱਚਾ ਪੱਧਰ ਹੈ।

ਯਾਦ ਰਹੇ ਕਿ 2019 ਤੋਂ ਸ਼ੁਰੂ ਕੀਤੀ ਗਈ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਯੋਜਨਾ ਵੀ ਕਰੋੜਾਂ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਵਿੱਤੀ ਮਜ਼ਬੂਤੀ ਦੇ ਰਹੀ ਹੈ। ਅਪ੍ਰੈਲ 2020 ਤੋਂ ਸ਼ੁਰੂ ਕੀਤੀ ਗਈ ਪੀਐੱਮ ਸਵਾਮਿਤਵ ਯੋਜਨਾ ਤਹਿਤ ਪੇਂਡੂ ਖੇਤਰਾਂ ਦੇ ਲੋਕਾਂ ਨੂੰ ਉਨ੍ਹਾਂ ਦੀ ਜ਼ਮੀਨ ਦਾ ਕਾਨੂੰਨੀ ਹੱਕ ਦੇ ਕੇ ਉਨ੍ਹਾਂ ਦੇ ਆਰਥਿਕ ਸਸ਼ਕਤੀਕਰਨ ਦਾ ਨਵਾਂ ਅਧਿਆਇ ਲਿਖਿਆ ਜਾ ਰਿਹਾ ਹੈ। ਗ੍ਰਾਮੀਣ ਖੇਤਰਾਂ ਵਿਚ ਰਸਮੀ ਕਰਜ਼ਾ ਵਿਵਸਥਾ ਨੇ ਚੰਗੀ ਤਰੱਕੀ ਕੀਤੀ ਹੈ।

ਪਿੰਡਾਂ ਵਿਚ ਬੈਂਕ ਸ਼ਾਖਾਵਾਂ ਦੀ ਗਿਣਤੀ ਮਾਰਚ 2010 ਦੇ 33,378 ਤੋਂ ਵਧ ਕੇ ਦਸੰਬਰ 2024 ਤੱਕ 56,579 ਹੋ ਗਈ ਹੈ। ਇਸ ਦੇ ਨਾਲ ਹੀ ਕਿਸਾਨ ਕਰੈਡਿਟ ਕਾਰਡ (ਕੇਸੀਸੀ), ਕ੍ਰਿਸ਼ੀ ਇਨਫਰਾਸਟਰਕਚਰ ਫੰਡ, ਸਹਿਕਾਰੀ ਸਭਾਵਾਂ ਅਤੇ ਦਿਹਾਤੀ ਖੇਤਰਾਂ ਵਿਚ ਸਵੈ-ਸਹਾਇਤਾ ਸਮੂਹ, ਗ੍ਰਾਮੀਣ ਬੈਂਕਿੰਗ ਵਿਵਸਥਾ ਵੀ ਪ੍ਰਭਾਵਸ਼ਾਲੀ ਭੂਮਿਕਾ ਨਿਭਾ ਰਹੇ ਹਨ। ਸਰਕਾਰ ਨੇ ਪਿਛਲੇ 11 ਸਾਲਾਂ ਵਿਚ ਫ਼ਸਲਾਂ 'ਤੇ ਦਿੱਤੀ ਜਾਣ ਵਾਲੀ ਸਬਸਿਡੀ ਅਤੇ ਫ਼ਸਲ ਬੀਮਾ ਰਕਮ ਨੂੰ ਵਧਾਇਆ ਹੈ।

ਹਾਲਾਂਕਿ ਦੇਸ਼ ਦਾ ਕੁੱਲ ਖੇਤੀ ਨਿਰਯਾਤ 50 ਅਰਬ ਡਾਲਰ ਤੋਂ ਪਾਰ ਪਹੁੰਚ ਗਿਆ ਹੈ ਪਰ ਸਾਨੂੰ ਹਾਲੇ ਵੀ ਗ੍ਰਾਮੀਣ ਭਾਰਤ ਦੇ ਵਿਕਾਸ ਅਤੇ ਕਿਸਾਨਾਂ ਦੀ ਪ੍ਰਗਤੀ ਲਈ ਕਈ ਗੱਲਾਂ 'ਤੇ ਧਿਆਨ ਦੇਣਾ ਹੋਵੇਗਾ। ਛੋਟੇ ਅਤੇ ਸੀਮਾਂਤ ਕਿਸਾਨ ਆਧੁਨਿਕ ਖੇਤੀ ਦੀ ਤਕਨੀਕ ਅਪਣਾਉਣ ਵਿਚ ਅਸਮਰੱਥਾ ਮਹਿਸੂਸ ਕਰ ਰਹੇ ਹਨ। ਛੋਟੇ ਕਿਸਾਨ ਆਨਲਾਈਨ ਖ਼ਰੀਦਦਾਰੀ ਵਿਚ ਬਹੁਤ ਪਿੱਛੇ ਹਨ। ਹਾਲੇ ਵੀ ਪੇਂਡੂ ਜਨ-ਜੀਵਨ ਦੇ ਲਗਪਗ 22 ਪ੍ਰਤੀਸ਼ਤ ਲੋਕਾਂ ਦੀ ਕਰਜ਼ੇ ਲਈ ਸ਼ਾਹੂਕਾਰਾਂ ਅਤੇ ਹੋਰ ਗ਼ੈਰ-ਰਸਮੀ ਸਰੋਤਾਂ 'ਤੇ ਨਿਰਭਰਤਾ ਬਣੀ ਹੋਈ ਹੈ।

ਇਹ ਵਰਗ ਉੱਚੀ ਵਿਆਜ ਦਰ 'ਤੇ ਕਰਜ਼ਾ ਦਿੰਦਾ ਹੈ ਅਤੇ ਇਸ ਦੀਆਂ ਔਸਤ ਵਿਆਜ ਦਰਾਂ ਲਗਪਗ 17-18 ਪ੍ਰਤੀਸ਼ਤ ਤੋਂ ਵੀ ਵੱਧ ਹੁੰਦੀਆਂ ਹਨ। ਜਦੋਂ ਛੋਟੇ ਕਿਸਾਨਾਂ ਨੂੰ ਮੌਸਮੀ ਜੋਖ਼ਮ ਅਤੇ ਸਰਕਾਰ ਤੋਂ ਢੁੱਕਵੇਂ ਧਨ ਦੇ ਤਬਾਦਲੇ ਦੀ ਕਮੀ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਭਾਰੀ ਵਿਆਜ ਦੇ ਬਾਵਜੂਦ ਸ਼ਾਹੂਕਾਰਾਂ ਦੇ ਬੂਹੇ 'ਤੇ ਦਸਤਕ ਦੇਣ ਲਈ ਮਜਬੂਰ ਹੁੰਦੇ ਹਨ। ਕਈ ਵਾਰ ਛੋਟੇ ਕਿਸਾਨ ਰਸਮੀ ਸਰੋਤਾਂ ਤੋਂ ਕਰਜ਼ਾ ਲੈਣਾ ਚਾਹੁੰਦੇ ਹਨ ਪਰ ਇਸ ਵਿਚ ਦਸਤਾਵੇਜ਼ਾਂ, ਗਾਰੰਟਰਾਂ ਦੀ ਕਮੀ ਅਤੇ ਹੋਰ ਸ਼ਰਤਾਂ ਰੁਕਾਵਟ ਬਣਦੀਆਂ ਹਨ। ਇਕ ਸਰਵੇਖਣ ਮੁਤਾਬਕ ਲਗਪਗ 50 ਪ੍ਰਤੀਸ਼ਤ ਕਿਸਾਨ ਪਰਿਵਾਰ ਹਾਲੇ ਵੀ ਕਰਜ਼ੇ ਵਿਚ ਡੁੱਬੇ ਹੋਏ ਹਨ। ਅਜਿਹੇ ਵਿਚ ਪਿੰਡਾਂ ਵਿਚ ਸ਼ਾਹੂਕਾਰਾਂ ਅਤੇ ਗ਼ੈਰ-ਰਸਮੀ ਕਰਜ਼ਿਆਂ 'ਤੇ ਨਿਰਭਰਤਾ ਘਟਾਉਣ ਲਈ ਬੈਂਕ ਬਰਾਂਚਾਂ ਦੇ ਵਿਸਥਾਰ ਦੇ ਨਾਲ-ਨਾਲ ਹੋਰ ਕਦਮ ਚੁੱਕਣ ਦੀ ਵੀ ਲੋੜ ਹੈ।

ਇਹ ਸਮੇਂ ਦੀ ਮੰਗ ਹੈ ਕਿ ਦਿਹਾਤੀ ਅਰਥ-ਵਿਵਸਥਾ ਦੇ ਆਖ਼ਰੀ ਪਾਸੇ ਤੱਕ ਮਜ਼ਬੂਤ ਗ਼ੈਰ-ਬੈਂਕਿੰਗ ਵਿੱਤੀ ਕੰਪਨੀਆਂ (ਐਨਬੀਐਫਸੀ) ਦੀ ਭੂਮਿਕਾ ਨੂੰ ਪ੍ਰਭਾਵਸ਼ਾਲੀ ਬਣਾਇਆ ਜਾਵੇ। ਪਿੰਡਾਂ ਵਿਚ ਪ੍ਰਧਾਨ ਮੰਤਰੀ ਸਵਾਮਿਤਵ ਯੋਜਨਾ ਦਾ ਤੇਜ਼ੀ ਨਾਲ ਵਿਸਥਾਰ ਕਰਨਾ ਹੋਵੇਗਾ। ਇਸ ਨਾਲ ਛੋਟੇ ਕਿਸਾਨਾਂ ਦੀ ਕਰਜ਼ੇ ਤੱਕ ਪਹੁੰਚ ਵਧਾਈ ਜਾ ਸਕੇਗੀ। ਦੇਸ਼ ਨੂੰ 2047 ਤੱਕ ਵਿਕਸਤ ਬਣਾਉਣ ਲਈ ਸਰਕਾਰ ਨੂੰ ਦਿਹਾਤੀ ਆਰਥਿਕਤਾ ਨੂੰ ਹੋਰ ਮਜ਼ਬੂਤ ਕਰਨ ਦੇ ਰਾਹ 'ਤੇ ਅੱਗੇ ਵਧਣਾ ਹੋਵੇਗਾ।



# ਪੰਜਾਬ ਦੀਆਂ ਪੇਂਡੂ ਚੋਣਾਂ 'ਚ ਆਪ, ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਕਿਸ ਸਥਿਤੀ 'ਚ ਰਹੇ

ਪੰਜਾਬ ਦੀ ਸੱਤਾਧਾਰੀ ਪਾਰਟੀ ਆਮ ਆਦਮੀ ਪਾਰਟੀ ਨੇ 'ਪੇਂਡੂ ਦੰਗਲ' ਵਜੋਂ ਜਾਣੀਆਂ ਜਾਂਦੀਆਂ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਵਿੱਚ ਵੱਡੀ ਜਿੱਤ ਹਾਸਿਲ ਕੀਤੀ ਹੈ। 17 ਦਸੰਬਰ ਨੂੰ ਐਲਾਨੇ ਨਤੀਜਿਆਂ ਵਿੱਚ 'ਆਪ' ਨੇ ਜ਼ਿਲ੍ਹਾ ਪਰਿਸ਼ਦ ਦੇ 218 ਜ਼ੋਨਾਂ, ਕਾਂਗਰਸ ਨੇ 62, ਅਕਾਲੀਆਂ ਨੇ 46 ਜ਼ੋਨਾਂ, ਬੀਐੱਸਪੀ ਨੇ 3 ਜ਼ੋਨਾਂ, ਭਾਜਪਾ ਨੇ 7 ਅਤੇ ਆਜ਼ਾਦ ਉਮੀਦਵਾਰਾਂ ਨੇ 10 ਜ਼ੋਨਾਂ ਉੱਤੇ ਜਿੱਤ ਹਾਸਿਲ ਕੀਤੀ ਹੈ।

ਅਕਾਲੀ ਦਲ ਨੇ ਬਠਿੰਡਾ ਜ਼ਿਲ੍ਹੇ ਵਿੱਚ ਜ਼ਿਲ੍ਹਾ ਪਰਿਸ਼ਦ ਦੇ ਸਭ ਤੋਂ ਵੱਧ 13 ਜ਼ੋਨਾਂ ਵਿੱਚ ਜਿੱਤ ਦਰਜ ਕੀਤੀ। ਇਸ ਜ਼ਿਲ੍ਹੇ ਦੇ ਕੁੱਲ 17 ਜ਼ੋਨਾਂ ਵਿੱਚੋਂ 4 'ਆਪ' ਨੇ ਜਿੱਤੇ ਜਦਕਿ ਕਾਂਗਰਸ ਦਾ ਖਾਤਾ ਵੀ ਨਹੀਂ ਖੁੱਲ੍ਹ ਸਕਿਆ। ਇਸੇ ਤਰ੍ਹਾਂ ਫਰੀਦਕੋਟ ਜ਼ਿਲ੍ਹੇ ਦੇ ਜ਼ਿਲ੍ਹਾ ਪਰਿਸ਼ਦ ਜ਼ੋਨਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਵੱਧ ਉਮੀਦਵਾਰ ਜਿੱਤੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਕੋਟਕਪੂਰਾ ਗੋਲੀਕਾਂਡ ਦੀਆਂ ਚਰਚਿਤ ਘਟਨਾਵਾਂ ਇਸੇ ਜ਼ਿਲ੍ਹੇ ਵਿੱਚ ਵਾਪਰੀਆਂ ਸਨ। ਫ਼ਰੀਦਕੋਟ ਜ਼ਿਲ੍ਹੇ ਦੇ 10 ਜ਼ੋਨਾਂ ਵਿੱਚੋਂ 5 ਅਕਾਲੀ ਦਲ ਨੇ ਜਿੱਤੇ ਹਨ।

ਜ਼ਿਲ੍ਹਾ ਪਰਿਸ਼ਦ ਦੀਆਂ ਚੋਣਾਂ ਵਿੱਚ ਕਾਂਗਰਸ ਦਾ ਸਭ ਤੋਂ ਵਧੀਆ ਪ੍ਰਦਰਸ਼ਨ ਨਵਾਂ ਸ਼ਹਿਰ ਅਤੇ ਫ਼ਿਰੋਜ਼ਪੁਰ ਵਿੱਚ ਰਿਹਾ। ਜਿੱਥੇ ਉਸ ਨੇ ਜ਼ਿਲ੍ਹਾ ਪਰਿਸ਼ਦ ਦੇ 10 ਜ਼ੋਨਾਂ ਵਿੱਚੋਂ 6 ਜ਼ੋਨ ਜਿੱਤੇ। ਬਾਕੀ 4 ਜ਼ੋਨਾਂ ਉੱਤੇ 'ਆਪ' ਨੇ ਜਿੱਤ ਦਰਜ ਕੀਤੀ। ਫ਼ਿਰੋਜ਼ਪੁਰ ਦੇ 14 ਜ਼ੋਨਾਂ ਵਿੱਚੋਂ ਸਭ ਤੋਂ ਵੱਧ ਕਾਂਗਰਸ ਦੇ 6 ਉਮੀਦਵਾਰ ਜਿੱਤੇ। ਇਸੇ ਤਰ੍ਹਾਂ ਪੰਚਾਇਤ ਸੰਮਤੀ ਦੇ ਐਲਾਨੇ ਨਤੀਜਿਆਂ ਮੁਤਾਬਕ 'ਆਪ' ਨੇ 1531 ਜ਼ੋਨਾਂ, ਕਾਂਗਰਸ ਨੇ 612, ਅਕਾਲੀਆਂ ਨੇ 445 ਜ਼ੋਨਾਂ, ਬੀਜੇਪੀ ਨੇ 73 ਜ਼ੋਨਾਂ, ਬੀਐੱਸਪੀ ਨੇ 28 ਅਤੇ ਆਜ਼ਾਦ ਉਮੀਦਵਾਰਾਂ ਨੇ 144 ਜ਼ੋਨਾਂ ਉੱਤੇ ਕਬਜ਼ਾ ਕੀਤਾ। ਜ਼ਿਲ੍ਹਾ ਪਰਿਸ਼ਦ ਦੇ 346 ਜ਼ੋਨਾਂ ਅਤੇ ਪੰਚਾਇਤ ਸੰਮਤੀ ਦੇ 2838 ਜ਼ੋਨਾਂ ਵਾਸਤੇ 14 ਦਸੰਬਰ ਨੂੰ ਵੋਟਾਂ ਪਈਆਂ ਸਨ। ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੇਂਡੂ ਚੋਣਾਂ ਨੂੰ ਇੱਕ ਮਹੱਤਵਪੂਰਨ ਪ੍ਰੀਖਿਆ ਵਜੋਂ ਦੇਖਿਆ ਜਾ ਰਿਹਾ ਸੀ।

**ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਕੀ ਹਨ**

ਸੰਵਿਧਾਨ ਦੀ 73ਵੀਂ ਸੋਧ ਨਾਲ ਸਥਾਨਕ ਸ਼ਾਸਨ ਚਲਾਉਣ ਲਈ ਤਿੰਨ ਪੱਧਰੀ ਲੋਕਤੰਤਰਿਕ ਢਾਂਚਾ ਸਥਾਪਿਤ ਕੀਤਾ ਗਿਆ ਸੀ। ਇਸ ਢਾਂਚੇ ਵਿੱਚ ਪਿੰਡ ਪੱਧਰ ਉੱਤੇ ਗ੍ਰਾਮ ਪੰਚਾਇਤ, ਬਲਾਕ ਪੱਧਰ ਉੱਤੇ ਬਲਾਕ ਸੰਮਤੀ, ਜਿਸ ਨੂੰ ਬਲਾਕ ਸੰਮਤੀ ਵੀ ਕਹਿੰਦੇ ਹਨ ਅਤੇ ਜ਼ਿਲਾ ਪੱਧਰ ਉੱਤੇ ਚੁਣੀ ਹੋਈ ਜ਼ਿਲ੍ਹਾ ਪਰਿਸ਼ਦ ਸ਼ਾਮਲ ਹੈ। ਪੰਚਾਇਤ ਸਮਿਤੀ ਖ਼ੁਦ ਇੱਕ ਕਾਰਜਕਾਰਨੀ ਸੰਸਥਾ ਹੈ ਅਤੇ ਬੀਡੀ /ਬੀਡੀਪੀ ਦਾ ਕੰਮ ਉਨ੍ਹਾਂ ਦੀ ਮਦਦ ਕਰਨਾ ਹੁੰਦਾ ਹੈ। ਉਸੇ ਤਰ੍ਹਾਂ ਜ਼ਿਲ੍ਹਾ ਪਰਿਸ਼ਦ ਵੀ ਇੱਕ ਕਾਰਜਕਾਰੀ ਸੰਸਥਾ ਹੈ। ਉਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦੀ ਅਗਵਾਈ ਵਿੱਚ ਕੰਮ ਕਰਦੀ ਹੈ।

ਇਨ੍ਹਾਂ ਚੁਣੀਆਂ ਹੋਈਆਂ ਸੰਸਥਾਵਾਂ ਨੂੰ ਫੰਡ ਪੈਦਾ ਕਰਨ ਤੇ ਕੇਂਦਰ ਸਰਕਾਰ ਤੋਂ ਆਉਂਦੇ ਪੈਸੇ ਦੀ ਵਰਤੋਂ ਕਰਨ ਦੇ ਸਾਰੇ ਅਧਿਕਾਰ ਹੁੰਦੇ ਹਨ। ਕਿਹੜੇ ਪੈਸੇ ਕਿੱਥੇ ਲਾਉਣੇ ਹਨ, ਕਿਵੇਂ ਵਿਕਾਸ ਕਰਨਾ, ਇਹ ਸੰਸਥਾਵਾਂ ਫ਼ੈਸਲਾ ਕਰ ਸਕਦੀਆਂ ਹਨ। ਪੰਜਾਬ ਵਿੱਚ ਜ਼ਿਲ੍ਹਾ ਪਰਿਸ਼ਦ ਦੇ 346 ਜ਼ੋਨ ਅਤੇ ਪੰਚਾਇਤ ਸੰਮਤੀ ਦੇ 2838 ਜ਼ੋਨ ਹਨ।



ਇਹ ਜ਼ੋਨ ਇੱਕ ਤਰ੍ਹਾਂ ਨਾਲ ਹਲਕੇ ਹਨ। ਇਹਨਾਂ ਜ਼ੋਨਾਂ/ਹਲਕਿਆਂ ਤੋਂ ਉਮੀਦਵਾਰਾਂ ਚੋਣ ਮੈਦਾਨ ਵਿੱਚ ਉੱਤਰਦੇ ਹਨ। ਪਿੰਡ ਦੇ ਲੋਕ ਵੋਟਾਂ ਰਾਹੀਂ ਆਪਣੀ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਜ਼ੋਨ ਦਾ ਨੁਮਾਇੰਦਾ ਚੁਣਦੇ ਹਨ। ਇਨ੍ਹਾਂ ਚੋਣਾਂ ਵਿੱਚ ਬੈਲਟ ਪੇਪਰ ਰਾਹੀਂ ਵੋਟਾਂ ਪੈਂਦੀਆਂ ਹਨ। ਬਲਾਕ ਸੰਮਤੀ ਇੱਕ ਤਰ੍ਹਾਂ ਨਾਲ ਬਲਾਕ ਪੱਧਰ ਦੀ ਪੰਚਾਇਤ ਹੁੰਦੀ ਹੈ। ਇੱਕ ਬਲਾਕ ਕੋਈ ਪਿੰਡ ਦਾ ਸਮੂਹ ਹੁੰਦਾ ਹੈ। ਇਹ ਜ਼ਿਲ੍ਹਾ ਪਰਿਸ਼ਦ ਅਤੇ ਗ੍ਰਾਮ ਪੰਚਾਇਤ ਵਿਚਕਾਰ ਦੀ ਇਕਾਈ ਹੈ। ਪੰਚਾਇਤ ਸੰਮਤੀ ਦੇ ਜਿੱਤੇ ਹੋਏ ਮੈਂਬਰ ਆਪਣੇ ਵਿੱਚੋਂ ਇੱਕ ਚੇਅਰਮੈਨ ਚੁਣਦੇ ਹਨ। ਬਲਾਕ ਸੰਮਤੀ ਦਾ ਕੰਮ ਆਪਣੇ ਬਲਾਕ ਦਾ ਵਿਕਾਸ ਕਰਨਾ ਹੁੰਦਾ ਹੈ। ਇਸ ਤਰ੍ਹਾਂ ਜ਼ਿਲ੍ਹਾ ਪਰਿਸ਼ਦ ਪੰਚਾਇਤੀ ਰਾਜ ਪ੍ਰਣਾਲੀ ਦੀ ਜ਼ਿਲ੍ਹਾ ਪੱਧਰ ਦੀ ਇਕਾਈ ਹੈ। ਜ਼ਿਲ੍ਹਾ ਪਰਿਸ਼ਦ ਦੇ ਚੁਣੇ ਹੋਏ ਮੈਂਬਰ ਆਪਣੇ ਵਿੱਚ ਇੱਕ ਚੇਅਰਮੈਨ ਚੁਣਦੇ ਹਨ। ਜ਼ਿਲ੍ਹਾ ਪਰਿਸ਼ਦ ਦਾ ਕੰਮ ਜ਼ਿਲ੍ਹਾ ਪੱਧਰ ਉੱਤੇ ਵਿਕਾਸ ਕਰਨਾ ਹੁੰਦਾ ਹੈ।

**2027 ਵਿਧਾਨ ਸਭਾ ਚੋਣਾਂ ਉੱਤੇ ਅਸਰ**

ਪੰਜਾਬ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਸੇਵਾਮੁਕਤ ਪ੍ਰੋਫੈਸਰ ਖ਼ਾਲਿਦ ਮੁਹੰਮਦ ਨੇ ਕਿਹਾ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਨੂੰ ਸਾਰੀਆਂ ਪਾਰਟੀਆਂ ਨੇ ਸਾਲ 2027 ਵਿਧਾਨ ਸਭਾ ਚੋਣਾਂ ਦੀ ਤਿਆਰੀ ਵਜੋਂ ਲਿਆ ਸੀ। "ਇਨ੍ਹਾਂ ਚੋਣਾਂ ਦੇ ਨਤੀਜਿਆਂ ਦਾ ਅਸਰ ਪੰਜਾਬ ਦੇ ਲੋਕਾਂ ਉੱਤੇ ਮਨੋਵਿਗਿਆਨਕ ਤੌਰ 'ਤੇ ਪਵੇਗਾ। ਚੋਣਾਂ ਦੇ ਨਤੀਜਿਆਂ ਦਾ ਸਬੰਧ ਇਕੱਲੇ ਵੋਟਾਂ ਨਾਲ ਨਹੀਂ ਸਗੋਂ ਬਿਰਤਾਂਤ ਨਾਲ ਵੀ ਹੁੰਦਾ ਹੈ।" "ਸਾਰੀਆਂ ਪਾਰਟੀਆਂ ਆਪੋ-ਆਪਣੇ ਹਿਸਾਬ ਨਾਲ ਇਨ੍ਹਾਂ ਨਤੀਜਿਆਂ ਦੀ ਵਿਆਖਿਆ ਕਰਨਗੀਆਂ। 'ਆਪ' ਵਿਆਖਿਆ ਕਰੇਗੀ ਕਿ ਉਹ ਸਭ ਤੋਂ ਅੱਗੇ ਹੈ। ਲੋਕ ਉਸਦੀਆਂ ਨੀਤੀਆਂ ਨੂੰ ਪਸੰਦ ਕਰਦੇ ਹਨ। ਉਹ ਮਾਝੇ ਅਤੇ ਮਾਲਵੇ ਵਿੱਚ ਮੋਹਰੀ ਰਹੀ ਹੈ। 'ਆਪ' ਇਸ ਬਿਰਤਾਂਤ ਨੂੰ 2027 ਵਿਧਾਨ ਸਭਾ ਚੋਣਾਂ ਵਾਸਤੇ ਵਰਤੇਗੀ।" ਪ੍ਰੋਫੈਸਰ ਖ਼ਾਲਿਦ ਕਹਿੰਦੇ ਹਨ, "ਅਕਾਲੀ ਦਲ ਨੇ ਵੀ ਇਨ੍ਹਾਂ ਚੋਣਾਂ ਵਿੱਚ ਪਿਛਲੀਆਂ ਕਈ ਚੋਣਾਂ ਦਾ ਮੁਕਾਬਲੇ ਬਿਹਤਰ ਪ੍ਰਦਰਸ਼ਨ ਕੀਤਾ ਹੈ। ਲੋਕ ਉਨ੍ਹਾਂ ਨਾਲ ਦੁਬਾਰਾ ਜੁੜਨ ਲੱਗ ਪਏ ਹਨ। ਉਹ ਇਹੀ ਬਿਰਤਾਂਤ ਸਿਰਜਣਗੇ ਕਿ ਲੋਕ ਉਨ੍ਹਾਂ ਨੂੰ ਸਵੀਕਾਰ ਕਰ ਰਹੇ ਹਨ।" "ਕਾਂਗਰਸ ਵੀ ਆਪਣੇ ਪ੍ਰਦਰਸ਼ਨ ਤੋਂ ਖ਼ੁਸ਼ ਹੈ। ਕਾਂਗਰਸ ਬਾਕੀ ਵਿਰੋਧੀ ਪਾਰਟੀਆਂ ਦੇ ਮੁਕਾਬਲੇ ਖ਼ੁਦ ਨੂੰ ਵੱਡਾ ਦਾਅਵੇਦਾਰ ਮੰਨਦੀ ਹੈ। ਪਰ ਮੇਰੇ ਨਿੱਜੀ ਰਾਏ ਹੈ ਕਿ ਕਾਂਗਰਸ ਦੀ ਅੰਦਰੂਨੀ ਧੜੇਬੰਦੀ ਉਸ ਵਾਸਤੇ ਵੱਡੀ ਚੁਣੌਤੀ ਹੈ।" "ਇਸ ਤਰ੍ਹਾਂ ਸਾਰੀਆਂ ਪਾਰਟੀਆਂ ਨੇ ਇਨ੍ਹਾਂ ਚੋਣਾਂ ਜ਼ਰੀਏ ਆਗਾਮੀ ਵਿਧਾਨ ਸਭਾ ਚੋਣਾਂ ਦੀ ਤਿਆਰੀ ਕਰ ਲਈ ਹੈ।"

**ਸਾਰੀਆਂ ਪਾਰਟੀਆਂ ਸੰਤੁਸ਼ਟ**

ਰਾਜਨੀਤੀ ਸ਼ਾਸਤਰ ਦੇ ਸਾਬਕਾ ਸਹਾਇਕ ਪ੍ਰੋਫੈਸਰ ਜਤਿੰਦਰ ਸਿੰਘ ਨੇ ਕਿਹਾ, "ਇੱਕ ਤਰ੍ਹਾਂ ਨਾਲ ਸਾਰੀਆਂ ਪਾਰਟੀਆਂ ਆਪਣੇ ਪ੍ਰਦਰਸ਼ਨ ਤੋਂ ਸੰਤੁਸ਼ਟ ਹਨ। ਆਮ ਤੌਰ ਉੱਤੇ ਜ਼ਿਮਨੀ ਚੋਣਾਂ ਅਤੇ ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿੱਚ ਸੱਤਾਧਾਰੀ ਪਾਰਟੀ ਦਾ ਪੱਲੜਾ ਭਾਰੀ ਰਹਿੰਦਾ ਹੈ ਅਤੇ 'ਆਪ' ਇਹ ਰਿਵਾਇਤ ਜਾਰੀ ਰੱਖਣ ਵਿੱਚ ਕਾਮਯਾਬ ਰਹੀ ਹੈ।" "ਕਾਂਗਰਸ ਆਪਣੇ ਪ੍ਰਦਰਸ਼ਨ ਤੋਂ ਖ਼ੁਸ਼ ਹੈ। ਅਕਾਲੀ ਦਲ ਨੇ ਵੀ ਆਪਣੇ ਰਿਵਾਇਤੀ ਖੇਤਰ ਵਿੱਚ ਪੈਰ ਪਸਾਰੇ ਹਨ। ਭਾਜਪਾ ਨੇ ਵੀ ਪੇਂਡੂ ਚੋਣਾਂ ਵਿੱਚ ਜਿੱਤ ਦਾ ਸਵਾਦ ਚੱਖਿਆ ਹੈ।"

**ਸੱਤਾ ਧਿਰ ਦੇ ਕਿਹੜੇ ਆਗੂਆਂ ਨੂੰ ਨਮੋਸ਼ੀ ਝੱਲਣੀ ਪਈ**

ਭਾਵੇਂ ਆਮ ਆਦਮੀ ਪਾਰਟੀ ਨੇ ਇਨ੍ਹਾਂ ਚੋਣਾਂ ਵਿੱਚ ਵੱਡੀ ਜਿੱਤ ਹਾਸਿਲ ਕੀਤੀ ਪਰ ਫਿਰ ਵੀ ਸੱਤਾਧਾਰੀ ਪਾਰਟੀ ਦੇ ਕਈ ਦਿੱਗਜ ਆਗੂਆਂ ਨੂੰ ਨਮੋਸ਼ੀ ਵੀ ਝੱਲਣੀ ਪਈ ਹੈ। ਸਾਬਕਾ ਮੰਤਰੀ ਅਤੇ 'ਆਪ' ਦੇ ਬੁਲਾਰੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਦੇ ਜੱਦੀ ਪਿੰਡ ਜਗਦੇਵ ਕਲਾਂ ਵਿੱਚ ਆਪ ਪੱਛੜ ਗਈ। ਉਨ੍ਹਾਂ ਦੇ ਪਿੰਡ ਵਿੱਚ ਅਕਾਲੀ ਦਲ ਨੂੰ ਵੱਧ ਵੋਟਾਂ ਮਿਲੀਆਂ ਹਨ। 'ਆਪ' ਦੇ ਵਿਧਾਇਕ ਅਤੇ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾ ਦੇ ਆਪਣੇ ਜੱਦੀ ਪਿੰਡ ਸੰਧਵਾਂ ਵਿੱਚ ਆਪ ਨੂੰ ਘੱਟ ਵੋਟਾਂ ਮਿਲੀਆਂ। ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਦੇ ਜੱਦੀ ਪਿੰਡ ਕੁਰੜ ਵਿੱਚ ਵੀ ਸੱਤਾਧਾਰੀ ਧਿਰ ਪੱਛੜ ਗਈ। ਇਸੇ ਤਰ੍ਹਾਂ ਭਵਾਨੀਗੜ੍ਹ ਹਲਕੇ ਤੋਂ ਵਿਧਾਇਕ ਨਰਿੰਦਰ ਕੌਰ ਭਰਾਜ ਦੇ ਜੱਦੀ ਪਿੰਡ ਭਰਾਜ ਵਿੱਚੋਂ ਵੀ 'ਆਪ' ਹਾਰ ਗਈ।

**'ਕਾਂਗਰਸ ਨਤੀਜਿਆਂ ਤੋਂ ਸੰਤੁਸ਼ਟ'**

ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਉਹ ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਨਤੀਜਿਆਂ ਤੋਂ ਬਿਲਕੁਲ ਵੀ ਹੈਰਾਨ ਨਹੀਂ ਹਨ। ਉਹ ਸੂਬੇ ਭਰ ਵਿੱਚ ਪਾਰਟੀ ਉਮੀਦਵਾਰਾਂ ਦੇ ਪ੍ਰਦਰਸ਼ਨ ਤੋਂ ਸੰਤੁਸ਼ਟ ਹਨ। ਉਨ੍ਹਾਂ ਇਲਜ਼ਾਮ ਲਾਇਆ ਕਿ ਸੱਤਾਧਾਰੀ ਪਾਰਟੀ ਨੇ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਡਰਾ-ਧਮਕਾ ਕੇ, ਜ਼ਬਰਦਸਤੀ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਤੋਂ ਰੋਕ ਕੇ, ਉਨ੍ਹਾਂ ਦੇ ਪ੍ਰਚਾਰ ਵਿੱਚ ਰੁਕਾਵਟ ਪਾ ਕੇ ਅਤੇ ਅਖ਼ੀਰ ਵਿੱਚ ਨਤੀਜਿਆਂ ਨੂੰ ਪ੍ਰਭਾਵਿਤ ਕਰਕੇ ਚੋਣ ਪ੍ਰਕਿਰਿਆ ਨੂੰ ਸ਼ੁਰੂ ਤੋਂ ਹੀ ਹਾਈਜੈਕ ਕਰ ਲਿਆ ਸੀ। ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਅਸਲ ਲੜਾਈ ਵਿਧਾਨ ਸਭਾ ਚੋਣਾਂ ਦੌਰਾਨ ਲੜੀ ਜਾਵੇਗੀ, ਜਦੋਂ 'ਆਪ' ਨੂੰ ਪ੍ਰਸ਼ਾਸਨ ਜਾਂ ਪੁਲਿਸ ਤੋਂ ਕਿਸੇ ਵੀ ਤਰ੍ਹਾਂ ਦਾ ਸਮਰਥਨ ਨਹੀਂ ਮਿਲੇਗਾ।

# ਭਾਰਤ ਦੇ ਇਕ ਸੂਬੇ 'ਚ ਰੋਜ਼ਾਨਾ 43 ਕੁੜੀਆਂ ਤੇ ਔਰਤਾਂ ਹੋ ਰਹੀਆਂ ਲਾਪਤਾ

ਮੱਧ ਪ੍ਰਦੇਸ਼ ਦੇ ਸਾਗਰ ਜ਼ਿਲ੍ਹੇ ਵਿੱਚ ਆਪਣੇ ਕੱਚੇ-ਪੱਕੇ ਘਰ ਦੇ ਸਾਹਮਣੇ ਬੈਠੇ ਸਨਤ ਮਿਸ਼ਰਾ ਕਹਿੰਦੇ ਹਨ, "ਅਸੀਂ ਬਹੁਤ ਲੱਭਿਆ.. ਜਿਸ ਨੇ ਜਿੱਥੇ ਦੱਸਿਆ ਉੱਥੇ ਗਏ.. ਪਰ ਕੁਝ ਪਤਾ ਨਹੀਂ ਲੱਗਿਆ। ਮੇਰੀ ਭੈਣ ਨੂੰ ਲਾਪਤਾ ਹੋਇਆਂ 13 ਸਾਲ ਹੋ ਗਏ ਹਨ।" ਉਨ੍ਹਾਂ ਦੀ ਆਵਾਜ਼ ਵਿੱਚ ਇੱਕ ਥਕਾਵਟ ਹੈ, ਭੈਣ ਦਾ ਜ਼ਿਕਰ ਕਰਦੇ ਹੋਏ ਅੱਖਾਂ ਜਿਵੇਂ ਅਤੀਤ ਵਿੱਚ ਕਿਤੇ ਗੁਆਚ ਜਾਂਦੀਆਂ ਹਨ। ਇਸ ਘਟਨਾ ਨੂੰ ਹੋਏ ਇੱਕ ਦਹਾਕੇ ਤੋਂ ਵੱਧ ਦਾ ਸਮਾਂ ਗੁਜ਼ਰ ਗਿਆ ਹੈ ਅਤੇ ਜਿਵੇਂ ਹੀ ਪਰਿਵਾਰ ਵਿੱਚ ਕੁਮੋਦਿਨੀ ਬਾਰੇ ਚਰਚਾ ਹੁੰਦੀ ਹੈ ਤਾਂ ਘਰ ਵਿੱਚ ਸੰਨਾਟਾ ਪਸਰ ਜਾਂਦਾ ਹੈ।

ਸਨਤ ਦੀ ਭੈਣ ਕੁਮੋਦਿਨੀ ਮਿਸ਼ਰਾ ਸਾਲ 2012 ਵਿੱਚ ਇੱਕ ਰਾਤ ਘਰੋਂ ਆਪਣੇ ਮਾਮੇ ਦੇ ਘਰ ਟੀਵੀ ਦੇਖਣ ਨਿਕਲੇ ਸਨ। ਉਸ ਸਮੇਂ ਕਰੀਬ ਸਾਢੇ ਅੱਠ ਵਜੇ ਸਨ ਪਰ ਕੁਮੋਦਿਨੀ ਉਸ ਦਿਨ ਉੱਥੇ ਪਹੁੰਚ ਹੀ ਨਹੀਂ ਸਕੇ। ਪਰਿਵਾਰ ਦਾ ਕਹਿਣਾ ਹੈ ਕਿ ਉਹ ਦਿਨ ਸੀ ਅਤੇ ਅੱਜ ਦਾ ਦਿਨ ਹੈ, ਉਨ੍ਹਾਂ ਨੂੰ ਕੁਮੋਦਿਨੀ ਦੀ ਕੋਈ ਖ਼ਬਰ ਨਹੀਂ ਮਿਲ ਸਕੀ। ਮਿਸ਼ਰਾ ਪਰਿਵਾਰ ਦੇ ਲੋਕ ਆਪਣੇ ਘਰ ਦਾ ਦਰਵਾਜ਼ਾ ਇਸ ਉਮੀਦ ਵਿੱਚ ਖੁੱਲ੍ਹਾ ਛੱਡ ਦਿੰਦੇ ਹਨ ਕਿ ਉਹ ਵਾਪਸ ਪਰਤ ਆਵੇਗੀ। ਮਾਂ ਉਰਮਿਲਾ ਦੀਆਂ ਅੱਖਾਂ ਕੁਮੋਦਿਨੀ ਦਾ ਜ਼ਿਕਰ ਕਰਦਿਆਂ ਹੀ ਨਮ ਹੋ ਜਾਂਦੀਆਂ ਹਨ। ਝੁਰੜੀਆਂ ਨਾਲ ਭਰੇ ਚਿਹਰੇ ਵਿੱਚ ਉਹ ਇਸ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਬਹੁਤ ਕਹਿਣ 'ਤੇ ਸਾਡੇ ਨਾਲ ਗੱਲ ਕਰਨ ਲਈ ਤਿਆਰ ਹੁੰਦੇ ਹਨ।

ਬਹੁਤ ਹਿੰਮਤ ਜੁਟਾ ਕੇ ਉਹ ਕਹਿੰਦੇ ਹਨ, "ਧੀ ਨੂੰ ਗੁਆਚਿਆਂ 13 ਸਾਲ ਹੋ ਗਏ ਹਨ। ਕੀ ਮੇਰੀ ਰੂਹ ਰੋਂਦੀ ਨਹੀਂ ਹੋਵੇਗੀ? ਜਦੋਂ ਘਰ ਵਿੱਚ ਕੁਮੋਦਿਨੀ ਦੀ ਪਸੰਦ ਦੀਆਂ ਚੀਜ਼ਾਂ ਬਣਦੀਆਂ ਹਨ ਤਾਂ ਮੇਰੇ ਸੰਘੋਂ ਹੇਠਾਂ ਬੁਰਕੀ ਨਹੀਂ ਲੰਘਦੀ। ਇਹ ਇੱਕ ਅਜਿਹੀ ਤਕਲੀਫ਼ ਹੈ ਜਿਸ ਦੀ ਆਦਤ ਨਹੀਂ ਪੈ ਸਕਦੀ, ਚਾਹੇ ਕਿੰਨਾ ਵੀ ਸਮਾਂ ਬੀਤ ਜਾਵੇ।"

ਅਸਲ 'ਚ ਕੁਮੋਦਿਨੀ ਇਕੱਲੀ ਨਹੀਂ ਹੈ। ਅੰਕੜੇ ਦੱਸਦੇ ਹਨ ਕਿ ਮੱਧ ਪ੍ਰਦੇਸ਼ ਦੇ ਲਗਭਗ ਹਰ ਜ਼ਿਲ੍ਹੇ ਵਿੱਚ ਤੁਹਾਨੂੰ ਅਜਿਹੀ ਕਹਾਣੀ ਮਿਲ ਜਾਵੇਗੀ ਜਿੱਥੇ ਘਰੋਂ ਲਾਪਤਾ ਹੋਈਆਂ ਕੁੜੀਆਂ ਅਤੇ ਔਰਤਾਂ ਦਾ ਇੰਤਜ਼ਾਰ ਤਾਂ ਹਾਲੇ ਤੱਕ ਹੈ, ਪਰ ਜਵਾਬ ਕੋਈ ਨਹੀਂ। ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਸਾਲ 2019 ਤੋਂ 2021 ਦੇ ਵਿਚਕਾਰ ਇਕੱਲੇ ਮੱਧ ਪ੍ਰਦੇਸ਼ ਵਿੱਚ ਕੁੜੀਆਂ ਅਤੇ ਔਰਤਾਂ ਦੇ ਲਾਪਤਾ ਹੋਣ ਦੇ



ਕਰੀਬ ਦੋ ਲੱਖ ਮਾਮਲੇ ਦਰਜ ਹੋਏ ਹਨ, ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹਨ। ਮੱਧ ਪ੍ਰਦੇਸ਼ ਸਰਕਾਰ ਦੇ ਅੰਕੜਿਆਂ ਦੀ ਮੰਨੀਏ ਤਾਂ ਜਨਵਰੀ 2024 ਤੋਂ ਜੂਨ 2025 ਦੇ ਵਿਚਕਾਰ ਮੱਧ ਪ੍ਰਦੇਸ਼ ਵਿੱਚ 23,129 ਕੁੜੀਆਂ ਅਤੇ ਔਰਤਾਂ ਲਾਪਤਾ ਹੋਈਆਂ ਹਨ। ਯਾਨੀ ਹਰ ਦਿਨ ਲਗਭਗ 43 ਕੁੜੀਆਂ ਅਤੇ ਔਰਤਾਂ ਲਾਪਤਾ ਹੋਈਆਂ। ਇਹੀ ਗਿਣਤੀ ਦੱਸਦੀ ਹੈ ਕਿ ਇਹ ਸਿਰਫ਼ ਕੁਝ ਪਰਿਵਾਰਾਂ ਦਾ ਦੁੱਖ ਨਹੀਂ, ਸਗੋਂ ਇੱਕ ਵੱਡੀ ਸਮੱਸਿਆ ਹੈ।

ਜਦੋਂ ਅਸੀਂ ਸੂਬੇ ਦੀ ਮਹਿਲਾ ਸੁਰੱਖਿਆ ਸ਼ਾਖਾ ਤੋਂ ਸਵਾਲ ਕੀਤਾ ਕਿ ਇਹ ਅੰਕੜਾ ਇੰਨਾ ਵੱਡਾ ਕਿਉਂ ਹੈ ਅਤੇ ਅਜਿਹੀਆਂ ਘਟਨਾਵਾਂ ਦੇ ਪਿੱਛੇ ਕੀ ਕਾਰਨ ਹਨ ਤਾਂ ਸ਼ਾਖਾ ਵਿੱਚ ਤਾਇਨਾਤ ਮੱਧ ਪ੍ਰਦੇਸ਼ ਦੇ ਏਡੀਜੀ ਅਨਿਲ ਕੁਮਾਰ ਨੇ ਕਈ ਕਾਰਨ ਦੱਸੇ। ਉਨ੍ਹਾਂ ਦੱਸਿਆ, "ਸਾਲ 2013 ਤੋਂ ਬਾਅਦ ਨਾਬਾਲਗ ਬੱਚਿਆਂ ਦੇ ਲਾਪਤਾ ਹੋਣ 'ਤੇ ਤੁਰੰਤ ਹੀ ਅਗਵਾ ਦੀਆਂ ਧਾਰਾਵਾਂ ਤਹਿਤ ਐਫ਼ਆਈਆਰ ਦਰਜ ਕੀਤੀ ਜਾਂਦੀ ਹੈ। ਅਸੀਂ ਇਹ ਦੇਖਿਆ ਹੈ ਕਿ ਮੱਧ ਪ੍ਰਦੇਸ਼ ਵਿੱਚ ਲਾਪਤਾ ਹੋਣ ਦੇ ਲਗਭਗ 42 ਫ਼ੀਸਦੀ ਮਾਮਲਿਆਂ ਵਿੱਚ ਕਿਸ਼ੋਰ ਕੁੜੀਆਂ ਘਰ ਤੋਂ ਨਾਰਾਜ਼ ਹੋ ਕੇ ਜਾਂਦੀਆਂ ਹਨ। ਕਰੀਬ 15 ਫ਼ੀਸਦੀ ਘਟਨਾਵਾਂ ਵਿੱਚ ਕੁੜੀਆਂ ਆਪਣੀ ਮਰਜ਼ੀ ਨਾਲ ਰਿਸ਼ਤੇਦਾਰਾਂ ਦੇ ਘਰ ਜਾਂਦੀਆਂ ਹਨ ਅਤੇ 19 ਤੋਂ 20 ਫ਼ੀਸਦੀ ਮਾਮਲਿਆਂ ਵਿੱਚ ਉਹ ਪ੍ਰੇਮੀ ਨਾਲ ਚਲੀਆਂ ਜਾਂਦੀਆਂ ਹਨ।" ਉਹ ਕਹਿੰਦੇ ਹਨ ਕਿ ਹਰਿਆਣਾ ਅਤੇ ਰਾਜਸਥਾਨ ਵਰਗੇ ਸੂਬਿਆਂ ਵਿੱਚ ਵਿਆਹ ਲਈ ਕੁੜੀਆਂ ਨੂੰ ਵੇਚਣ ਦੇ ਮਾਮਲੇ ਬਹੁਤ ਹੀ ਘੱਟ ਹਨ ਅਤੇ ਇਹ ਦੇਖਿਆ ਗਿਆ ਹੈ ਕਿ ਅਜਿਹਾ ਹਜ਼ਾਰਾਂ ਵਿੱਚੋਂ ਕਿਸੇ ਇੱਕ ਮਾਮਲੇ ਵਿੱਚ ਹੁੰਦਾ ਹੈ।

ਮੱਧ ਪ੍ਰਦੇਸ਼ ਪੁਲਿਸ ਦਾ ਇਹ ਵੀ ਦਾਅਵਾ ਹੈ ਕਿ ਉਹ 18 ਸਾਲ ਤੋਂ ਘੱਟ ਉਮਰ ਦੀਆਂ ਕੁੜੀਆਂ ਦੀ ਭਾਲ ਲਈ ਵਿਸ਼ੇਸ਼ ਮੁਹਿੰਮ ' ਪਰੇਸ਼ਨ ਮੁਸਕਾਨ' ਚਲਾ ਰਹੀ ਹੈ। ਏਡੀਜੀ ਅਨਿਲ ਕੁਮਾਰ ਅਨੁਸਾਰ, ਇਸ ਦੇ ਤਹਿਤ ਪੈਂਡਿੰਗ ਮਾਮਲਿਆਂ ਦੀ ਗਿਣਤੀ ਘਟੀ ਹੈ ਅਤੇ ਇਸ ਦੀ ਮਹੀਨਾਵਾਰ ਸਮੀਖਿਆ ਕੀਤੀ ਜਾਂਦੀ ਹੈ। ਸਾਲ 2013 ਵਿੱਚ ਸੁਪਰੀਮ ਕੋਰਟ ਨੇ ਆਪਣੇ ਇੱਕ ਆਦੇਸ਼ ਵਿੱਚ 18 ਸਾਲ ਤੋਂ ਘੱਟ ਉਮਰ ਦੇ ਹਰ ਗੁੰਮਸ਼ੁਦਾ ਬੱਚੇ ਦੀ ਸ਼ਿਕਾਇਤ 'ਤੇ ਲਾਜ਼ਮੀ ਤੌਰ 'ਤੇ ਐਫਆਈਆਰ ਦਰਜ ਕਰਨ ਦਾ ਹੁਕਮ ਦਿੱਤਾ ਸੀ। ਇਸ ਤੋਂ ਬਾਅਦ ਸਾਲ 2015 ਵਿੱਚ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ' ਪਰੇਸ਼ਨ ਮੁਸਕਾਨ' ਪਹਿਲ ਦੀ ਸ਼ੁਰੂਆਤ ਕੀਤੀ ਗਈ ਸੀ, ਜਿਸ ਦਾ ਮਕਸਦ ਹਰ ਗੁੰਮਸ਼ੁਦਾ ਬੱਚੇ ਨੂੰ ਬਚਾਉਣਾ ਅਤੇ ਉਨ੍ਹਾਂ ਦਾ ਮੁੜ ਵਸੇਬਾ ਕਰਨਾ ਸੀ।

ਹਾਲਾਂਕਿ 18 ਸਾਲ ਜਾਂ ਉਸ ਤੋਂ ਵੱਧ ਉਮਰ ਦੀਆਂ ਔਰਤਾਂ ਦੇ ਲਾਪਤਾ ਹੋਣ ਦੇ ਸਵਾਲ 'ਤੇ ਏਡੀਜੀ ਅਨਿਲ ਕੁਮਾਰ ਨੇ ਕਿਹਾ, "ਦੇਖੋ ਸਾਡੇ ਕੋਲ ਇਸ ਦਾ ਕੋਈ ਇਕੱਠਾ ਕੀਤਾ ਹੋਇਆ ਵੇਰਵਾ ਨਹੀਂ ਹੈ। 18 ਸਾਲ ਜਾਂ ਉਸ ਤੋਂ ਵੱਧ ਉਮਰ ਦੀਆਂ ਔਰਤਾਂ ਦੇ ਲਾਪਤਾ ਹੋਣ ਦੀ ਰਿਪੋਰਟ ਤਾਂ ਦਰਜ ਹੁੰਦੀ ਹੈ ਪਰ ਜ਼ਿਆਦਾਤਰ ਮਾਮਲਿਆਂ ਵਿੱਚ ੀ੍ ਦਰਜ ਨਹੀਂ ਹੋ ਪਾਉਂਦੀ, ਸਿਰਫ਼ ਉਨ੍ਹਾਂ ਮਾਮਲਿਆਂ ਵਿੱਚ ਹੀ ਦਰਜ ਹੁੰਦੀ ਹੈ ਜਿੱਥੇ ਮਾਨਵ ਤਸਕਰੀ ਜਾਂ ਅਗਵਾ ਵਰਗੇ ਅਪਰਾਧ ਜੁੜੇ ਹੋਣ।" ਪੁਲਿਸ ਦੱਸਦੀ ਹੈ ਕਿ ਕਿਉਂਕਿ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਦੇ ਮਾਮਲਿਆਂ ਵਿੱਚ ਅਕਸਰ ਐਫਆਈਆਰ ਹੀ ਦਰਜ ਨਹੀਂ ਹੁੰਦੀ, ਇਸ ਲਈ ਜਾਂਚ ਸਥਾਨਕ ਥਾਣੇ ਦੀਆਂ ਫ਼ਾਈਲਾਂ ਤੱਕ ਹੀ ਸੀਮਤ ਰਹਿ ਜਾਂਦੀ ਹੈ। ਮਿਸ਼ਰਾ ਪਰਿਵਾਰ ਨੂੰ ਇਸੇ ਗੱਲ 'ਤੇ ਇਤਰਾਜ਼ ਹੈ, ਕਿਉਂਕਿ ਸਨਤ ਮਿਸ਼ਰਾ ਦੀ ਭੈਣ ਸਾਲ 2012 ਵਿੱਚ ਲਾਪਤਾ ਹੋਈ ਸੀ, ਯਾਨੀ ਕਿ 2013 ਤੋਂ ਜਦੋਂ ਨਾਬਾਲਗ ਬੱਚਿਆਂ ਦੇ ਲਾਪਤਾ ਹੋਣ 'ਤੇ ਐਫਆਈਆਰ ਦਰਜ ਕਰਨਾ ਲਾਜ਼ਮੀ ਕੀਤਾ ਗਿਆ ਸੀ। ਸਨਤ ਮਿਸ਼ਰਾ ਕਹਿੰਦੇ ਹਨ, "ਅਸੀਂ ਪੁਲਿਸ ਦੀ ਕਾਰਵਾਈ ਤੋਂ ਬਿਲਕੁਲ ਸੰਤੁਸ਼ਟ ਨਹੀਂ ਹਾਂ। ਜਿਨ੍ਹਾਂ 'ਤੇ ਸ਼ੱਕ ਸੀ ਉਨ੍ਹਾਂ ਤੋਂ ਢੰਗ ਨਾਲ ਪੁੱਛਗਿੱਛ ਨਹੀਂ ਹੋਈ। ਮਹਿਲਾ ਪੁਲਿਸ ਤੱਕ ਨਹੀਂ ਬੁਲਾਈ

**(ਬਾਕੀ ਅਗਲੇ ਸਫੇ ‘ਤੇ)**

# ਲੰਮੀ ਟਰੇਨਿੰਗ, ਪ੍ਰੀਖਿਆਵਾਂ ਅਤੇ ਤਜਰਬੇ ਨਾਲ ਬਣਦੇ ਨੇ ਪਾਇਲਟ



ਏਵੀਏਸ਼ਨ ਸੈਕਟਰ ਵਿੱਚ ਹਾਲ ਹੀ ਵਿੱਚ ਹੋਏ ਵਿਕਾਸ ਨੂੰ ਸਾਰਿਆਂ ਨੇ ਦੇਖਿਆ ਹੈ। ਪਾਇਲਟਾਂ ਦੀ ਘਾਟ, ਹਵਾਈ ਅੱਡਿਆਂ 'ਤੇ ਲੰਬੀਆਂ ਕਤਾਰਾਂ, ਰੱਦ ਕੀਤੀਆਂ ਉਡਾਣਾਂ, ਪ੍ਰੇਸ਼ਾਨ ਯਾਤਰੀ, ਏਕਾਧਿਕਾਰ ਦੇ ਇਲਜ਼ਾਮ ਅਤੇ ਕੰਪਨੀਆਂ ਦੇ ਸਪੱਸ਼ਟੀਕਰਨ। ਪਰ ਅੱਜ ਅਸੀਂ ਇਸ ਬਾਰੇ ਚਰਚਾ ਨਹੀਂ ਕਰਾਂਗੇ, ਅਸੀਂ ਨੌਕਰੀ ਬਾਰੇ ਚਰਚਾ ਕਰਾਂਗੇ।

ਭਾਰਤ ਵਿੱਚ ਏਵੀਏਸ਼ਨ ਸੈਕਟਰ ਇੱਕ ਤੇਜ਼ੀ ਨਾਲ ਵਧ ਰਿਹਾ ਅਰਥਚਾਰਾ ਹੈ, ਜਿਸਦੀ ਭਾਰਤੀ ਅਰਥਵਿਵਸਥਾ ਵਿੱਚ 53.6 ਕਰੋੜ ਅਮਰੀਕੀ ਡਾਲਰ ਦੀ ਹਿੱਸੇਦਾਰੀ ਹੈ ਅਤੇ 75 ਲੱਖ ਤੋਂ ਵੱਧ ਲੋਕਾਂ ਲਈ ਰੁਜ਼ਗਾਰ ਮੁਹੱਈਆ ਕਰਵਾਉਣ ਵਾਲਾ ਖੇਤਰ ਹੈ। ਸਾਲ 2024 ਵਿੱਚ ਹੀ ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ (ਡੀਜੀਸੀਏ) ਨੇ 1300 ਤੋਂ ਵੱਧ ਵਪਾਰਕ ਪਾਇਲਟ ਲਾਇਸੈਂਸ ਜਾਰੀ ਕੀਤੇ, ਯਾਨੀ ਇਸ ਸਾਲ ਇੰਨੇ ਨਵੇਂ ਪਾਇਲਟ ਸ਼ਾਮਲ ਹੋਏ। ਇਸ ਰਿਪੋਰਟ ਵਿੱਚ ਅਸੀਂ ਉਸ ਨੌਕਰੀ ਬਾਰੇ ਗੱਲ ਕਰਾਂਗੇ ਜਿਸਦਾ ਸੁਪਨਾ ਤੁਸੀਂ ਜ਼ਮੀਨ ਤੋਂ ਲੈਂਦੇ ਹੋ, ਪਰ ਇਹ ਸੁਪਨਾ ਸਾਕਾਰ ਪੂਰੀ ਤਰ੍ਹਾਂ ਅਸਮਾਨ ਵਿੱਚ ਹੁੰਦਾ ਹੈ ਯਾਨੀ ਪਾਇਲਟ ਬਣਨਾ।

### ਕਾਕਪਿਟ ਤੱਕ ਦਾ ਸਫ਼ਰ ਕਿਵੇਂ ਪੂਰਾ ਕੀਤਾ ਜਾ ਸਕਦਾ ਹੈ?

ਮਨ ਵਿੱਚ ਆਉਣ ਵਾਲਾ ਪਹਿਲਾ ਸਵਾਲ ਇਹ ਹੈ ਕਿ ਪਾਇਲਟ ਕਿਵੇਂ ਬਣਨਾ ਹੈ? ਇੱਕ ਮਸ਼ਹੂਰ ਏਅਰਲਾਈਨ ਕੰਪਨੀ ਦੇ ਪਾਇਲਟ ਨੇ ਇਸਦਾ ਜਵਾਬ ਦਿੱਤਾ। ਉਨ੍ਹਾਂ ਨੇ ਸਮਝਾਇਆ ਕਿ ਭਾਰਤ ਵਿੱਚ ਪਾਇਲਟ ਬਣਨ ਦੇ ਦੋ ਤਰੀਕੇ ਹਨ, ਇੱਕ ਜੋ ਕਈ ਸਾਲਾਂ ਤੋਂ ਚੱਲ ਰਿਹਾ ਹੈ ਅਤੇ ਦੂਜਾ ਏਅਰਲਾਈਨ ਕੰਪਨੀ ਦੇ ਕੈਡੇਟ ਪਾਇਲਟ ਪ੍ਰੋਗਰਾਮ ਜ਼ਰੀਏ। ਦੋਵਾਂ ਮਾਮਲਿਆਂ ਵਿੱਚ ਉਮਰ 18 ਸਾਲ ਹੋਣੀ ਚਾਹੀਦੀ ਹੈ। ਨਾਲ ਹੀ 12ਵੀਂ ਜਮਾਤ ਵਿੱਚ ਭੌਤਿਕ ਵਿਗਿਆਨ ਅਤੇ ਗਣਿਤ ਦੇ ਨਾਲ 50 ਫ਼ੀਸਦ ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ।

ਜੇਕਰ ਕੋਈ ਕਾਮਰਸ ਜਾਂ ਆਰਟਸ ਪਿਛੋਕੜ ਵਾਲਾ ਹੈ ਤਾਂ ਉਸ ਲਈ ਨੈਸ਼ਨਲ ਇੰਸਟੀਚਿਊਟ ਆਫ਼ ਪਨ ਸਕੂਲਿੰਗ ਜਾਂ ਕਿਸੇ ਵੀ ਸਟੇਟ ਬੋਰਡ ਪਨ ਪ੍ਰੀਖਿਆ ਰਾਹੀਂ 12ਵੀਂ ਦੀ ਫ਼ਿਜ਼ਿਕਸ ਅਤੇ ਗਣਿਤ ਦੀਆਂ ਪ੍ਰੀਖਿਆਵਾਂ ਪਾਸ ਕਰਨਾ ਜ਼ਰੂਰੀ ਹੈ। ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ (ਡੀਜੀਸੀਏ) ਭਾਰਤ ਵਿੱਚ ਹਵਾਬਾਜ਼ੀ ਰੈਗੂਲੇਟਰ ਹੈ। ਡੀਜੀਸੀਏ ਨੇ ਦੇਸ਼ ਭਰ ਵਿੱਚ ਕਈ ਡਾਕਟਰਾਂ ਨੂੰ ਪਾਇਲਟ ਸਿਖਲਾਈ ਲਈ ਲੋੜੀਂਦੀਆਂ ਡਾਕਟਰੀ ਜਾਂਚਾਂ ਕਰਨ ਲਈ ਮਾਨਤਾ ਦਿੱਤੀ ਹੈ।

ਪਾਇਲਟ ਸਿਖਲਾਈ ਤੋਂ ਪਹਿਲਾਂ ਕਿਸੇ ਵੀ ਵਿਦਿਆਰਥੀ ਕੋਲ ਕਲਾਸ 2 ਮੈਡੀਕਲ ਸਰਟੀਫਿਕੇਟ ਹੋਣਾ ਚਾਹੀਦਾ ਹੈ। ਇਹ ਡੀਜੀਸੀਏ ਵੱਲੋਂ ਪ੍ਰਵਾਨਿਤ ਡਾਕਟਰ ਵੱਲੋਂ ਜਾਰੀ ਕੀਤਾ ਜਾਂਦਾ ਹੈ ਅਤੇ ਇਹ ਨਿਰਧਾਰਤ ਕਰਦਾ ਹੈ ਕਿ ਕੀ ਵਿਅਕਤੀ ਸਿਖਲਾਈ ਲੈਣ ਲਈ ਡਾਕਟਰੀ ਤੌਰ 'ਤੇ ਫਿੱਟ ਹੈ। ਇਸ ਤੋਂ ਬਾਅਦ ਕਲਾਸ 1 ਮੈਡੀਕਲ ਪ੍ਰੀਖਿਆ ਹੁੰਦੀ ਹੈ ਜੋ ਡੀਜੀਸੀਏ ਦੁਆਰਾ ਕਰਵਾਈ ਜਾਂਦੀ ਹੈ ਅਤੇ ਇਹ ਭਾਰਤੀ ਹਵਾਈ ਸੈਨਾ ਦੁਆਰਾ ਪ੍ਰਵਾਨਿਤ ਡਾਕਟਰਾਂ ਵੱਲੋਂ ਕੀਤੀ ਜਾਂਦੀ ਹੈ। ਇਹ ਪ੍ਰੀਖਿਆ ਸਰਟੀਫਿਕੇਟ ਵਪਾਰਕ ਪਾਇਲਟ ਲਾਇਸੈਂਸ (ਸੀਪੀਐੱਲ) ਪ੍ਰਾਪਤ ਕਰਨ ਲਈ ਜ਼ਰੂਰੀ ਹੈ। ਇਸ ਵਿੱਚ ਅੱਖਾਂ, ECG, ਖ਼ੂਨ ਦੇ ਟੈਸਟ ਅਤੇ ਈਐੱਨਟੀ ਟੈਸਟ ਸ਼ਾਮਲ ਹਨ। ਦੋਵਾਂ ਟੈਸਟਾਂ ਦੀ ਕੀਮਤ ਤਕਰੀਬਨ ਦਸ ਹਜ਼ਾਰ ਰੁਪਏ ਹੁੰਦੀ ਹੈ। ਹਾਲਾਂਕਿ, ਜੇਕਰ ਕੋਈ ਕਲਰ ਬਲਾਇੰਡ ਹੈ, ਤਾਂ ਉਹ ਪਾਇਲਟ ਨਹੀਂ ਬਣ ਸਕਦਾ। ਇਸ ਤੋਂ ਇਲਾਵਾ ਸ਼ੁਰੂ ਵਿੱਚ ਖ਼ੂਨ ਅਤੇ ਪਿਸ਼ਾਬ ਦੇ ਟੈਸਟ ਵਰਗੇ ਮੁੱਢਲੇ ਟੈਸਟਾਂ ਦੀ ਲੋੜ ਹੁੰਦੀ ਹੈ। ਜੇਕਰ ਕੋਈ ਇੱਕ ਵਿੱਚ ਵੀ ਅਸਫਲ ਹੋ ਜਾਂਦਾ ਹੈ, ਤਾਂ ਉਹ ਪਾਇਲਟ ਨਹੀਂ ਬਣ ਸਕਦਾ।

### ਇਸ ਤੋਂ ਬਾਅਦ ਕੀ ਹੋਵੇਗਾ?

ਸਾਰੀਆਂ ਯੋਗਤਾ ਜ਼ਰੂਰਤਾਂ ਪੂਰੀਆਂ ਕਰਨ ਤੋਂ ਬਾਅਦ, ਕਿਸੇ ਨੂੰ ਡੀਜੀਸੀਏ ਸੀਪੀਐੱਲ ਪ੍ਰੀਖਿਆ ਦੇਣੀ ਚਾਹੀਦੀ ਹੈ, ਜੋ ਆਮ ਤੌਰ 'ਤੇ ਸਾਲ ਵਿੱਚ ਚਾਰ ਵਾਰ ਹੁੰਦੀ ਹੈ। ਇਸ ਕੋਰਸ ਨੂੰ ਪਾਸ ਕਰਨ ਵਾਲੇ ਦੋ ਤਰ੍ਹਾਂ ਦੀ ਸਿਖਲਾਈ ਵਿੱਚੋਂ ਗੁਜ਼ਰਦੇ ਹਨ, ਜ਼ਮੀਨੀ ਸਿਖਲਾਈ ਅਤੇ ਉਡਾਣ। ਜ਼ਮੀਨੀ ਸਿਖਲਾਈ ਪਾਇਲਟ ਸਿਖਲਾਈ ਦਾ ਅਕਾਦਮਿਕ ਪੜਾਅ ਹੈ, ਜਿਸ ਵਿੱਚ ਮੌਸਮ ਵਿਗਿਆਨ, ਏਅਰ ਰੈਗੂਲੇਸ਼ਨ, ਨੇਵੀਗੇਸ਼ਨ, ਰੇਡੀ ਟੈਲੀਫ਼ੋਨੀ ਅਤੇ ਤਕਨੀਕੀ ਵਿਸ਼ਿਆਂ ਵਰਗੇ ਵਿਸ਼ੇ ਸ਼ਾਮਲ ਹੁੰਦੇ ਹਨ। ਉਨ੍ਹਾਂ ਦੇ ਲਿਖਤੀ ਇਮਤਿਹਾਨਾਂ ਵਿੱਚ ਘੱਟੋ-ਘੱਟ 70 ਫ਼ੀਸਦ ਅੰਕ ਪ੍ਰਾਪਤ ਕਰਨਾ ਜ਼ਰੂਰੀ ਹੈ।

ਇਸ ਤੋਂ ਬਾਅਦ, ਉਮੀਦਵਾਰ ਭਾਰਤ ਵਿੱਚ ਵੱਖ-ਵੱਖ ਡੀਜੀਸੀਏ ਵੱਲੋਂ ਪ੍ਰਵਾਨਿਤ ਫਲਾਇੰਗ ਟ੍ਰੇਨਿੰਗ ਆਰਗੇਨਾਈਜ਼ੇਸ਼ਨਾਂ (ਐੱਫ਼ਟੀ ਜ਼) ਵਿੱਚ ਸ਼ਾਮਲ ਹੁੰਦੇ ਹਨ ਅਤੇ ਇੱਥੇ ਉਨ੍ਹਾਂ ਨੂੰ 200 ਘੰਟੇ ਦੀ ਉਡਾਣ ਦਾ ਤਜਰਬਾ ਮਿਲਦਾ ਹੈ। ਇਸ ਤੋਂ ਇਲਾਵਾ ਦੂਜਾ ਵਿਕਲਪ ਕੈਡੇਟ ਪਾਇਲਟ ਪ੍ਰੋਗਰਾਮ ਹੈ, ਜੋ ਕਿ ਏਅਰਲਾਈਨ ਕੰਪਨੀਆਂ ਵੱਲੋਂ ਚਲਾਇਆ ਜਾਂਦਾ ਹੈ। ਮਾਹਰਾਂ ਮੁਤਾਬਕ, ਜੇਕਰ ਕੋਈ ਉਮੀਦਵਾਰ ਆਪਣਾ ਹਵਾਬਾਜ਼ੀ ਕਰੀਅਰ ਏਅਰਲਾਈਨ ਕੈਡੇਟ ਪਾਇਲਟ ਪ੍ਰੋਗਰਾਮ ਨਾਲ ਸ਼ੁਰੂ ਕਰਦਾ ਹੈ, ਤਾਂ ਇਸਦਾ ਇੱਕ ਨਿਸ਼ਚਿਤ ਸਿਲੇਬਸ ਹੁੰਦਾ ਹੈ, ਜਿਸ ਵਿੱਚ ਸਿਧਾਂਤਕ ਅਤੇ ਵਿਹਾਰਕ ਸਿਖਲਾਈ ਦੋਵੇਂ ਸ਼ਾਮਲ ਹੁੰਦੇ ਹਨ। ਇਸ ਵਿੱਚ ਏਵੀਏਸ਼ਨ ਬਾਰੇ ਬੁਨਿਆਦੀ ਜਾਣਕਾਰੀ ਗੰਭੀਰਤਾ ਨਾਲ ਪੜ੍ਹਾਈ ਜਾਂਦੀ ਹੈ, ਨਾਲ ਹੀ ਪਾਰਟਨਰ ਫਲਾਈਟ ਟ੍ਰੇਨਿੰਗ ਆਰਗੇਨਾਈਜ਼ੇਸ਼ਨ (ਐੱਫ਼ਟੀ ਜ਼) ਵਿਖੇ ਪ੍ਰੈਕਟੀਕਲ ਫਲਾਇੰਗ ਸੈਸ਼ਨ ਵੀ ਸ਼ਾਮਲ ਹਨ। ਇਹ ਏਕੀਕ੍ਰਿਤ ਸਿਖਲਾਈ ਇਸ ਤਰ੍ਹਾਂ ਤਿਆਰ ਕੀਤੀ ਗਈ ਹੈ ਤਾਂ ਜੋ ਪਾਇਲਟ ਉਦਯੋਗ ਦੀਆਂ ਜ਼ਰੂਰਤਾਂ ਦੇ ਮੁਤਾਬਕ ਹੁਨਰ ਹਾਸਲ ਕਰ ਸਕਣ।

ਉਦਾਹਰਣ ਵਜੋਂ, ਏਅਰ ਇੰਡੀਆ ਕੋਲ ਇੱਕ ਕੈਡੇਟ ਪਾਇਲਟ ਪ੍ਰੋਗਰਾਮ ਹੈ, ਜਿਸ ਦੇ ਤਹਿਤ ਉਮੀਦਵਾਰਾਂ ਨੂੰ ਏਅਰ ਇੰਡੀਆ ਫਲਾਇੰਗ ਟ੍ਰੇਨਿੰਗ ਅਕੈਡਮੀ ਅਤੇ ਏਅਰਲਾਈਨ ਦੇ ਦੋ ਗਲੋਬਲ ਪਾਰਟਨਰ ਸਕੂਲਾਂ ਵਿੱਚ ਉਨ੍ਹਾਂ ਦੇ ਕਮਰਸ਼ੀਅਲ ਪਾਇਲਟ ਲਾਇਸੈਂਸ (ਸੀਪੀਐੱਲ) ਅਤੇ ਟਾਈਪ ਰੇਟਿੰਗ ਲਈ ਸਿਖਲਾਈ ਦਿੱਤੀ ਜਾਂਦੀ ਹੈ। ਉਡਾਣ ਸਿਖਲਾਈ ਦੌਰਾਨ, ਉਮੀਦਵਾਰਾਂ ਨੂੰ ਛੋਟੇ ਜਹਾਜ਼ ਉਡਾਉਣੇ ਸਿਖਾਏ ਜਾਂਦੇ ਹਨ।

ਪਰ ਜਦੋਂ ਉਹ ਅਸਲ ਵਿੱਚ ਯਾਤਰੀ ਜਹਾਜ਼ ਉਡਾਉਂਦੇ ਹਨ, ਤਾਂ ਉਨ੍ਹਾਂ ਨੂੰ ਇੱਕ ਹੋਰ ਲਾਇਸੈਂਸ ਦੀ ਲੋੜ ਪੈਂਦੀ ਹੈ, ਜਿਸਨੂੰ ਟਾਈਪ ਰੇਟਿੰਗ ਕਿਹਾ ਜਾਂਦਾ ਹੈ। ਏਅਰ ਇੰਡੀਆ ਦੀ ਸਿਖਲਾਈ ਅਕੈਡਮੀ ਅਮਰਾਵਤੀ, ਮਹਾਰਾਸ਼ਟਰ ਵਿੱਚ ਸਥਿਤ ਹੈ ਅਤੇ ਦੋ ਗਲੋਬਲ ਪਾਰਟਨਰ ਸਕੂਲ ਅਮਰੀਕਾ ਵਿੱਚ ਹਨ। ਕੈਡੇਟ ਪ੍ਰੋਗਰਾਮ ਰਾਹੀਂ ਏਅਰਲਾਈਨ ਕੰਪਨੀਆਂ ਕੁਝ ਟੈਸਟਾਂ ਦੇ ਆਧਾਰ 'ਤੇ 12ਵੀਂ ਤੋਂ ਬਾਅਦ ਵਿਦਿਆਰਥੀਆਂ ਨੂੰ ਆਪਣੇ ਕੈਡੇਟ ਵਜੋਂ ਚੁਣਦੀਆਂ ਹਨ। ਫਿਰ ਉਹ ਉਡਾਣ ਦੀ ਸਿਖਲਾਈ ਲੈਂਦੇ ਹਨ ਅਤੇ ਏਅਰਲਾਈਨਾਂ ਵਿੱਚ ਵਾਪਸ ਆਉਣ 'ਤੇ ਇੱਕ ਕਿਸਮ ਦੀ ਰੇਟਿੰਗ ਪ੍ਰਾਪਤ ਕਰਦੇ ਹਨ, ਪਰ ਇਸਦੀਆਂ ਫੀਸਾਂ ਬਹੁਤ ਜ਼ਿਆਦਾ ਹੁੰਦੀਆਂ ਹਨ।

### ਫ਼ਲਾਈਟ ਟ੍ਰੇਨਿੰਗ ਅਤੇ ਖ਼ਰਚਾ ਕਿੰਨਾ ਹੁੰਦਾ ਹੈ?

ਲਿਖਤੀ ਪ੍ਰੀਖਿਆ ਪਾਸ ਕਰਨ ਲਈ ਘੱਟੋ-ਘੱਟ ਛੇ ਮਹੀਨੇ ਲੱਗਦੇ ਹਨ ਅਤੇ ਇਸ ਤੋਂ ਬਾਅਦ ਉਡਾਣ ਦੀ ਸਿਖਲਾਈ ਸ਼ੁਰੂ ਹੁੰਦੀ ਹੈ। ਉਮੀਦਵਾਰ ਉਹ ਦੇਸ਼ ਚੁਣਦੇ ਹਨ ਜਿੱਥੇ ਉਹ ਇਹ ਸਿਖਲਾਈ ਪ੍ਰਾਪਤ ਕਰਨਾ ਚਾਹੁੰਦੇ ਹਨ। ਇਹ ਸਿਖਲਾਈ ਭਾਰਤ ਜਾਂ ਕਿਸੇ ਹੋਰ ਦੇਸ਼ ਵਿੱਚ ਕੀਤੀ ਜਾ ਸਕਦੀ ਹੈ। ਕੈਪਟਨ ਮੋਹਿਤ ਜਹਾਜ਼ ਵਿੱਚ ਆਪਣੇ ਸ਼ਾਇਰਾਨਾ ਅੰਦਾਜ਼ ਕਰਕੇ ਵਾਇਰਲ ਹੋ ਗਏ ਹਨ ਅਤੇ ਹੁਣ ਇੱਕ ਏਅਰਲਾਈਨ ਕੰਪਨੀ ਵਿੱਚ ਇੰਸਟ੍ਰਕਟਰ ਵਜੋਂ ਕੰਮ ਕਰਦੇ ਹੋਏ, ਉਹ 'ਪੋਏਟਿਕ ਪਾਇਲਟ' ਨਾਮ ਦੀ ਇੱਕ ਸਿਖਲਾਈ ਅਕੈਡਮੀ ਵੀ ਚਲਾ ਰਹੇ ਹਨ।

ਉਹ ਕਹਿੰਦੇ ਹਨ, "ਜ਼ਿਆਦਾਤਰ ਲੋਕ ਭਾਰਤ, ਅਮਰੀਕਾ, ਦੱਖਣੀ ਅਫਰੀਕਾ ਚੁਣਦੇ ਹਨ ਅਤੇ ਮੇਰੇ ਵਰਗੇ ਕੁਝ ਕੈਨੇਡਾ ਵੀ ਜਾਂਦੇ ਹਨ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਆਪਣੀ ਫ਼ਲਾਇਟ ਟ੍ਰੇਨਿੰਗ ਕਿੱਥੋਂ ਲਈ ਹੈ, ਕਿਉਂਕਿ ਤੁਹਾਨੂੰ ਡੀਜੀਸੀਏ ਦੀ ਲਿਖਤੀ ਪ੍ਰੀਖਿਆ ਪਾਸ ਕਰਨੀ ਪੈਂਦੀ ਹੈ।" "ਏਅਰਲਾਈਨ ਕੰਪਨੀਆਂ ਵੀ ਕਿਸੇ ਖ਼ਾਸ ਦੇਸ਼ ਤੋਂ ਸਿਖਲਾਈ ਨੂੰ ਤਰਜੀਹ ਨਹੀਂ ਦਿੰਦੀਆਂ। ਯਾਨੀ ਕਿ ਤੁਹਾਡੇ ਕੋਲ ਭਾਰਤੀ ਪਾਇਲਟ ਦਾ ਲਾਇਸੈਂਸ ਹੈ ਜਾਂ ਨਹੀਂ।" ਭਾਰਤ ਵਿੱਚ ਇੱਕ ਚੰਗੇ ਸਕੂਲ ਵਿੱਚ ਇਸ ਸਿਖਲਾਈ ਲਈ 14 ਤੋਂ 15 ਮਹੀਨੇ ਲੱਗਦੇ ਹਨ, ਜਿਸਦੀ ਕੀਮਤ 50-55 ਲੱਖ ਰੁਪਏ ਹੁੰਦੀ ਹੈ। ਅਮਰੀਕਾ ਵਿੱਚ ਇਸ ਸਿਖਲਾਈ ਵਿੱਚ 10 ਮਹੀਨੇ ਲੱਗਦੇ ਹਨ ਅਤੇ ਇਸਦੀ ਕੀਮਤ ਵੀ ਉਹੀ ਹੈ, 50-52 ਲੱਖ ਰੁਪਏ। ਦੱਖਣੀ ਅਫਰੀਕਾ ਵਿੱਚ ਇਹ 12-14 ਮਹੀਨਿਆਂ ਦਾ ਕੋਰਸ ਹੈ, ਜਿਸਦੀ ਕੀਮਤ 35-40 ਲੱਖ ਰੁਪਏ ਹੈ। ਕੈਪਟਨ ਮੋਹਿਤ

(ਬਾਕੀ ਅਗਲੇ ਸਫੇ 'ਤੇ)



# ਭਾਰਤ ਦੇ ਇਕ ਸੂਬੇ 'ਚ ਰੋਜ਼ਾਨਾ 43 ਕੁੜੀਆਂ ਤੇ ਔਰਤਾਂ ਹੋ ਰਹੀਆਂ ਲਾਪਤਾ

(ਸਫਾ 16 ਦੀ ਬਾਕੀ)

ਗਈ। ਸ਼ੁਰੂ ਤੋਂ ਹੀ ਸਾਨੂੰ ਲੱਗਿਆ ਕਿ ਸਾਡਾ ਮਾਮਲਾ ਗੰਭੀਰਤਾ ਨਾਲ ਨਹੀਂ ਲਿਆ ਗਿਆ।"

ਗੁੰਮਸ਼ੁਦਾ ਕੁੜੀਆਂ ਅਤੇ ਔਰਤਾਂ ਦੇ ਮਾਮਲਿਆਂ ਵਿੱਚ ਇਹ ਸ਼ਿਕਾਇਤ ਆਮ ਹੈ। ਕਈ ਪਰਿਵਾਰ ਕਹਿੰਦੇ ਹਨ ਕਿ ਸ਼ੁਰੂਆਤੀ ਘੰਟਿਆਂ ਅਤੇ ਸ਼ੁਰੂਆਤੀ ਦਿਨਾਂ ਵਿੱਚ ਤੇਜ਼ੀ ਨਾਲ ਕੰਮ ਨਹੀਂ ਹੁੰਦਾ ਅਤੇ ਇਹੀ ਦੇਰੀ ਭਾਲ ਨੂੰ ਮੁਸ਼ਕਲ ਬਣਾ ਦਿੰਦੀ ਹੈ।

ਮੱਧ ਪ੍ਰਦੇਸ਼ ਦੀ ਰਾਜਨੀਤੀ ਵਿੱਚ ਔਰਤਾਂ ਨੂੰ ਲੰਬੇ ਸਮੇਂ ਤੋਂ ਸਭ ਤੋਂ ਮਹੱਤਵਪੂਰਨ ਵੋਟਰ ਸਮੂਹਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਪਿਛਲੇ ਦੋ ਦਹਾਕਿਆਂ ਵਿੱਚ ਸੂਬੇ ਦੀ ਸੱਤਾ 'ਤੇ ਜ਼ਿਆਦਾਤਰ ਬੀਜੇਪੀ ਦਾ ਹੀ ਕਬਜ਼ਾ ਰਿਹਾ ਹੈ ਅਤੇ ਪਾਰਟੀ ਨੇ ਆਪਣੇ ਚੋਣ ਨੈਰੇਟਿਵ ਵਿੱਚ ਔਰਤਾਂ ਨੂੰ ਕੇਂਦਰ ਵਿੱਚ ਰੱਖ ਕੇ ਕਈ ਯੋਜਨਾਵਾਂ ਵੀ ਚਲਾਈਆਂ ਹਨ। ਸਾਬਕਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੇ ਕਾਰਜਕਾਲ ਵਿੱਚ 'ਲਾਡਲੀ ਲਕਸ਼ਮੀ' ਅਤੇ ਬਾਅਦ ਵਿੱਚ 'ਲਾਡਲੀ ਬੇਹਨਾ' ਵਰਗੀਆਂ ਸਿੱਧਾ ਪੈਸਾ ਟ੍ਰਾਂਸਫਰ ਕਰਨ ਵਾਲੀਆਂ ਯੋਜਨਾਵਾਂ ਦਾ ਸਰਕਾਰ ਨੇ ਖ਼ੂਬ ਪ੍ਰਚਾਰ ਕੀਤਾ ਅਤੇ ਇਨ੍ਹਾਂ ਨੂੰ ਚੋਣ ਜਿੱਤਣ ਦਾ ਮੁੱਖ ਆਧਾਰ ਵੀ ਬਣਾਇਆ। ਸਮਾਜਿਕ ਕਾਰਕੁਨ ਅਰਚਨਾ ਸਹਾਏ ਦਾ ਕਹਿਣਾ ਹੈ ਕਿ ਯੋਜਨਾਵਾਂ ਭਾਵੇਂ ਆਰਥਿਕ ਸਹਾਇਤਾ ਨੂੰ ਉਤਸ਼ਾਹਿਤ ਕਰਦੀਆਂ ਹਨ, ਪਰ ਔਰਤਾਂ ਦੀ ਸੁਰੱਖਿਆ, ਆਵਾਜਾਈ ਅਤੇ ਖਾਸ ਤੌਰ 'ਤੇ ਲਾਪਤਾ ਹੋਣ ਵਰਗੇ ਸੰਵੇਦਨਸ਼ੀਲ ਮੁੱਦਿਆਂ ਨੂੰ ਰੋਕਣ ਲਈ ਰਾਜ ਨੇ ਕੋਈ ਠੋਸ ਜਾਂ ਬੁਨਿਆਦੀ ਸੁਧਾਰ ਨਹੀਂ ਕੀਤਾ ਹੈ।

ਪੁਲਿਸ ਢਾਂਚੇ ਵਿੱਚ ਨਿਵੇਸ਼, ਜਾਂਚ ਦੀ ਢੁੱਕਵੀਂ ਵਿਵਸਥਾ, ਦੇਰੀ ਨਾਲ ਦਰਜ ਹੋਣ ਵਾਲੀਆਂ ਰਿਪੋਰਟਾਂ ਨੂੰ ਰੋਕਣ ਦੇ ਉਪਾਅ, ਮਨੁੱਖੀ ਤਸਕਰੀ ਤੇ ਨਕੇਲ ਅਤੇ ਜ਼ਿਆਦਾ ਪਲਾਇਨ ਵਾਲੇ ਜ਼ਿਲ੍ਹਿਆਂ ਲਈ ਵਿਸ਼ੇਸ਼ ਨਿਗਰਾਨੀ ਤੰਤਰ, ਇਨ੍ਹਾਂ ਸਾਰੇ ਮੋਰਚਿਆਂ ਤੇ ਰਾਜ ਦਾ ਪ੍ਰਦਰਸ਼ਨ ਲਗਾਤਾਰ ਸਵਾਲਾਂ ਵਿੱਚ ਰਿਹਾ ਹੈ। ਇਸ ਦਾ ਨਤੀਜਾ ਇਹ ਦਿਖਾਈ ਦਿੰਦਾ ਹੈ ਕਿ ਔਰਤਾਂ ਦੀ ਗੁੰਮਸ਼ੁਦਗੀ ਦੇ ਮਾਮਲੇ ਵਧ ਰਹੇ ਹਨ। ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਔਰਤਾਂ ਨਾਲ ਜੁੜੇ ਕਲਿਆਣਕਾਰੀ ਵਾਦੇ ਵੋਟਾਂ ਤਾਂ ਦਿਵਾਉਂਦੇ ਹਨ, ਪਰ ਸੁਰੱਖਿਆ ਨਾਲ ਜੁੜੇ ਜਟਿਲ ਮੁੱਦਿਆਂ 'ਤੇ ਜਵਾਬਦੇਹੀ ਤੈਅ ਕਰਨ ਲਈ ਜਿਸ ਤਰ੍ਹਾਂ ਦੀ ਨਿਰੰਤਰਤਾ ਅਤੇ ਇੱਛਾ ਸ਼ਕਤੀ ਚਾਹੀਦੀ ਹੈ, ਉਹ ਲੰਬੇ ਸਮੇਂ ਤੋਂ ਗਾਇਬ ਹੈ।

ਅਰਚਨਾ ਸਹਾਏ ਪਿਛਲੇ ਤਿੰਨ ਦਹਾਕਿਆਂ ਤੋਂ ਰਾਜ ਵਿੱਚ ਬੱਚਿਆਂ ਅਤੇ ਔਰਤਾਂ ਨਾਲ ਕੰਮ ਕਰ ਰਹੀ ਹੈ। ਉਹ ਕਹਿੰਦੇ ਹਨ ਕਿ ਲਾਪਤਾ ਹੋਣ ਦੇ ਇਹ ਵੱਡੇ ਅੰਕੜੇ ਸਿਰਫ਼ ਨਿੱਜੀ ਕਾਰਨਾਂ ਕਰਕੇ ਨਹੀਂ ਹਨ। ਅਰਚਨਾ ਕਹਿੰਦੇ ਹਨ, "ਨਾਬਾਲਗ ਬੱਚੀਆਂ ਦੇ ਮਾਮਲੇ ਵਿੱਚ ਤਾਂ ਮੱਧ ਪ੍ਰਦੇਸ਼ ਨੇ ਕੁਝ ਬਿਹਤਰ ਕੰਮ ਕੀਤਾ ਹੈ ਪਰ ਜਦੋਂ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਲਾਪਤਾ ਹੁੰਦੀਆਂ ਹਨ ਤਾਂ ਜ਼ਿਆਦਾਤਰ ਮਾਮਲਿਆਂ ਨੂੰ ਅਪਰਾਧ ਨਹੀਂ ਮੰਨਿਆ ਜਾਂਦਾ। ਪ੍ਰਸ਼ਾਸਨ ਦਾ ਰਵੱਈਆ ਰਹਿੰਦਾ ਹੈ ਕਿ ਕਿਤੇ ਚਲੀ ਗਈ ਹੋਵੇਗੀ, ਆ ਜਾਵੇਗੀ। ਉਨ੍ਹਾਂ ਨੂੰ ਲੱਭਣ ਦੀ ਕੋਸ਼ਿਸ਼ ਉਨੀ ਗੰਭੀਰਤਾ ਨਾਲ ਨਹੀਂ ਹੁੰਦੀ। ਇਹ ਨਜ਼ਰੀਏ ਦੀ ਸਮੱਸਿਆ ਹੈ ਅਤੇ ਇਸੇ ਕਰਕੇ ਲਾਪਤਾ ਔਰਤਾਂ ਦੇ ਅੰਕੜੇ ਬਹੁਤ ਵਧੇ ਹੋਏ ਹਨ।" ਸਰਕਾਰ ਬਦਲਦੀ ਰਹੇ ਜਾਂ ਉਹੀ ਸਰਕਾਰ ਸੱਤਾ ਵਿੱਚ ਵਾਪਸ ਆਉਂਦੀ ਰਹੇ, ਪਰ ਜਿਨ੍ਹਾਂ ਪਰਿਵਾਰਾਂ ਦੀਆਂ ਧੀਆਂ ਜਾਂ ਔਰਤਾਂ ਅੱਜ ਤੱਕ ਘਰ ਨਹੀਂ ਪਰਤੀਆਂ, ਉਨ੍ਹਾਂ ਲਈ ਇਹ ਰਾਜਨੀਤਿਕ ਵਾਅਦੇ ਅਤੇ ਘੋਸ਼ਣਾਵਾਂ ਅਕਸਰ ਸਿਰਫ਼ ਕਾਗਜ਼ਾਂ 'ਤੇ ਲਿਖੀਆਂ ਗੱਲਾਂ ਹੀ ਲੱਗਦੀਆਂ ਹਨ। ਪਰ ਇਸ ਡਰਾਉਣੀ ਤਸਵੀਰ ਦੇ ਵਿਚਕਾਰ ਕੁਝ ਮਾਮਲੇ ਉਮੀਦ ਵੀ ਜਗਾਉਂਦੇ ਹਨ।

### ਕੁਝ ਕੁੜੀਆਂ ਘਰ ਪਰਤੀਆਂ, ਪਰ ਡਰ ਹਾਲੇ ਵੀ

ਡਿੰਡੋਰੀ ਜ਼ਿਲ੍ਹੇ ਦੀ ਫੂਲ (ਬਦਲਿਆ ਹੋਇਆ ਨਾਮ) ਇਸੇ ਸਾਲ ਜਨਵਰੀ ਵਿੱਚ ਆਪਣੇ ਪਿੰਡ ਦੇ ਇੱਕ ਜਾਣਕਾਰ ਦੇ ਬਿਹਤਰ ਨੌਕਰੀ ਅਤੇ ਜ਼ਿੰਦਗੀ ਦੇ ਝਾਂਸੇ ਵਿੱਚ ਫਸ ਕੇ ਦਿੱਲੀ ਚਲੀ ਗਈ ਸੀ। ਜਦੋਂ ਅਸੀਂ ਫੂਲ ਨੂੰ ਮਿਲਣ ਪਹੁੰਚੇ ਤਾਂ ਉਹ ਪਹਾੜਾਂ ਦੀ ਤਲਹਟੀ 'ਤੇ ਬਣੇ ਆਪਣੇ ਕੱਚੇ ਘਰ ਦੇ ਸਾਹਮਣੇ ਡਾਹੀ ਹੋਈ ਮੰਜੀ 'ਤੇ ਬੈਠ ਕੇ ਪੜ੍ਹਾਈ 'ਤੇ ਧਿਆਨ ਲਗਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਫੂਲ ਨੇ ਕਿਹਾ, "ਮੈਨੂੰ ਕਿਹਾ ਗਿਆ ਸੀ ਕਿ ਚੰਗਾ ਕੰਮ ਮਿਲੇਗਾ ਅਤੇ ਬਹੁਤ ਪੈਸਾ ਮਿਲੇਗਾ। ਇਸ ਲਈ ਮੈਂ ਦਿੱਲੀ ਚਲੀ ਗਈ। ਪਰ ਦਿੱਲੀ ਪਹੁੰਚਦੇ ਹੀ ਮੈਨੂੰ ਬੰਧੂਆ ਮਜ਼ਦੂਰੀ ਵਿੱਚ ਧੱਕ ਦਿੱਤਾ ਗਿਆ।" ਫੂਲ ਨੇ ਦੱਸਿਆ ਕਿ ਕੰਮ ਵਾਲੀ ਥਾਂ ਉਸ ਨੂੰ ਜੇਲ੍ਹ ਵਰਗੀ ਲੱਗਦੀ ਸੀ। ਰਾਤ ਨੂੰ ਰੋਂਦੇ-ਰੋਂਦੇ ਸੌਂਦੀ ਸੀ ਅਤੇ ਕੰਮ ਵਾਲੀ ਥਾਂ 'ਤੇ ਉਨ੍ਹਾਂ ਨਾਲ ਕਈ ਵਾਰ ਕੁੱਟਮਾਰ ਵੀ ਹੋਈ।


ਇੱਕ ਮਹੀਨੇ ਬਾਅਦ ਲੰਬੀਆਂ ਕੋਸ਼ਿਸ਼ਾਂ ਤੋਂ ਬਾਅਦ ਉਨ੍ਹਾਂ ਨੂੰ ਉੱਥੋਂ ਛੁਡਵਾਇਆ ਗਿਆ ਅਤੇ ਜੂਨ ਵਿੱਚ ਉਹ ਘਰ ਪਰਤ ਸਕੀ। ਫੂਲ ਦੀ ਮਾਂ ਅਨੀਤਾ (ਬਦਲਿਆ ਹੋਇਆ ਨਾਮ), ਜੋ ਕਿ ਇੱਕ ਸਿੰਗਲ ਮਦਰ ਨੇ, ਉਹ ਕਹਿੰਦੇ ਹਨ, "ਜਦੋਂ ਧੀ ਮਿਲੀ ਤਾਂ ਜਾ ਕੇ ਮੈਨੂੰ ਚੈਨ ਆਇਆ, ਨਹੀਂ ਤਾਂ ਇੰਨੇ ਦਿਨਾਂ ਤੱਕ ਤਾਂ ਬਸ ਚਿੰਤਾ ਹੀ ਲੱਗੀ ਰਹਿੰਦੀ ਸੀ, ਡਰ ਲੱਗਿਆ ਰਹਿੰਦਾ ਸੀ ਕਿ ਕਿਤੇ ਮੇਰੀ ਧੀ ਨੂੰ ਵੇਚ ਨਾ ਦੇਣ।" ਫੂਲ ਹੁਣ ਘਰ ਹੈ, ਪਰ ਪਰਿਵਾਰ ਦੱਸਦਾ ਹੈ ਕਿ ਉਹ ਅਕਸਰ ਚੁੱਪ ਰਹਿੰਦੀ ਹੈ, ਸਹਿਮੀ ਰਹਿੰਦੀ ਹੈ ਅਤੇ ਇਸ ਬਾਰੇ ਗੱਲ ਨਹੀਂ ਕਰਦੀ ਕਿ ਦਿੱਲੀ ਵਿੱਚ ਉਸ ਨਾਲ ਕੀ ਹੋਇਆ। ਅਰਚਨਾ ਕਹਿੰਦੇ ਹਨ, "ਇਨ੍ਹਾਂ ਗੁੰਮਸ਼ੁਦਗੀਆਂ ਦੇ ਪਿੱਛੇ ਗਰੀਬੀ, ਦਲਾਲਾਂ ਤੇ ਠੇਕੇਦਾਰਾਂ ਦਾ ਨੈੱਟਵਰਕ, ਪਲਾਇਨ, ਸਮਾਜਿਕ ਪਛੜੇਵਾਂ, ਤਸਕਰੀ ਅਤੇ ਇੱਕ ਕਮਜ਼ੋਰ ਪੁਲਿਸ ਤੰਤਰ ਸਭ ਮਿਲ ਕੇ ਇਸ ਸੰਕਟ ਨੂੰ ਪੈਦਾ ਕਰਦੇ ਹਨ।"

ਅਰਚਨਾ ਅਨੁਸਾਰ ਰਾਜ ਸਰਕਾਰ ਨੇ ਯੋਜਨਾਵਾਂ ਤਾਂ ਬਹੁਤ ਸ਼ੁਰੂ ਕੀਤੀਆਂ ਹਨ ਪਰ ਅਸਲ ਸੁਧਾਰ ਉਦੋਂ ਹੋਵੇਗਾ ਜਦੋਂ ਲਾਪਤਾ ਔਰਤਾਂ ਦੇ ਮਾਮਲਿਆਂ ਨੂੰ ਅਪਰਾਧ ਦੀ ਗੰਭੀਰਤਾ ਨਾਲ ਦੇਖਿਆ ਜਾਵੇ। ਇਸ ਤੋਂ ਇਲਾਵਾ, ਜਿਨ੍ਹਾਂ ਕੁੜੀਆਂ ਨੂੰ ਲੱਭ ਲਿਆ ਜਾਂਦਾ ਹੈ, ਉਨ੍ਹਾਂ ਦੇ ਸਮਾਜ ਵਿੱਚ ਵਾਪਸ ਘੁਲਣ-ਮਿਲਣ ਅਤੇ ਆਮ ਜ਼ਿੰਦਗੀ ਵਿੱਚ ਪਰਤਣ ਬਾਰੇ ਅਰਚਨਾ ਕਹਿੰਦੇ ਹਨ ਕਿ ਇਸ ਮਾਮਲੇ ਵਿੱਚ ਸਥਿਤੀ ਅਜੇ ਖ਼ਰਾਬ ਹੈ।

ਉਨ੍ਹਾਂ ਦੱਸਿਆ, "ਪੁਲਿਸ ਜੇਕਰ ਕੁੜੀਆਂ ਨੂੰ ਲੱਭ ਵੀ ਲੈਂਦੀ ਹੈ ਤਾਂ ਵੀ ਉਹ ਆਮ ਜ਼ਿੰਦਗੀ ਜੀ ਸਕਣਗੀਆਂ ਇਸ ਦੀ ਕੋਈ ਗਾਰੰਟੀ ਨਹੀਂ ਹੁੰਦੀ। ਸਰਕਾਰ ਦੇ ਪੱਧਰ 'ਤੇ ਉਨ੍ਹਾਂ ਕੁੜੀਆਂ ਦੇ ਮੁੜ ਵਸੇਬੇ ਲਈ ਚੁੱਕੇ ਜਾ ਰਹੇ ਕਦਮ ਕਾਫ਼ੀ ਨਹੀਂ ਹਨ।"

"ਉਨ੍ਹਾਂ ਨੂੰ ਸਿੱਖਿਆ ਵਿੱਚ ਮਦਦ, ਕਾਊਂਸਲਿੰਗ, ਸਮੇਂ-ਸਮੇਂ 'ਤੇ ਉਨ੍ਹਾਂ ਦੀ ਸਥਿਤੀ ਦਾ ਜਾਇਜ਼ਾ ਲੈਣ ਅਤੇ ਵਾਪਸ ਪਰਤਣ ਤੋਂ ਬਾਅਦ ਕਿਸੇ ਵੀ ਤਰ੍ਹਾਂ ਦੀ ਅਣਦੇਖੀ ਨਾ ਹੋਵੇ, ਇਸ ਦਾ ਧਿਆਨ ਰੱਖਣ ਲਈ ਬੁਨਿਆਦੀ ਸੁਧਾਰ ਕਰਨੇ ਹੋਣਗੇ।" ਕੁਮੋਦਿਨੀ ਦੀ ਕਹਾਣੀ, ਫੂਲ ਦੀ ਘਰ ਵਾਪਸੀ ਅਤੇ ਇਨ੍ਹਾਂ ਤੋਂ ਇਲਾਵਾ ਹਜ਼ਾਰਾਂ ਫਾਈਲਾਂ ਵਿੱਚ ਦਰਜ ਨਾਮ, ਮਿਲ ਕੇ ਔਰਤਾਂ ਦੇ ਲਾਪਤਾ ਹੋਣ ਦੀ ਇੱਕ ਅਜਿਹੀ ਤਸਵੀਰ ਪੇਸ਼ ਕਰਦੇ ਹਨ ਜਿਸ ਨੂੰ ਅਣਦੇਖਾ ਕਰਨਾ ਮੁਸ਼ਕਲ ਹੈ। ਮੱਧ ਪ੍ਰਦੇਸ਼ ਦੇ ਹਰ ਜ਼ਿਲ੍ਹੇ ਵਿੱਚ ਸੈਂਕੜੇ ਪਰਿਵਾਰ ਹਰ ਸ਼ਾਮ ਦਰਵਾਜ਼ੇ 'ਤੇ ਨਜ਼ਰ ਟਿਕਾਈ ਇਹ ਉਮੀਦ ਲਗਾਈ ਮਿਲ ਜਾਣਗੇ ਕਿ ਉਨ੍ਹਾਂ ਦੀ ਧੀ ਜਾਂ ਭੈਣ ਇੱਕ ਦਿਨ ਅਚਾਨਕ ਪਰਤ ਆਵੇਗੀ। ਪਰ ਪਰਤ ਕੇ ਆਉਣ ਵਾਲੀਆਂ ਕੁੜੀਆਂ ਗਿਣੀਆਂ-ਚੁਣੀਆਂ ਹੀ ਹਨ। ਬਾਕੀ ਕਹਾਣੀ ਇੰਤਜ਼ਾਰ, ਅਧੂਰੀ ਭਾਲ ਅਤੇ ਇੱਕ ਅਜਿਹੇ ਸਿਸਟਮ ਦੀ ਹੈ ਜਿਸ ਕੋਲ ਜਵਾਬਾਂ ਨਾਲੋਂ ਜ਼ਿਆਦਾ ਖ਼ਾਮੋਸ਼ੀ ਹੈ।

# ਐਪਸਟੀਨ ਨਾਲ ਜੁੜੀਆਂ ਫਾਈਲਾਂ 'ਚ ਅਜਿਹਾ ਕੀ ਹੈ?



ਐਪਸਟੀਨ ਫਾਈਲਾਂ" ਸ਼ਬਦ ਮਹੀਨਿਆਂ ਤੋਂ ਟਰੰਪ ਪ੍ਰਸ਼ਾਸਨ ਨੂੰ ਪਰੇਸ਼ਾਨ ਕਰ ਰਿਹਾ ਹੈ। ਦੋਸ਼ੀ ਠਹਿਰਾਏ ਗਏ ਸੈਕਸ ਅਪਰਾਧੀ ਅਤੇ ਫਾਈਨੈਂਸਰ ਮਰਹੂਮ ਜੈਫਰੀ ਐਪਸਟੀਨ ਦੇ ਅਪਰਾਧਾਂ ਬਾਰੇ ਹੁੰਦੀ ਚਰਚਾ ਕਰਕੇ ਵਧ ਰਹੇ ਤਣਾਅ ਨਾਲ ਟਰੰਪ ਪ੍ਰਸ਼ਾਸਨ ਜੂਝ ਰਿਹਾ ਹੈ। ਰਾਸ਼ਟਰਪਤੀ ਡੌਨਲਡ ਟਰੰਪ ਦੇ ਆਪਣੇ ਸਮਰਥਕਾਂ ਅਤੇ ਉਨ੍ਹਾਂ ਦੀ ਰਿਪਬਲਿਕਨ ਪਾਰਟੀ ਦੇ ਅੰਦਰੋਂ ਦਬਾਅ ਵਧ ਰਿਹਾ ਸੀ ਕਿ ਉਹ ਐਪਸਟੀਨ ਦੀ ਸੰਘੀ ਜਾਂਚ ਵਿੱਚ ਜੋ ਸਾਹਮਣੇ ਆਇਆ ਹੈ, ਉਸ ਵਿੱਚ ਵਧੇਰੇ ਪਾਰਦਰਸ਼ਤਾ ਲਿਆਉਣ।

ਹਫ਼ਤਿਆਂ ਤੱਕ ਫਾਈਲ ਖੋਲ੍ਹਣ ਦਾ ਵਿਰੋਧ ਕਰਨ ਤੋਂ ਬਾਅਦ ਟਰੰਪ ਨੇ ਆਪਣਾ ਰੁਖ਼ ਬਦਲਿਆ ਅਤੇ ਰਿਪਬਲਿਕਨਾਂ ਨੂੰ ਐਪਸਟੀਨ ਦੀਆਂ ਫਾਈਲਾਂ ਨੂੰ ਜਨਤਕ ਜਾਂਚ ਲਈ ਖੋਲ੍ਹਣ ਲਈ ਵੋਟ ਪਾਉਣ ਦੀ ਅਪੀਲ ਕੀਤੀ। ਕਾਂਗਰਸ ਦੇ ਦੋਵੇਂ ਸਦਨ, ਅਮਰੀਕੀ ਸਰਕਾਰ ਦੀ ਵਿਧਾਨਕ ਸ਼ਾਖਾ, ਨੇ ਮੰਗਲਵਾਰ ਨੂੰ ਇੱਕ ਅਜਿਹੇ ਉਪਾਅ ਨੂੰ ਮਨਜ਼ੂਰੀ ਦੇਣ ਲਈ ਸਹਿਮਤ ਜਤਾਈ ਜੋ ਅਮਰੀਕੀ ਨਿਆਂ ਵਿਭਾਗ ਨੂੰ ਐਪਸਟੀਨ ਜਾਂਚ ਨਾਲ ਸਬੰਧਤ ਸਾਰੀਆਂ ਫਾਈਲਾਂ ਜਾਰੀ ਕਰਨ ਲਈ ਮਜਬੂਰ ਕਰਦਾ ਹੈ। ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਉਨ੍ਹਾਂ ਨੇ ਇੱਕ ਬਿੱਲ 'ਤੇ ਦਸਤਖ਼ਤ ਕੀਤੇ ਹਨ ਜਿਸ ਵਿੱਚ ਦੋਸ਼ੀ ਠਹਿਰਾਏ ਗਏ ਮਰਹੂਮ ਜਿਨਸੀ ਅਪਰਾਧੀ ਜੈਫਰੀ ਐਪਸਟੀਨ ਨਾਲ ਸਬੰਧਤ ਸਾਰੀਆਂ ਫਾਈਲਾਂ ਜਾਰੀ ਕਰਨ ਦਾ ਆਦੇਸ਼ ਦਿੱਤਾ ਗਿਆ ਹੈ। ਬਿੱਲ ਮੁਤਾਬਕ ਨਿਆਂ ਵਿਭਾਗ ਨੂੰ ਆਪਣੀ ਐਪਸਟੀਨ ਜਾਂਚ ਤੋਂ ਹਾਸਲ ਸਾਰੀ ਜਾਣਕਾਰੀ 30 ਦਿਨਾਂ ਦੇ ਅੰਦਰ "ਖੋਜਣਯੋਗ ਅਤੇ ਡਾਊਨਲੋਡ ਕਰਨ ਯੋਗ ਫਾਰਮੈਟ ਵਿੱਚ" ਜਾਰੀ ਕਰਨੀ ਹੋਵੇਗੀ।

### ਐਪਸਟੀਨ ਦੀਆਂ ਫਾਈਲਾਂ ਕੀ ਹਨ?

2008 ਵਿੱਚ ਇੱਕ 14 ਸਾਲ ਦੀ ਕੁੜੀ ਦੇ ਮਾਪਿਆਂ ਨੇ ਫਲੋਰੀਡਾ ਵਿੱਚ ਪੁਲਿਸ ਨੂੰ ਦੱਸਿਆ ਕਿ ਐਪਸਟੀਨ ਨੇ ਪਾਮ ਬੀਚ ਵਿਚਾਲੇ ਸਥਿਤ ਘਰ ਵਿੱਚ ਉਨ੍ਹਾਂ ਦੀ ਬੇਟੀ ਦੇ ਨਾਲ ਛੇੜਛਾੜ ਕੀਤੀ ਸੀ, ਜਿਸ ਤੋਂ ਬਾਅਦ ਐਪਸਟੀਨ ਦਾ ਸਰਕਾਰੀ ਵਕੀਲਾਂ ਨਾਲ ਇੱਕ ਸੌਦਾ ਸੀ। ਘਰ ਵਿੱਚ ਕੁੜੀਆਂ ਦੀਆਂ ਤਸਵੀਰਾਂ ਮਿਲੀਆਂ ਅਤੇ ਉਸ ਨੂੰ ਇੱਕ ਨਾਬਾਲਗ ਤੋਂ ਵੇਸਵਾਗਮਨੀ ਲਈ ਉਕਸਾਉਣ ਦਾ ਦੋਸ਼ੀ ਠਹਿਰਾਇਆ ਗਿਆ, ਜਿਸ ਲਈ ਉਸ ਨੂੰ ਇੱਕ ਸੈਕਸ ਅਪਰਾਧੀ ਵਜੋਂ ਦਰਜ ਕੀਤਾ ਗਿਆ ਅਤੇ ਸੌਦੇ ਦੇ ਨਤੀਜੇ ਵਜੋਂ ਉਹ ਵੱਡੀ ਜੇਲ੍ਹ ਦੀ ਸਜ਼ਾ ਤੋਂ ਬਚ ਗਿਆ।

ਗਿਆਰਾਂ ਸਾਲ ਬਾਅਦ, ਉਸ 'ਤੇ ਜਿਨਸੀ ਸ਼ੋਸ਼ਣ ਲਈ ਨਾਬਾਲਗ ਕੁੜੀਆਂ ਦਾ ਨੈੱਟਵਰਕ ਚਲਾਉਣ ਦਾ ਚਾਰਜ ਲਗਾਇਆ ਗਿਆ। ਮੁਕੱਦਮੇ ਦੀ ਉਡੀਕ ਕਰਦੇ ਹੋਏ ਉਸ ਦੀ ਜੇਲ੍ਹ ਵਿੱਚ ਮੌਤ ਹੋ ਗਈ ਅਤੇ ਉਸ ਦੀ ਮੌਤ ਨੂੰ ਖੁਦਕੁਸ਼ੀ ਕਰਾਰ ਦਿੱਤਾ ਗਿਆ। ਇਨ੍ਹਾਂ ਦੋ ਅਪਰਾਧਿਕ ਜਾਂਚਾਂ ਦੌਰਾਨ ਦਸਤਾਵੇਜ਼ਾਂ ਦਾ ਇੱਕ ਵਿਸ਼ਾਲ ਭੰਡਾਰ ਇਕੱਠਾ ਹੋਇਆ, ਜਿਸ ਵਿੱਚ ਪੀੜਤਾਂ ਅਤੇ ਗਵਾਹਾਂ ਨਾਲ ਇੰਟਰਵਿਊਆਂ ਦੀਆਂ ਟ੍ਰਾਂਸਕ੍ਰਿਪਟਾਂ ਅਤੇ ਦੋਸ਼ੀ ਦੀਆਂ ਵੱਖ-ਵੱਖ ਜਾਇਦਾਦਾਂ 'ਤੇ ਛਾਪੇਮਾਰੀ ਦੌਰਾਨ ਜ਼ਬਤ ਕੀਤੀਆਂ ਗਈਆਂ ਚੀਜ਼ਾਂ ਸ਼ਾਮਲ ਹਨ।

ਇੱਕ ਵੱਖਰੀ ਜਾਂਚ ਵਿੱਚ ਉਸ ਦੀ ਬ੍ਰਿਟਿਸ਼ ਸਹਿ-ਸਾਜ਼ਿਸ਼ਕਰਤਾ ਅਤੇ ਸਾਬਕਾ ਪ੍ਰੇਮਿਕਾ, ਘਿਸਲੇਨ ਮੈਕਸਵੈੱਲ ਵੀ ਸ਼ਾਮਲ ਸੀ, ਜਿਸ ਨੂੰ 2021 ਵਿੱਚ ਐਪਸਟੀਨ ਨਾਲ ਸਾਜ਼ਿਸ਼ ਰਚਣ ਅਤੇ ਜਿਨਸੀ ਸ਼ੋਸ਼ਣ ਲਈ ਕੁੜੀਆਂ ਦੀ ਤਸਕਰੀ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ। ਐਪਸਟੀਨ ਅਤੇ ਮੈਕਸਵੈੱਲ ਸਿਵਲ ਮੁਕੱਦਮਿਆਂ ਦਾ ਵੀ ਸਾਹਮਣਾ ਕਰ ਰਹੇ ਸਨ।

### ਐਪਸਟੀਨ ਬਾਰੇ ਕੀ ਜਾਰੀ ਕੀਤਾ ਗਿਆ ਹੈ?

ਸਾਲਾਂ ਦੌਰਾਨ, ਕੁਝ ਸਮੱਗਰੀ ਵੱਖ-ਵੱਖ ਪੜਾਵਾਂ 'ਤੇ ਜਨਤਕ ਖੇਤਰ ਵਿੱਚ ਪੇਸ਼ ਕੀਤੀ ਗਈ ਹੈ। ਪਿਛਲੇ ਹਫ਼ਤੇ, ਹਾਊਸ ਵਰਸਾਈਟ ਕਮੇਟੀ ਨੇ ਐਪਸਟੀਨ ਦੀ ਜਾਇਦਾਦ ਨਾਲ ਸਬੰਧਤ ਹਜ਼ਾਰਾਂ ਦਸਤਾਵੇਜ਼ ਜਾਰੀ ਕੀਤੇ, ਜ਼ਿਆਦਾਤਰ ਈਮੇਲ। ਇਸ ਸਾਲ ਦੇ ਸ਼ੁਰੂ ਵਿੱਚ ਐਪਸਟੀਨ ਦੀ ਜਾਇਦਾਦ ਨੂੰ ਸੰਮਨ ਭੇਜਣ ਤੋਂ ਬਾਅਦ ਹਾਊਸ ਵਰਸਾਈਟ ਕਮੇਟੀ ਦੁਆਰਾ ਜਾਰੀ ਕੀਤਾ ਗਿਆ ਇਹ ਪਹਿਲਾ ਦਸਤਾਵੇਜ਼ ਨਹੀਂ ਸੀ। ਸਤੰਬਰ ਵਿੱਚ ਪਹਿਲਾਂ ਜਾਰੀ ਕੀਤੀ ਗਈ ਇੱਕ ਕਿਤਾਬ ਵਿੱਚ ਐਪਸਟੀਨ ਨੂੰ ਸੰਬੋਧਿਤ ਇੱਕ ਨੋਟ ਸੀ, ਜਿਸ ਵਿੱਚ ਟਰੰਪ ਦਾ ਨਾਮ ਸੀ, ਹਾਲਾਂਕਿ ਟਰੰਪ ਨੇ ਇਹ ਨੋਟ ਲਿਖਣ ਤੋਂ ਇਨਕਾਰ ਕਰ ਦਿੱਤਾ ਹੈ। ਫਰਵਰੀ ਵਿੱਚ, ਟਰੰਪ ਦੇ ਅਹੁਦਾ ਸੰਭਾਲਣ ਤੋਂ ਹਫ਼ਤਿਆਂ ਬਾਅਦ ਨਿਆਂ ਵਿਭਾਗ ਅਤੇ ਐੱਫਬੀਆਈ ਨੇ "ਐਪਸਟੀਨ ਦੀਆਂ ਗੁਪਤ ਫਾਈਲਾਂ ਦਾ ਪਹਿਲਾ ਪੜਾਅ" ਨਾਮ ਦਾ ਇੱਕ ਕਿਤਾਬਚਾ ਜਾਰੀ ਕੀਤਾ। ਸੱਜੇ-ਪੱਖੀ ਪ੍ਰਭਾਵਕਾਂ ਦੇ ਇੱਕ ਸਮੂਹ ਨੂੰ ਵ੍ਹਾਈਟ ਹਾਊਸ ਵਿੱਚ ਸੱਦਾ ਦਿੱਤਾ ਗਿਆ ਸੀ, ਪਰ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਨੂੰ ਸੌਂਪੀ ਗਈ 341 ਪੰਨਿਆਂ ਦੀ ਸਮੱਗਰੀ ਵਿੱਚੋਂ ਜ਼ਿਆਦਾਤਰ ਪਹਿਲਾਂ ਹੀ ਜਨਤਕ ਸੀ, ਤਾਂ ਉਹ ਨਿਰਾਸ਼ ਹੋ ਗਏ। ਇਸ ਵਿੱਚ ਐਪਸਟੀਨ ਦੇ ਫਲਾਈਟ ਲੌਗ ਅਤੇ ਉਸ ਦੀ ਸੰਪਰਕ ਕਿਤਾਬ ਦਾ ਇੱਕ ਸੋਧਿਆ ਹੋਇਆ ਸੰਸਕਰਣ ਸ਼ਾਮਲ ਸੀ, ਜਿਸ ਵਿੱਚ ਉਨ੍ਹਾਂ ਮਸ਼ਹੂਰ ਲੋਕਾਂ ਦੇ ਨਾਮ ਸਨ ਜਿਨ੍ਹਾਂ ਨੂੰ ਉਹ ਜਾਣਦਾ ਸੀ। ਜੁਲਾਈ ਵਿੱਚ ਨਿਆਂ ਵਿਭਾਗ ਅਤੇ ਐੱਫਬੀਆਈ ਨੇ ਇੱਕ ਮੀਮੋ ਵਿੱਚ ਕਿਹਾ ਸੀ ਕਿ ਕੋਈ ਹੋਰ ਸਮੱਗਰੀ ਜਾਰੀ ਨਹੀਂ ਕੀਤੀ ਜਾਵੇਗੀ।

### ਐਪਸਟੀਨ ਫਾਈਲਾਂ ਵਿੱਚ ਕਿਸਦਾ ਨਾਮ ਹੈ?

ਜਾਰੀ ਨਾ ਕੀਤੇ ਗਏ ਦਸਤਾਵੇਜ਼ਾਂ ਦੀ ਸਮੱਗਰੀ ਅਣਜਾਣ ਹੈ। ਦਿ ਵਾਲ ਸਟਰੀਟ ਜਰਨਲ ਦੇ ਅਨੁਸਾਰ, ਮਈ ਵਿੱਚ ਅਟਾਰਨੀ ਜਨਰਲ ਪੈਮ ਬੋਂਡੀ ਨੇ ਟਰੰਪ ਨੂੰ ਦੱਸਿਆ ਕਿ ਉਸ ਦਾ ਨਾਮ ਐੱਫਬੀਆਈ ਦਸਤਾਵੇਜ਼ਾਂ ਵਿੱਚ ਹੈ। ਉਹ ਐਪਸਟੀਨ ਦਾ ਦੋਸਤ ਹੁੰਦਾ ਸੀ ਅਤੇ ਅਖ਼ਬਾਰ ਨੇ ਲਿਖਿਆ ਕਿ ਫਾਈਲਾਂ ਵਿੱਚ ਉਸ ਦੇ ਨਾਮ ਉੱਤੇ ਕਿਸੇ ਗ਼ਲਤ ਕੰਮ ਦਾ ਸਬੂਤ ਨਹੀਂ ਹੈ। ਵ੍ਹਾਈਟ ਹਾਊਸ ਦੇ ਇੱਕ ਬੁਲਾਰੇ ਨੇ ਰਿਪੋਰਟ ਨੂੰ "ਜਾਅਲੀ" ਕਿਹਾ, ਹਾਲਾਂਕਿ ਇੱਕ ਅਧਿਕਾਰੀ ਨੇ ਬਿਨਾਂ ਨਾਮ ਦੱਸੇ ਰਾਇਟਰਜ਼ ਨਾਲ ਗੱਲ ਕਰਦਿਆਂ ਕਿਹਾ ਕਿ ਪ੍ਰਸ਼ਾਸਨ ਨੇ ਇਸ ਗੱਲ 'ਤੇ ਵਿਵਾਦ ਨਹੀਂ ਕੀਤਾ ਕਿ ਟਰੰਪ ਦਾ ਨਾਮ ਸ਼ਾਮਲ ਕੀਤਾ ਗਿਆ ਸੀ।

ਜਨਤਕ ਖੇਤਰ ਵਿੱਚ ਮੌਜੂਦਾ ਸਮੱਗਰੀ ਐਪਸਟੀਨ ਨਾਲ ਜੁੜੇ ਕਈ ਉੱਚ-ਪ੍ਰੋਫਾਈਲ ਵਿਅਕਤੀਆਂ ਦਾ ਜ਼ਿਕਰ ਕਰਦੀ ਹੈ। ਫਿਰ ਵੀ, ਇਸਦਾ ਮਤਲਬ ਇਹ ਨਹੀਂ ਹੈ ਕਿ ਉਨ੍ਹਾਂ ਨੇ ਕੋਈ ਗ਼ਲਤ ਕੰਮ ਕੀਤਾ ਹੈ। 2024 ਵਿੱਚ ਜਾਰੀ ਕੀਤੇ ਗਏ ਅਦਾਲਤੀ ਦਸਤਾਵੇਜ਼ਾਂ ਵਿੱਚ ਦਰਜਨਾਂ ਨਾਮ ਸਾਹਮਣੇ ਆਏ, ਜਿਨ੍ਹਾਂ ਵਿੱਚ ਸਾਬਕਾ ਪ੍ਰਿੰਸ ਅਤੇ ਕਿੰਗ ਚਾਰਲਸ ਦੇ ਭਰਾ ਐਂਡਰਿਊ ਮਾਊਂਟਬੈਟਨ-ਵਿੰਡਸਰ, ਸਾਬਕਾ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਅਤੇ ਮਾਈਕਲ ਜੈਕਸਨ ਸ਼ਾਮਲ ਹਨ।

ਕਲਿੰਟਨ ਅਤੇ ਬ੍ਰਿਟਿਸ਼ ਸ਼ਾਹੀ ਪਰਿਵਾਰ ਦੋਵਾਂ ਨੇ ਐਪਸਟੀਨ ਦੇ ਅਪਰਾਧਾਂ ਬਾਰੇ ਕਿਸੇ ਵੀ ਜਾਣਕਾਰੀ ਤੋਂ ਇਨਕਾਰ ਕੀਤਾ ਹੈ। ਜੈਕਸਨ ਦੀ ਮੌਤ 2009 ਵਿੱਚ ਹੋਈ ਸੀ। ਇਨ੍ਹਾਂ ਦਸਤਾਵੇਜ਼ਾਂ ਦਾ ਪ੍ਰਕਾਸ਼ਨ ਐਪਸਟੀਨ ਦੀ ਸਾਬਕਾ ਪ੍ਰੇਮਿਕਾ, ਘਿਸਲੇਨ ਮੈਕਸਵੈੱਲ ਦੇ ਮਾਮਲੇ ਨਾਲ ਸਬੰਧਤ ਹੈ, ਜੋ ਕਿ ਬਾਲ ਸੈਕਸ ਤਸਕਰੀ ਲਈ 20 ਸਾਲ ਦੀ ਕੈਦ ਦੀ ਸਜ਼ਾ ਕੱਟ ਰਹੀ ਹੈ। ਸਤੰਬਰ ਵਿੱਚ ਜਾਰੀ ਕੀਤੇ ਗਏ ਫਲਾਈਟ ਲੌਗ ਵਿੱਚ ਅਰਬਪਤੀ ਇਲੋਨ ਮਸਕ ਅਤੇ ਮਾਊਂਟਬੈਟਨ-ਵਿੰਡਸਰ ਦੇ ਨਾਮ ਸ਼ਾਮਲ ਸਨ। ਮਾਊਂਟਬੈਟਨ-ਵਿੰਡਸਰ ਨੇ ਪਹਿਲਾਂ ਕਿਸੇ ਵੀ ਗ਼ਲਤ ਕੰਮ ਤੋਂ ਇਨਕਾਰ ਕੀਤਾ ਹੈ। ਮਸਕ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਐਪਸਟੀਨ ਨੇ ਉਸ ਨੂੰ ਟਾਪੂ 'ਤੇ ਸੱਦਾ ਦਿੱਤਾ ਸੀ, ਪਰ ਉਸ ਨੇ ਇਨਕਾਰ ਕਰ ਦਿੱਤਾ। 12 ਨਵੰਬਰ ਨੂੰ ਜਾਰੀ ਕੀਤੇ ਗਏ ਅਤੇ ਐਪਸਟੀਨ ਦੀ ਜਾਇਦਾਦ ਨਾਲ ਸਬੰਧਤ ਈਮੇਲਾਂ ਦੇ ਨਵੀਨਤਮ ਗਰੁੱਪ ਵਿੱਚ ਸਾਬਕਾ ਕਲਿੰਟਨ ਖਜ਼ਾਨਾ ਸਕੱਤਰ ਲੈਰੀ ਸਮਰਸ ਅਤੇ ਸਾਬਕਾ ਟਰੰਪ ਸਹਾਇਕ ਸਟੀਵ ਬੈਨਨ ਵੀ ਸ਼ਾਮਲ ਸਨ। ਲੈਰੀ ਸਮਰਸ ਨੇ ਬਾਅਦ ਵਿੱਚ ਜਨਤਕ ਵਚਨਬੱਧਤਾਵਾਂ ਤੋਂ ਪਿੱਛੇ ਹਟਦੇ ਹੋਏ ਇੱਕ ਬਿਆਨ ਵਿੱਚ ਲਿਖਿਆ, "ਮੈਂ ਐਪਸਟੀਨ ਨਾਲ ਸੰਚਾਰ ਜਾਰੀ ਰੱਖਣ ਦੇ ਆਪਣੇ ਗ਼ਲਤ ਫ਼ੈਸਲੇ ਦੀ ਪੂਰੀ ਜ਼ਿੰਮੇਵਾਰੀ ਲੈਂਦਾ ਹਾਂ।"

ਬੈਨਨ, ਜਿਸ 'ਤੇ ਕਿਸੇ ਗ਼ਲਤ ਕੰਮ ਦਾ ਇਲਜ਼ਾਮ ਨਹੀਂ ਲਗਾਇਆ ਗਿਆ ਹੈ, ਨੇ ਟਿੱਪਣੀ ਲਈ ਬੀਬੀਸੀ ਦੀ ਬੇਨਤੀ ਦਾ ਜਵਾਬ ਨਹੀਂ ਦਿੱਤਾ। ਟਰੰਪ ਦਾ ਨਾਮ ਵੀ ਉਸ ਤਾਜ਼ਾ ਰਿਲੀਜ਼ ਵਿੱਚ ਕਈ ਵਾਰ ਆਇਆ ਸੀ। ਉਨ੍ਹਾਂ ਨੇ ਲਗਾਤਾਰ ਕਿਸੇ ਵੀ ਗ਼ਲਤ ਕੰਮ ਤੋਂ ਇਨਕਾਰ ਕੀਤਾ ਹੈ। ਹੁਣ ਕੀ ਹੁੰਦਾ ਹੈ ਜਦੋਂ ਹਾਊਸ ਅਤੇ ਸੈਨੇਟ ਨੇ ਰਿਹਾਈ ਨੂੰ ਮਨਜ਼ੂਰੀ ਦੇ ਦਿੱਤੀ ਹੈ? ਪ੍ਰਤੀਨਿਧੀਆਂ ਦੇ ਹਾਊਸ ਵਿੱਚ ਵੋਟਿੰਗ ਇੱਕ ਡਿਸਚਾਰਜ ਪਟੀਸ਼ਨ 'ਤੇ 218ਵੇਂ ਦਸਤਖ਼ਤ ਮਿਲਣ ਤੋਂ ਬਾਅਦ ਹੋਈ, ਜਿਸ ਨਾਲ ਹਾਊਸ ਵਿੱਚ ਕਾਰਵਾਈ ਸ਼ੁਰੂ ਹੋਈ। ਚਾਰ ਰਿਪਬਲਿਕਨ ਅਤੇ ਹਾਊਸ ਦੇ ਸਾਰੇ 214 ਡੈਮੋਕਰੇਟਸ ਨੇ ਪਟੀਸ਼ਨ 'ਤੇ ਦਸਤਖ਼ਤ ਕੀਤੇ।

ਫਾਈਲਾਂ ਨੂੰ ਜਾਰੀ ਕਰਨ ਲਈ ਵੋਟਿੰਗ 18 ਨਵੰਬਰ ਨੂੰ ਹੋਈ ਸੀ ਅਤੇ ਬਿੱਲ ਨੂੰ ਹਾਊਸ ਨੇ 427-1 ਦੇ ਫਰਕ ਨਾਲ ਪਾਸ ਕਰ ਦਿੱਤਾ। ਲੁਈਸਿਆਨਾ ਦੇ ਰਿਪਬਲਿਕਨ ਕਾਂਗਰਸਮੈਨ ਕਲੇ ਹਿਗਿੰਸ ਇਸ ਦੇ ਵਿਰੁੱਧ ਵੋਟ ਪਾਉਣ ਵਾਲੇ ਇਕਲੌਤੇ ਸਨ। ਕੁਝ ਗ਼ੈਰ-ਹਾਜ਼ਰ ਰਹੇ। ਕਾਂਗਰਸ ਦੇ ਹੇਠਲੇ ਸਦਨ ਵੱਲੋਂ ਬਿੱਲ ਪਾਸ ਹੋਣ ਤੋਂ ਬਾਅਦ ਇਹ ਤੁਰੰਤ ਸੈਨੇਟ ਵਿੱਚ ਪਹੁੰਚਿਆ, ਜਿੱਥੇ ਇਹ ਸਰਬਸੰਮਤੀ ਨਾਲ ਪਾਸ ਹੋ ਗਿਆ, ਇੱਕ ਪ੍ਰਕਿਰਿਆ ਜੋ ਵਿਧਾਨਕ ਪ੍ਰਕਿਰਿਆ ਜੋ ਬਿਨਾਂ ਕਿਸੇ ਇਤਰਾਜ਼ ਦੇ ਵਿਧਾਇਕ ਪ੍ਰਕਿਰਿਆ ਨੂੰ ਤੇਜ਼ ਕਰਦਾ ਹੈ। ਪਹਿਲਾਂ, ਰਿਪਬਲਿਕਨ ਸੈਨੇਟਰਾਂ ਨੇ ਆਪਣੀ ਸਥਿਤੀ ਨਹੀਂ ਦੱਸੀ ਸੀ। ਸੈਨੇਟ ਵੱਲੋਂ ਬਿਨਾਂ ਕਿਸੇ ਇਤਰਾਜ਼ ਦੇ ਪਾਸ ਹੋਣ ਤੋਂ ਬਾਅਦ ਬਿੱਲ ਰਾਸ਼ਟਰਪਤੀ ਕੋਲ ਗਿਆ।

### ਟਰੰਪ ਅਤੇ ਐਪਸਟੀਨ ਸਬੰਧ

ਅਜਿਹਾ ਲੱਗਦਾ ਹੈ ਕਿ ਟਰੰਪ ਅਤੇ ਐਪਸਟੀਨ ਕਈ ਸਾਲਾਂ ਤੋਂ ਦੋਸਤ ਹਨ ਅਤੇ ਉਨ੍ਹਾਂ ਦਾ ਸੋਸ਼ਲ ਸਰਕਲ ਇੱਕੋ ਜਿਹਾ ਜਾਪਦਾ ਹੈ। ਪਹਿਲਾਂ ਜਾਰੀ ਕੀਤੀਆਂ ਗਈਆਂ ਫਾਈਲਾਂ ਤੋਂ ਪਤਾ ਲੱਗਦਾ ਹੈ ਕਿ ਟਰੰਪ ਦੇ ਵੇਰਵੇ ਐਪਸਟੀਨ ਦੇ ਸੰਪਰਕਾਂ ਦੀ ਬਲੈਕ ਬੁੱਕ ਵਿੱਚ ਸਨ। ਫਲਾਈਟ ਲੌਗ ਵੀ ਟਰੰਪ ਨੂੰ ਕਈ ਮੌਕਿਆਂ 'ਤੇ ਐਪਸਟੀਨ ਦੇ ਜਹਾਜ਼ 'ਤੇ ਉੱਡਦੇ ਦਿਖਾਉਂਦੇ ਹਨ। 1990 ਦੇ ਦਹਾਕੇ ਵਿੱਚ ਕਈ ਅਲੀਟ ਸਮਾਗਮਾਂ ਵਿੱਚ ਉਨ੍ਹਾਂ ਦੀਆਂ ਫੋਟੋਆਂ ਖਿੱਚੀਆਂ ਗਈਆਂ ਸਨ ਅਤੇ ਸੀਐੱਨਐੱਨ ਦੁਆਰਾ ਪ੍ਰਕਾਸ਼ਿਤ ਫੋਟੋਆਂ ਵਿੱਚ ਐਪਸਟੀਨ ਨੂੰ ਟਰੰਪ ਦੇ ਉਨ੍ਹਾਂ ਦੀ ਤਤਕਾਲੀ ਪਤਨੀ, ਮਾਰਲਾ ਮੈਪਲਸ ਨਾਲ ਵਿਆਹ ਵਿੱਚ ਮੌਜੂਦ ਦਿਖਾਇਆ ਗਿਆ ਹੈ। 2002 ਵਿੱਚ ਟਰੰਪ ਨੇ ਐਪਸਟੀਨ ਨੂੰ ਇੱਕ "ਸ਼ਾਨਦਾਰ ਇਨਸਾਨ" ਦੱਸਿਆ। ਐਪਸਟੀਨ ਨੇ ਬਾਅਦ ਵਿੱਚ ਕਿਹਾ, "ਮੈਂ 10 ਸਾਲਾਂ ਲਈ ਡੌਨਲਡ ਦਾ ਸਭ ਤੋਂ ਨਜ਼ਦੀਕੀ ਦੋਸਤ ਸੀ।"

ਟਰੰਪ ਦੇ ਅਨੁਸਾਰ, ਉਨ੍ਹਾਂ ਦਾ 2000 ਦੇ ਦਹਾਕੇ ਦੇ ਸ਼ੁਰੂ ਵਿੱਚ ਐਪਸਟੀਨ ਦੀ ਪਹਿਲੀ ਗ੍ਰਿਫ਼ਤਾਰੀ ਤੋਂ ਦੋ ਸਾਲ ਪਹਿਲਾਂ ਝਗੜਾ ਹੋਇਆ ਸੀ। 2008 ਤੱਕ ਟਰੰਪ ਨੇ ਕਹਿਣਾ ਸ਼ੁਰੂ ਕੀਤਾ ਕਿ ਉਹ "ਉਨ੍ਹਾਂ ਦਾ ਪ੍ਰਸ਼ੰਸਕ ਨਹੀਂ ਹੈ।" ਵ੍ਹਾਈਟ ਹਾਊਸ ਨੇ ਸੁਝਾਅ ਦਿੱਤਾ ਹੈ ਕਿ ਉਨ੍ਹਾਂ ਵਿਚਕਾਰ ਦਰਾਰ ਐਪਸਟੀਨ ਦੇ ਵਿਵਹਾਰ ਨਾਲ ਸਬੰਧਤ ਸੀ ਅਤੇ "ਰਾਸ਼ਟਰਪਤੀ ਨੇ ਉਨ੍ਹਾਂ ਨੂੰ ਇੱਕ ਘਿਣਾਉਣਾ ਵਿਅਕਤੀ ਹੋਣ ਕਰਕੇ ਆਪਣੇ ਕਲੱਬ ਤੋਂ ਕੱਢ ਦਿੱਤਾ ਸੀ।" ਇਸ ਦੌਰਾਨ ਵਾਸ਼ਿੰਗਟਨ ਪੋਸਟ ਨੇ ਸੁਝਾਅ ਦਿੱਤਾ ਹੈ ਕਿ ਉਨ੍ਹਾਂ ਦੇ ਰਿਸ਼ਤੇ ਵਿੱਚ ਤਰੇੜ ਫਲੋਰੀਡਾ ਵਿੱਚ ਕੁਝ ਰੀਅਲ ਅਸਟੇਟ ਨੂੰ ਲੈ ਕੇ ਦੁਸ਼ਮਣੀ ਕਾਰਨ ਆਈ ਸੀ।

### ਲੋਕ ਐਪਸਟੀਨ ਵਿੱਚ ਇੰਨੀ ਦਿਲਚਸਪੀ ਕਿਉਂ ਰੱਖਦੇ ਹਨ?

ਟਰੰਪ ਦੇ ਐੱਮਏਜੀਏ ਅੰਦੋਲਨ ਦੇ ਕੱਟੜਪੰਥੀ ਮੈਂਬਰਾਂ ਦਾ ਲੰਬੇ ਸਮੇਂ ਤੋਂ ਮੰਨਣਾ ਹੈ ਕਿ ਅਧਿਕਾਰੀ ਐਪਸਟੀਨ ਦੇ ਜੀਵਨ ਅਤੇ ਮੌਤ ਬਾਰੇ ਮਹੱਤਵਪੂਰਨ ਸੱਚਾਈਆਂ ਨੂੰ ਛੁਪਾ ਰਹੇ ਹਨ। ਉਨ੍ਹਾਂ ਵਿੱਚੋਂ ਕੁਝ ਨੇ ਇਹ ਥਿਓਪੀ ਦਿੱਤੀ ਹੈ ਕਿ ਅਮਰੀਕੀ ਸਮਾਜ ਦੇ ਉੱਚ ਪੱਧਰਾਂ 'ਤੇ ਇੱਕ ਬਾਲ ਸ਼ੋਸ਼ਣ ਗੈਂਗ ਸਰਗਰਮ ਹੈ, ਜਿਸ ਨੂੰ ਰਾਜ ਦੁਆਰਾ ਸੁਰੱਖਿਅਤ ਰੱਖਿਆ ਜਾਂਦਾ ਹੈ। ਇਹ ਥਿ ਰੀ ਕਿਊ ਵਜੋਂ ਜਾਣੀ ਜਾਂਦੀ ਇੱਕ ਉਪਨਾਮ ਸ਼ਖਸੀਅਤ ਦੁਆਰਾ ਪੋਸਟ ਕੀਤੇ ਗਏ ਅਗਿਆਤ ਸੁਨੇਹਿਆਂ ਰਾਹੀਂ ਫੈਲੀ। ਕੁਝ ਐੱਮਏਜੀਏ ਇਨਫਲੂਐਂਸਰਾਂ ਦੁਆਰਾ ਪ੍ਰਚਾਰਿਤ ਇੱਕ ਕੌਨਸੀਪ੍ਰੇਸੀ ਥਿ ਰੀ ਦੇ ਅਨੁਸਾਰ, ਐਪਸਟੀਨ ਇਜ਼ਰਾਈਲੀ ਸਰਕਾਰ ਦਾ ਏਜੰਟ ਸੀ। ਟਰੰਪ ਦੇ ਕੁਝ ਸਹਿਯੋਗੀਆਂ ਨੇ ਇਸ ਪ੍ਰਤੀਕਰਮ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ। ਪਿਛਲੇ ਮਹੀਨੇ, ਰਿਪਬਲਿਕਨ ਹਾਊਸ ਨੇ ਸਦਨ ਲਈ ਸਮੇਂ ਤੋਂ ਪਹਿਲਾਂ ਛੁੱਟੀ ਦਾ ਐਲਾਨ ਕੀਤਾ, ਜਿਸ ਵਿੱਚ ਐਪਸਟੀਨ ਸਬੰਧੀ ਦਸਤਾਵੇਜ਼ਾਂ ਨੂੰ 30 ਦਿਨਾਂ ਦੇ ਅੰਦਰ ਜਾਰੀ ਕਰਨ ਦੀਆਂ ਕੋਸ਼ਿਸ਼ਾਂ ਨੂੰ ਰੋਕ ਦਿੱਤਾ ਗਿਆ ਸੀ। ਐਪਸਟੀਨ ਬਾਰੇ ਬਹੁਤ ਸਾਰੇ ਸਵਾਲ ਆਮ ਲੋਕਾਂ ਵੱਲੋਂ ਵੀ ਪੁੱਛੇ ਜਾਂਦੇ ਹਨ, ਖ਼ਾਸ ਤੌਰ 'ਤੇ, ਫਲੋਰੀਡਾ ਵਿੱਚ ਉਨ੍ਹਾਂ ਨੂੰ ਇੰਨੀ ਹਲਕੀ ਸਜ਼ਾ ਕਿਉਂ ਦਿੱਤੀ ਗਈ, ਕੀ ਉਹ ਅਤੇ ਮੈਕਸਵੈੱਲ ਸੱਚਮੁੱਚ ਇਕੱਲੇ ਕੰਮ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਜੇਲ੍ਹ ਵਿੱਚ ਆਪਣੀ ਜਾਨ ਲੈਣ ਦੀ ਇਜਾਜ਼ਤ ਕਿਵੇਂ ਦਿੱਤੀ ਗਈ।

# ਲੰਮੀ ਟਰੇਨਿੰਗ, ਪ੍ਰੀਖਿਆਵਾਂ ਅਤੇ ਤਜਰਬੇ ਨਾਲ ਬਣਦੇ ਨੇ ਪਾਇਲਟ

(ਸਫਾ 17 ਦੀ ਬਾਕੀ)

ਦੱਸਦੇ ਹਨ, "ਇਹ ਗ੍ਰੈਜੂਏਸ਼ਨ ਵਰਗਾ ਨਹੀਂ ਹੈ, ਜਿੱਥੇ ਹਰ ਵਿਦਿਆਰਥੀ ਕੋਲ ਤਿੰਨ-ਚਾਰ ਸਾਲਾਂ ਦਾ ਕੋਰਸ ਹੁੰਦਾ ਹੈ। ਇਸ ਦੀ ਬਜਾਇ ਉਮੀਦਵਾਰ ਕੋਲ 200 ਘੰਟੇ ਦੀ ਉਡਾਣ ਸਿਖਲਾਈ ਹੋਣੀ ਚਾਹੀਦੀ ਹੈ, ਜਿਸ ਦਾ ਮਤਲਬ ਹੈ ਜਹਾਜ਼ ਵਿੱਚ ਉਡਾਣ ਭਰਨ ਦਾ ਤਜਰਬਾ। ਕੁਝ ਲੋਕ ਇਸਨੂੰ ਦਸ ਮਹੀਨਿਆਂ ਵਿੱਚ ਪੂਰਾ ਕਰਦੇ ਹਨ, ਜਦੋਂ ਕਿ ਕੁਝ ਨੂੰ ਜ਼ਿਆਦਾ ਸਮਾਂ ਲੱਗ ਸਕਦਾ ਹੈ।"

ਸਿਖਲਾਈ ਤੋਂ ਬਾਅਦ ਉਮੀਦਵਾਰ ਕਿਸੇ ਵੀ ਏਅਰਲਾਈਨ ਕੰਪਨੀ ਵਿੱਚ ਕੰਮ ਕਰਨ ਦੇ ਯੋਗ ਹੁੰਦੇ ਹਨ ਜੋ ਪਾਇਲਟਾਂ ਦੀ ਭਰਤੀ ਕਰਦੀ ਹੈ। ਕੈਪਟਨ ਮੋਹਿਤ ਮੁਤਾਬਕ, ਜਦੋਂ ਕੋਈ ਪਾਇਲਟ ਕਿਸੇ ਏਅਰਲਾਈਨ ਕੰਪਨੀ ਵਿੱਚ ਸ਼ਾਮਲ ਹੁੰਦਾ ਹੈ, ਤਾਂ ਉਨ੍ਹਾਂ ਦਾ ਪਹਿਲਾ ਅਹੁਦਾ ਫ਼ਰਸਟ ਅਫਸਰ ਹੁੰਦਾ ਹੈ। ਉਹ ਜਹਾਜ਼ ਵਿੱਚ ਕੈਪਟਨ ਦੇ ਨਾਲ ਸਹਿ-ਪਾਇਲਟ ਵਜੋਂ ਕੰਮ ਕਰਦੇ ਹਨ। ਕੈਪਟਨ ਬਣਨ ਲਈ ਇੱਕ ਵੱਖਰਾ ਲਾਇਸੈਂਸ ਜ਼ਰੂਰੀ ਹੁੰਦਾ ਹੈ, ਜਿਸਨੂੰ ਏਟੀਪੀਐੱਲ ਯਾਨੀ ਏਅਰਲਾਈਨ ਟ੍ਰਾਂਸਪੋਰਟ ਪਾਇਲਟ ਲਾਇਸੈਂਸ ਕਿਹਾ ਜਾਂਦਾ ਹੈ।

ਇਹ ਲਾਇਸੈਂਸ ਪ੍ਰਾਪਤ ਕਰਨ ਲਈ, ਉਮੀਦਵਾਰਾਂ ਨੂੰ ਡੀਜੀਸੀਏ ਪ੍ਰੀਖਿਆ ਪਾਸ ਕਰਨੀ ਪੈਂਦੀ ਹੈ, ਜਿਸ ਵਿੱਚ ਨੈਵੀਗੇਸ਼ਨ, ਰੇਡੀ ਨੈਵੀਗੇਸ਼ਨ ਅਤੇ ਮੌਸਮ ਵਿਗਿਆਨ ਵਰਗੇ ਵਿਸ਼ੇ ਸ਼ਾਮਲ ਹੁੰਦੇ ਹਨ। ਹਾਲਾਂਕਿ, ਉਨ੍ਹਾਂ ਕੋਲ ਘੱਟੋ-ਘੱਟ 1,500 ਘੰਟੇ ਦਾ ਉਡਾਣ ਦਾ ਤਜਰਬਾ ਹੋਣਾ ਚਾਹੀਦਾ ਹੈ। ਇੱਕ ਵਾਰ ਖਾਲੀ ਅਸਾਮੀ ਉਪੱਲਬਧ ਹੋਣ 'ਤੇ ਤੁਹਾਨੂੰ ਅਰਜ਼ੀ ਦੇਣੀ ਪਵੇਗੀ ਅਤੇ ਫਿਰ ਸੰਬੰਧਿਤ ਏਅਰਲਾਈਨ ਕੰਪਨੀ ਇੱਕ ਲਿਖਤੀ ਪ੍ਰੀਖਿਆ ਕਰਵਾਏਗੀ। ਇਹ ਪ੍ਰੀਖਿਆਵਾਂ ਡੀਜੀਸੀਏ ਪ੍ਰੀਖਿਆ ਤੋਂ ਵੱਖਰੀਆਂ ਹਨ ਅਤੇ ਯੋਗਤਾ-ਅਧਾਰਿਤ ਹਨ।

ਕੈਪਟਨ ਮੋਹਿਤ ਕਹਿੰਦੇ ਹਨ, "ਇਸਨੂੰ ਇਸ ਤਰ੍ਹਾਂ ਸਮਝੋ, ਜੇਕਰ ਕਿਸੇ ਏਅਰਲਾਈਨ ਕੰਪਨੀ ਨੂੰ 300 ਪਾਇਲਟਾਂ ਦੀ ਲੋੜ ਹੁੰਦੀ ਹੈ ਅਤੇ 1000 ਨੇ ਪ੍ਰੀਖਿਆ ਦਿੱਤੀ ਹੁੰਦੀ ਹੈ, ਤਾਂ ਕੰਪਨੀ ਅਗਲੇ ਦੌਰ ਲਈ ਸਿਰਫ਼ ਉਨ੍ਹਾਂ ਨੂੰ ਹੀ ਬੁਲਾਏਗੀ ਜੋ ਸਭ ਤੋਂ ਵੱਧ ਅੰਕ ਪ੍ਰਾਪਤ ਕਰਦੇ ਹਨ।" "ਜਦੋਂ ਕਿ ਡੀਜੀਸੀਏ ਪ੍ਰੀਖਿਆ ਵਿੱਚ 70 ਅੰਕ ਪ੍ਰਾਪਤ ਕਰਨਾ ਜ਼ਰੂਰੀ ਹੈ, ਪਰ ਅਜਿਹਾ ਨਹੀਂ ਹੈ ਕਿ 80 ਜਾਂ 90 ਅੰਕ ਪ੍ਰਾਪਤ ਕਰਨ ਵਾਲਿਆਂ ਨੂੰ ਕੋਈ ਖ਼ਾਸ ਸਹੂਲਤ ਮਿਲਦੀ ਹੈ।"

### ਤਨਖ਼ਾਹ ਅਤੇ ਤਰੱਕੀ ਦੀ ਸੰਭਾਵਨਾ

ਇੱਕ ਪਾਇਲਟ ਨੇ ਸਾਨੂੰ ਦੱਸਿਆ ਕਿ ਭਾਰਤੀ ਹਵਾਬਾਜ਼ੀ ਜਗਤ ਵਿੱਚ ਇੱਕ ਪਾਇਲਟ ਦੀ ਤਨਖ਼ਾਹ ਵੀ ਕਾਫ਼ੀ ਚੰਗੀ ਹੈ। ਇਸ ਤੋਂ ਇਲਾਵਾ ਡੀਜੀਸੀਏ ਨੇ ਹੁਣ ਅਜਿਹੇ ਨਿਯਮ ਬਣਾਏ ਹਨ ਤਾਂ ਜੋ ਉਨ੍ਹਾਂ ਦੇ ਕੰਮਕਾਜੀ ਜੀਵਨ ਦਾ ਸੰਤੁਲਨ ਵੀ ਬਣਾਈ ਰੱਖਿਆ ਜਾ ਸਕੇ। ਕੈਪਟਨ ਮੋਹਿਤ ਮੁਤਾਬਕ, "ਇੱਕ ਪਾਇਲਟ ਨੂੰ 12 ਘੰਟੇ ਆਰਾਮ ਕਰਨਾ ਜ਼ਰੂਰੀ ਹੁੰਦਾ ਹੈ। ਜੇਕਰ ਅਸੀਂ ਹਵਾਈ ਅੱਡੇ ਤੋਂ ਆਉਣ-ਜਾਣ ਦੇ ਸਮੇਂ ਨੂੰ ਜੋੜਦੇ ਹਾਂ, ਤਾਂ ਇਹ ਤਕਰੀਬਨ 15 ਘੰਟਿਆਂ ਦਾ ਬ੍ਰੇਕ ਬਣਦਾ ਹੈ।"

"ਇਸ ਤੋਂ ਇਲਾਵਾ, ਹਫ਼ਤੇ ਵਿੱਚ ਇੱਕ ਵਾਰ ਪਾਇਲਟ ਨੂੰ 48 ਘੰਟੇ, ਜਾਂ ਦੋ ਦਿਨ ਦਾ ਲਗਾਤਾਰ ਬ੍ਰੇਕ ਲੈਣਾ ਚਾਹੀਦਾ ਹੈ। ਪਹਿਲਾਂ ਇਹ ਸਮਾਂ 36 ਘੰਟੇ ਸੀ।" ਇਸ ਦੇ ਨਾਲ ਹੀ ਜੇਕਰ ਅਸੀਂ ਤਨਖਾਹ ਦੀ ਗੱਲ ਕਰੀਏ, ਤਾਂ ਪਹਿਲੇ ਅਧਿਕਾਰੀ ਨੂੰ ਆਮ ਤੌਰ 'ਤੇ ਹਰ ਮਹੀਨੇ ਤਕਰੀਬਨ 1।25 ਤੋਂ 2।5 ਲੱਖ ਰੁਪਏ ਮਿਲਦੇ ਹਨ।

ਜੇਕਰ ਕੋਈ ਕੈਪਟਨ ਦਾ ਅਹੁਦਾ ਸੰਭਾਲਦਾ ਹੈ, ਤਾਂ ਇਹ ਰਕਮ ਪ੍ਰਤੀ ਮਹੀਨਾ ਚਾਰ ਤੋਂ ਅੱਠ ਲੱਖ ਰੁਪਏ ਤੱਕ ਵੱਧ ਜਾਂਦੀ ਹੈ। ਅਤੇ ਜੇਕਰ ਨੌਕਰੀ ਕਿਸੇ ਕੌਮਾਂਤਰੀ ਏਅਰਲਾਈਨ ਕੰਪਨੀ ਵਿੱਚ ਹੈ, ਤਾਂ ਤਨਖਾਹ ਹੋਰ ਵੀ ਵੱਧ ਹੋ ਸਕਦੀ ਹੈ।

ਕੈਪਟਨ ਮੋਹਿਤ ਕਹਿੰਦੇ ਹਨ ਕਿ ਅਕਸਰ ਮਿਡਲ ਈਸਟ ਦੇਸ਼ਾਂ ਵਿੱਚ ਪਾਇਲਟਾਂ ਲਈ ਜ਼ਿਆਦਾ ਅਸਾਮੀਆਂ ਹੁੰਦੀਆਂ ਹਨ ਕਿਉਂਕਿ ਉਨ੍ਹਾਂ ਦੇ ਆਪਣੇ ਲੋਕ ਇਸ ਪੇਸ਼ੇ ਵਿੱਚ ਘੱਟ ਹੁੰਦੇ ਹਨ। ਉੱਥੇ, ਇੱਕ ਫ਼ਸਟ ਆਫ਼ਸਰ ਪ੍ਰਤੀ ਮਹੀਨਾ 8-9 ਲੱਖ ਰੁਪਏ ਤੱਕ ਕਮਾਉਂਦਾ ਹੈ ਅਤੇ ਟੈਕਸ ਵੀ ਘੱਟ ਹੁੰਦੇ ਹਨ। ਹਾਲਾਂਕਿ, ਤੁਹਾਨੂੰ ਕਿਸੇ ਹੋਰ ਦੇਸ਼ ਵਿੱਚ ਰਹਿਣਾ ਪਵੇਗਾ। ਯਾਨੀ ਰਹਿਣ ਸਹਿਣ ਦਾ ਖਰਚਾ ਵੱਧ ਹੋਵੇਗਾ। ਕੈਪਟਨ ਮੋਹਿਤ ਮੁਤਾਬਕ, ਪਾਇਲਟ ਸਿਰਫ਼ ਜਹਾਜ਼ ਉਡਾਉਣ ਤੱਕ ਸੀਮਿਤ ਨਹੀਂ ਹਨ। ਉਹ ਏਅਰਲਾਈਨ ਅਕੈਡਮੀ ਵਿੱਚ ਇੰਸਟ੍ਰਕਟਰ ਵੀ ਬਣ ਸਕਦੇ ਹਨ। ਤੁਸੀਂ ਫਲਾਈਟ ਡਿਸਪੈਚਰ ਵਜੋਂ ਕੰਮ ਕਰ ਸਕਦੇ ਹੋ ਜਾਂ ਚਾਰਟਰਡ ਪਲੇਨ ਪਾਇਲਟ ਵੀ ਬਣ ਸਕਦੇ ਹੋ। ਪਾਇਲਟ ਬਣਨ ਦੇ ਜਿੰਨੇ ਫਾਇਦੇ ਹਨ, ਨੀਂ ਹੀ ਸਿੱਖਿਆ ਅਤੇ ਸਿਖਲਾਈ ਮਹਿੰਗੀ ਵੀ ਹੈ। ਰਵਾਇਤੀ ਸੀਪੀਐੱਲ ਸਿਖਲਾਈ ਕੋਰਸ ਦੀ ਕੀਮਤ 55 ਤੋਂ 85 ਲੱਖ ਰੁਪਏ ਦੇ ਵਿਚਕਾਰ ਹੈ। ਇਸ ਦੇ ਨਾਲ ਹੀ ਕੁਝ ਏਅਰਲਾਈਨ ਕੰਪਨੀਆਂ ਕੈਡੇਟ ਪਾਇਲਟ ਸਿਖਲਾਈ ਲਈ 1 ਕਰੋੜ ਰੁਪਏ ਜਾਂ ਇਸ ਤੋਂ ਵੱਧ ਚਾਰਜ ਕਰ ਸਕਦੀਆਂ ਹਨ।

ਅਸੀਂ ਕੈਪਟਨ ਮੋਹਿਤ ਤੋਂ ਪੁੱਛਿਆ ਕਿ ਇੱਕ ਔਸਤ ਪਰਿਵਾਰ ਦਾ ਵਿਦਿਆਰਥੀ ਇੰਨੀ ਵੱਡੀ ਰਕਮ ਕਿਵੇਂ ਇਕੱਠੀ ਕਰ ਸਕਦਾ ਹੈ। ਆਪਣੀ ਉਦਾਹਰਣ ਦਿੰਦੇ ਹੋਏ ਉਨ੍ਹਾਂ ਨੇ ਸਮਝਾਇਆ, "ਐਜੂਕੇਸ਼ਨ ਲੋਨ (ਸਿੱਖਿਆ ਕਰਜ਼ਾ) ਇੱਕ ਚੰਗਾ ਵਿਕਲਪ ਹੈ ਕਿਉਂਕਿ, ਜੇਕਰ ਤੁਹਾਡੇ ਕੋਲ ਕੋਈ ਹੋਰ ਜ਼ਿੰਮੇਵਾਰੀਆਂ ਨਹੀਂ ਹਨ, ਤਾਂ ਤੁਸੀਂ ਪੰਜ ਤੋਂ ਛੇ ਸਾਲਾਂ ਦੇ ਅੰਦਰ ਕਰਜ਼ਾ ਵਾਪਸ ਕਰਨ ਦੇ ਯੋਗ ਹੋ ਸਕਦੇ ਹੋ।"

# ਰਾਜਸਥਾਨ ਦੀ 'ਗੰਗਾ' ਕਿਵੇਂ ਬਣੀ ਗੰਗ ਨਹਿਰ



5 ਦਸੰਬਰ, 2025 ਨੂੰ ਫਿਰੋਜ਼ਪੁਰ ਦੇ ਹੁਸੈਨੀਵਾਲਾ ਵਿੱਚ ਗੰਗ ਕਨਾਲ ਦੇ ਨੀਂਹ ਪੱਥਰ ਰੱਖਣ ਦੇ 100 ਸਾਲ ਪੂਰੇ ਹੋਣ ਦੇ ਮੌਕੇ ਨੂੰ ਮਨਾਉਣ ਦੀ ਤਿਆਰੀ ਸੀ। ਇਸ ਸਮਾਗਮ ਵਿੱਚ ਸ਼ਿਰਕਤ ਕਰਨ ਦੇ ਲਈ ਕੇਂਦਰੀ ਮੰਤਰੀ ਅਰਜੁਨ ਰਾਮ ਮੇਘਵਾਲ ਵੀ ਪਹੁੰਚ ਰਹੇ ਸਨ। ਠੀਕ ਇੱਕ ਦਿਨ ਪਹਿਲਾਂ ਇਸ ਸਮਾਗਮ ਨੂੰ ਰੱਦ ਕਰ ਦਿੱਤਾ ਗਿਆ। ਮੀਡੀਆ ਰਿਪੋਰਟਾਂ ਮੁਤਾਬਕ ਪੰਜਾਬ ਦੀ ਭਾਜਪਾ ਲੀਡਰਸ਼ਿਪ ਦੀ ਸਲਾਹ ਉੱਤੇ ਇਸ ਸਮਾਗਮ ਨੂੰ ਰੱਦ ਕਰ ਦਿੱਤਾ ਗਿਆ।

ਪੰਜਾਬ ਬੀਜੇਪੀ ਦੇ ਜਨਰਲ ਸਕੱਤਰ ਅਨਿਲ ਸਰੀਨ ਨੇ ਬੀਬੀਸੀ ਪੱਤਰਕਾਰ ਹਰਮਨਦੀਪ ਸਿੰਘ ਨੂੰ ਕਿਹਾ, "ਪਾਰਟੀ ਵੱਲੋਂ ਕੋਈ ਵੀ ਪ੍ਰੋਗਰਾਮ ਨਹੀਂ ਉਲੀਕਿਆ ਗਿਆ ਸੀ। ਜੇਕਰ ਸਰਕਾਰ ਨੇ ਕੋਈ ਫ਼ੈਸਲਾ ਲਿਆ ਸੀ ਤਾਂ



ਉਹਦੇ ਬਾਰੇ ਸਰਕਾਰ ਹੀ ਦੱਸ ਸਕਦੀ ਹੈ।" ਕੇਂਦਰੀ ਮੰਤਰੀ ਅਰਜੁਨ ਸਿੰਘ ਮੇਘਵਾਲ ਨੇ ਭਾਵੇਂ ਆਪਣੇ ਟਵਿੱਟਰ ਉੱਤੇ ਪੋਸਟਰ ਸਾਂਝਾ ਕਰਕੇ ਇਸ ਪ੍ਰੋਗਰਾਮ ਬਾਰੇ ਜਾਣਕਾਰੀ ਦਿੱਤੀ ਸੀ। ਭਾਵੇਂ ਬਾਅਦ ਵਿੱਚ ਅਰਜੁਨ ਸਿੰਘ ਮੇਘਵਾਲ ਨੇ ਰਾਜਸਥਾਨ ਸਰਕਾਰ ਵੱਲੋਂ ਕਰਵਾਏ ਗਏ ਗੰਗ ਨਹਿਰ ਦੇ ਸ਼ਤਾਬਦੀ ਸਮਾਗਮ ਵਿੱਚ ਹਿੱਸਾ ਲਿਆ।

ਗੰਗ ਕਨਾਲ ਅਜ਼ਾਦੀ ਤੋਂ ਪਹਿਲਾਂ ਬਣਾਈ ਗਈ ਸੀ ਜਿਸ ਰਾਹੀਂ ਸਤਲੁਜ ਦਾ ਪਾਣੀ ਰਾਜਸਥਾਨ ਦੇ ਬੀਕਾਨੇਰ ਤੇ ਹੋਰ ਨਾਲ ਦੇ ਇਲਾਕਿਆਂ ਵਿੱਚ ਪਹੁੰਚਾਇਆ ਜਾਂਦਾ ਹੈ। ਅਜ਼ਾਦੀ ਤੋਂ ਬਾਅਦ ਪੰਜਾਬ ਇਸ ਕਨਾਲ ਸਿਸਟਮ ਦਾ ਵਿਰੋਧ ਕਰਦਾ ਰਿਹਾ ਹੈ ਤੇ ਮੰਗ ਕਰਦਾ ਹੈ ਕਿ ਜੇ ਰਾਜਸਥਾਨ ਨੇ ਪਾਣੀ ਇਸਤੇਮਾਲ ਕਰਨਾ ਹੈ ਤਾਂ ਉਸ ਨੂੰ ਇਸ ਦੀ ਰੌਇਲਟੀ ਪੰਜਾਬ ਨੂੰ ਦੇਣੀ ਚਾਹੀਦੀ ਹੈ। ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਵੀ ਇਸ ਮਸਲੇ ਉੱਤੇ ਭਾਜਪਾ ਨੂੰ ਘੇਰਿਆ।

ਪ੍ਰਤਾਪ ਸਿੰਘ ਬਾਜਵਾ ਨੇ ਐਕਸ ਉੱਤੇ ਲਿਖਿਆ, "ਗੰਗ ਕਨਾਲ ਦੀ ਸ਼ਤਾਬਦੀ ਮਨਾਉਣ ਦਾ ਭਾਜਪਾ ਦਾ ਫੈਸਲਾ ਸਾਡੇ ਇਤਿਹਾਸ ਦਾ ਅਪਮਾਨ ਹੈ। ਬੀਕਾਨੇਰ ਦੇ ਰਾਜੇ ਨੂੰ ਖੁਸ਼ ਕਰਨ ਲਈ ਬ੍ਰਿਟਿਸ਼ ਰਾਜ ਨੇ ਪੰਜਾਬ ਦਾ ਪਾਣੀ ਉਨ੍ਹਾਂ ਨੂੰ ਦੇ ਦਿੱਤਾ ਸੀ। ਹੁਣ ਇਸ ਦਾ ਜਸ਼ਨ ਉਨ੍ਹਾਂ ਲੋਕਾਂ ਵੱਲੋਂ ਮਨਾਇਆ ਜਾ ਰਿਹਾ ਹੈ ਜੋ ਪੰਜਾਬ ਦੇ ਦਰਦ ਨੂੰ ਨਹੀਂ ਸਮਝਦੇ ਹਨ।" ਗੰਗ ਕਨਾਲ ਜਿਸ ਦੇ ਨੀਂਹ ਪੱਥਰ ਨੂੰ ਰੱਖਣ ਦੀ ਸ਼ਤਾਬਦੀ ਪੂਰੀ ਹੋ ਚੁੱਕੀ ਹੈ, ਆਖਿਰ ਕਿਉਂ ਇਸ ਨੂੰ ਬਣਾਇਆ ਗਿਆ, ਉਸ ਵੇਲੇ ਦੇ ਕੀ ਹਾਲਾਤ ਸਨ ਤੇ ਪੰਜਾਬ ਵੱਲੋਂ ਕੀ ਇਤਰਾਜ਼ ਚੁੱਕੇ ਜਾਂਦੇ ਹਨ, ਅੱਗੇ ਜਾਣਦੇ ਹਾਂ।

### ਗੰਗ ਕਨਾਲ ਕਿਵੇਂ ਹੋਂਦ ਵਿੱਚ ਆਈ

ਰਾਜਸਥਾਨ ਸਰਕਾਰ ਦੇ 1972 ਵਿੱਚ ਛਪੇ ਗਜ਼ਟ ਦੇ ਅਨੁਸਾਰ 1920 ਵਿੱਚ ਬੀਕਾਨੇਰ ਰਿਆਸਤ, ਬਹਾਵਲਪੁਰ ਤੇ ਪੰਜਾਬ ਦੀਆਂ ਸਰਕਾਰਾਂ ਵਿਚਾਲੇ ਇੱਕ ਸਮਝੌਤਾ ਹੋਇਆ ਸੀ। ਇਸ ਸਮਝੌਤੇ ਤਹਿਤ ਸਤਲੁਜ ਦਰਿਆ ਤੋਂ ਇੱਕ ਨਹਿਰ ਬਣਾਉਣ ਉੱਤੇ ਸਹਿਮਤੀ ਬਣੀ ਜਿਸ ਨੇ ਤਤਕਾਲੀ ਬੀਕਾਨੇਰ ਦੀ ਰਿਆਸਤ ਦੇ ਸੁੱਕੇ ਇਲਾਕਿਆਂ ਤੱਕ ਪਾਣੀ ਪਹੁੰਚਾਉਣਾ ਸੀ। ਗਜ਼ਟ ਅਨੁਸਾਰ ਇਹ ਕਨਾਲ ਪੂਰੇ ਤਰੀਕੇ ਨਾਲ ਬਣ ਕੇ 1927 ਵਿੱਚ ਤਿਆਰ ਹੋਈ ਸੀ ਤੇ 26 ਅਕਤੂਬਰ 1927 ਨੂੰ ਰਸਮੀ ਤੌਰ ਉੱਤੇ ਇਸ ਦੀ ਸ਼ੁਰੂਆਤ ਹੋਈ ਸੀ।

ਮੁੱਖ ਤੌਰ ਉੱਤੇ ਇਹ ਕਨਾਲ ਪੰਜਾਬ ਦੇ ਫਿਰੋਜ਼ਪੁਰ ਤੋਂ ਸ਼ੁਰੂ ਹੁੰਦੀ ਹੈ ਤੇ ਬੀਕਾਨੇਰ, ਗੰਗਾਨਗਰ ਤੇ ਨੇੜਲੇ ਇਲਾਕਿਆਂ ਤੱਕ ਪਾਣੀ ਪਹੁੰਚਾਉਂਦੀ ਹੈ। ਮੁੱਖ ਤੌਰ ਉੱਤੇ ਭਾਰਤ ਵਿੱਚ ਦੋ ਗੰਗ ਨਹਿਰਾਂ ਹਨ, ਇੱਕ ਤਾਂ ਇਸੇ ਬੀਕਾਨੇਰ ਵੱਲ ਜਾਂਦੀ ਕਨਾਲ ਨੂੰ ਗੰਗ ਕਨਾਲ ਕਿਹਾ ਜਾਂਦਾ ਹੈ। ਉਸ ਤੋਂ ਵੀ ਪਹਿਲਾਂ 19ਵੀਂ ਸ਼ਤਾਬਦੀ ਦੇ ਮੱਧ ਵਿੱਚ ਉੱਤਰ ਪ੍ਰਦੇਸ਼ ਦੇ ਹਰਿਦੁਆਰ ਤੋਂ ਇੱਕ ਨਹਿਰ ਗੰਗਾ ਨਦੀ ਤੋਂ ਕੱਢੀ ਗਈ ਸੀ ਜਿਸ ਰਾਹੀਂ ਉੱਤਰ ਪ੍ਰਦੇਸ਼ ਦੇ ਮੈਦਾਨੀ ਇਲਾਕਿਆਂ ਤੱਕ ਪਾਣੀ ਪਹੁੰਚਾਇਆ ਗਿਆ ਸੀ। ਇਸ ਕਨਾਲ ਨੂੰ ਵੀ ਗੰਗ ਕਨਾਲ ਕਿਹਾ ਜਾਂਦਾ ਹੈ।

ਡਾ. ਯੋਗੇਸ਼ ਸਨੇਹੀ ਦਿੱਲੀ ਦੀ ਡਾ. ਬੀ.ਆਰ ਅੰਬੇਡਕਰ ਯੂਨੀਵਰਸਿਟੀ ਵਿੱਚ ਇਤਿਹਾਸ ਦੇ ਐਸੋਸੀਏਟ ਪ੍ਰੋਫੈਸਰ ਹਨ। ਉਨ੍ਹਾਂ ਨੇ ਅੰਮ੍ਰਿਤਸਰ ਤੇ ਅਬੋਹਰ ਦੇ ਡੀਏਵੀ ਕਾਲਜ ਵਿੱਚ ਵੀ ਇਤਿਹਾਸ ਪੜ੍ਹਾਇਆ ਹੈ। ਡਾ. ਯੋਗੇਸ਼ ਕਹਿੰਦੇ ਹਨ, "19ਵੀਂ ਸ਼ਤਾਬਦੀ ਵਿੱਚ ਭਾਰਤ ਦੇ ਕਈ ਇਲਾਕਿਆਂ ਵਿੱਚ ਸੋਕੇ ਤੇ ਭੁੱਖਮਰੀ ਦੀ ਵੱਡੀ ਸਮੱਸਿਆ ਸੀ। ਜਦੋਂ ਉੱਤਰ ਪ੍ਰਦੇਸ਼ ਵਾਲੀ ਗੰਗ ਨਹਿਰ ਦਾ ਨਿਰਮਾਣ ਕੀਤਾ ਗਿਆ ਤਾਂ ਇਹ ਨਜ਼ਰ ਆਇਆ ਕਿ ਨਹਿਰ ਦੇ ਬਣਨ ਨਾਲ ਸੋਕੇ ਤੇ ਭੁੱਖਮਰੀ ਵਿੱਚ ਕਮੀ ਆਈ ਸੀ।" "ਨਹਿਰ ਅਧਾਰਿਤ ਸਿੰਜਾਈ ਦੇ ਇਸ ਮਾਡਲ ਨੂੰ ਪੰਜਾਬ ਵਿੱਚ ਵੀ ਲਾਗੂ ਕੀਤਾ ਗਿਆ ਸੀ। ਪੰਜਾਬ ਦੇ ਕਈ ਇਲਾਕਿਆਂ ਵਿੱਚ ਨਹਿਰਾਂ ਦਾ ਸਿਸਟਮ ਬਣਾਇਆ ਗਿਆ ਸੀ। ਇਹੀ ਕਾਰਨ ਹੈ ਕਿ 19ਵੀਂ ਸ਼ਤਾਬਦੀ ਦੇ ਆਖਿਰ ਤੱਕ ਆਉਂਦਿਆਂ ਹੋਇਆਂ ਪੰਜਾਬ ਖੇਤੀ ਪ੍ਰਧਾਨ ਖਿੱਤਾ ਬਣ ਗਿਆ ਸੀ। 1882 ਵਿੱਚ ਪੰਜਾਬ ਵਿੱਚ ਸਰਹਿੰਦ ਨਹਿਰ ਬਣਾਈ ਗਈ ਸੀ।"

ਪੰਜਾਬ ਵਿੱਚ ਬ੍ਰਿਟਿਸ਼ ਸਰਕਾਰ ਦਾ ਰਾਜ ਸੀ ਤੇ ਬੀਕਾਨੇਰ ਦੀ ਰਿਆਸਤ ਉੱਤੇ ਮਹਾਰਾਜਾ ਗੰਗਾ ਸਿੰਘ ਰਾਜ ਕਰ ਰਹੇ ਸਨ। ਉਨ੍ਹਾਂ ਦੀ ਰਿਆਸਤ ਦਾ ਇਲਾਕਾ ਪੂਰੇ ਤਰੀਕੇ ਨਾਲ ਸੁੱਕਿਆ ਹੋਇਆ ਸੀ। ਉੱਥੇ ਮੁੱਖ ਤੌਰ ਉੱਤੇ ਦਾਲਾਂ, ਬਾਜਰਾ ਤੇ ਕਪਾਹ ਦੀ ਖੇਤੀ ਹੁੰਦੀ ਸੀ। ਡਾ. ਯੋਗੇਸ਼ ਕਹਿੰਦੇ ਹਨ, "ਮਹਾਰਾਜਾ ਗੰਗਾ ਸਿੰਘ ਨੇ ਉਸ ਵੇਲੇ ਬੀਕਾਨੇਰ ਵਿੱਚ ਵੀ ਪੰਜਾਬ ਵਰਗਾ ਕਨਾਲ ਸਿਸਟਮ ਲਾਗੂ ਕਰਨ ਬਾਰੇ ਸੋਚਿਆ। ਬੀਕਾਨੇਰ ਇੱਕ ਵੱਡੀ ਰਿਆਸਤ ਸੀ। ਉਸ ਵਿੱਚ ਮਾਰੂਥਲ ਦਾ ਇਲਾਕਾ ਵੀ ਸੀ। ਇਸ ਦੇ ਨਾਲ ਹੀ ਗੰਗਾਨਗਰ, ਹਨੂੰਮਾਨਗੜ੍ਹ ਵਰਗੇ ਕੁਝ ਉੱਪਰ ਵਾਲੇ ਇਲਾਕੇ ਵੀ ਸੀ ਜਿੱਥੇ ਖੇਤੀ ਕੀਤੀ ਜਾ ਸਕਦੀ ਸੀ। ਮਹਾਰਾਜਾ ਗੰਗਾ ਸਿੰਘ ਇਨ੍ਹਾਂ ਇਲਾਕਿਆਂ ਲਈ ਹੀ ਨਹਿਰ ਸਿਸਟਮ ਬਣਾਉਣਾ ਚਾਹੁੰਦੇ ਸੀ।" ਗੰਗ ਨਹਿਰ ਦੇ ਕਾਰਨ ਹੀ ਇਨ੍ਹਾਂ ਇਲਾਕਿਆਂ ਦੀ ਕਾਇਆ ਪਲਟ ਹੋ ਗਈ ਤੇ ਵੱਡੇ ਪੱਧਰ ਉੱਤੇ ਇਨ੍ਹਾਂ ਇਲਾਕਿਆਂ ਵਿੱਚ ਖੇਤੀ ਕੀਤੀ ਜਾਣ ਲੱਗੀ। ਪੰਜਾਬ ਤੋਂ ਵੀ ਵੱਡੀ ਗਿਣਤੀ ਵਿੱਚ ਕਿਸਾਨ ਬੀਕਾਨੇਰ ਦੇ ਇਨ੍ਹਾਂ ਇਲਾਕਿਆਂ ਵਿੱਚ ਆ ਕੇ ਵਸ ਗਏ ਸਨ ਤੇ ਹੁਣ ਗੰਗਾਨਗਰ ਵਿੱਚ ਸਿੱਖਾਂ ਦੀ ਵੱਡੀ ਅਬਾਦੀ ਹੈ। ਡਾ. ਯੋਗੇਸ਼ ਕਹਿੰਦੇ ਹਨ ਕਿ ਨਹਿਰ ਬਣਾਉਣ ਦਾ ਸਾਰਾ ਖਰਚ ਬੀਕਾਨੇਰ ਦੀ ਰਿਆਸਤ ਵੱਲੋਂ ਚੁੱਕਿਆ ਗਿਆ ਸੀ। ਪੰਜਾਬ ਸਿੰਜਾਈ ਵਿਭਾਗ ਦੇ ਸਾਬਕਾ ਇੰਜੀਨੀਅਰ ਸੁਖਦਰਸ਼ਨ ਨੱਤ ਕਹਿੰਦੇ ਹਨ, "ਬ੍ਰਿਟਿਸ਼ ਹਕੂਮਤ ਵੱਲੋਂ ਬੀਕਾਨੇਰ ਦੀ ਰਿਆਸਤ ਨੂੰ ਸਾਫ਼ ਤੌਰ ਉੱਤੇ ਕਹਿ ਦਿੱਤਾ ਗਿਆ ਸੀ ਕਿ ਪਾਣੀ ਦੀ ਲੋੜ ਉਨ੍ਹਾਂ ਦੀ ਹੈ ਜਿਸ ਦੀ ਕੀਮਤ ਪੰਜਾਬ ਨੂੰ ਅਦਾ ਕਰਨੀ ਪਵੇਗੀ। ਸਾਲ 1948 ਤੱਕ ਬੀਕਾਨੇਰ ਰਿਆਸਤ ਪੰਜਾਬ ਨੂੰ ਇਸ ਪਾਣੀ ਬਦਲੇ ਰੌਇਲਟੀ ਵੀ ਦਿੰਦੀ ਰਹੀ ਸੀ। ਕੁਝ ਸਰੋਤ ਮੰਨਦੇ ਹਨ ਕਿ ਇਹ ਰੌਇਲਟੀ 1956 ਤੱਕ ਜਾਰੀ ਰਹੀ ਸੀ।"

### ਗੰਗ ਕਨਾਲ ਬਾਰੇ ਪੰਜਾਬ ਦਾ ਸਟੈਂਡ

ਪੰਜਾਬ ਦੀਆਂ ਸਿਆਸੀ ਪਾਰਟੀਆਂ ਦੇ ਇਸ ਤਰਕ ਨਾਲ ਡਾ। ਯੋਗੇਸ਼ ਸਹਿਮਤ ਨਹੀਂ ਹਨ ਕਿ ਬੀਕਾਨੇਰ ਦੇ ਰਾਜੇ ਨੂੰ ਖੁਸ਼ ਕਰਨ ਲਈ ਬ੍ਰਿਟਿਸ਼ ਰਾਜ ਵੱਲੋਂ ਪੰਜਾਬ ਦੇ ਪਾਣੀਆਂ ਨੂੰ ਦਿੱਤਾ ਗਿਆ। ਉਹ ਕਹਿੰਦੇ ਹਨ, "ਜਦੋਂ ਇਹ ਸਮਝੌਤਾ ਹੋਇਆ ਸੀ ਤਾਂ ਉਸ ਵੇਲੇ ਪੰਜਾਬ ਦਾ ਮੌਜੂਦਾ ਸਰੂਪ ਨਹੀਂ ਸੀ। ਹਰ ਸਮਝੌਤੇ ਦੀ ਆਪਣੇ ਸਮੇਂ ਦੇ ਹਿਸਾਬ ਨਾਲ ਅਹਿਮੀਅਤ ਹੁੰਦੀ ਹੈ। ਇਹ ਸਮਝੌਤਾ ਕਾਫੀ ਪੁਰਾਣਾ ਹੈ। ਨਹਿਰ ਸਿਸਟਮ ਬਣਾਉਣਾ ਬ੍ਰਿਟਿਸ਼ ਰਾਜ ਵੇਲੇ ਦਾ ਚੰਗਾ ਕਦਮ ਸੀ ਜਿਸ ਨਾਲ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਇਆ ਤੇ ਉਨ੍ਹਾਂ ਦੇ ਹਾਲਾਤ ਸੁਧਰੇ ਸੀ।" "ਜੇ ਤੁਸੀਂ ਇਸ ਨੂੰ ਸਿਆਸਤ ਤੋਂ ਪਰੇ ਹੋ ਕੇ ਵੇਖੋਗੇ ਤਾਂ ਤੁਹਾਨੂੰ ਇਹ ਸਮਝ ਆਵੇਗਾ ਕਿ ਰਾਜਸਥਾਨ ਦਾ ਗੰਗਾਨਗਰ, ਹਨੂੰਮਾਨਗੜ੍ਹ ਤੇ ਪੰਜਾਬ ਦਾ ਮਾਲਵਾ ਇੰਨੇ ਆਪਸ ਵਿੱਚ ਜੁੜੇ ਹੋਏ ਸਨ ਕਿ 1960ਵਿਆਂ ਵਿੱਚ ਜਦੋਂ ਅਕਾਲੀ ਦਲ ਨੇ ਪੰਜਾਬ ਸੂਬੇ ਦੀ ਲੜਾਈ ਲੜੀ ਤਾਂ ਉਨ੍ਹਾਂ ਨੇ ਗੰਗਾਨਗਰ ਨੂੰ ਵੀ ਪੰਜਾਬ ਸੂਬੇ ਵਿੱਚ ਸ਼ਾਮਿਲ ਕਰਨ ਦੀ ਮੰਗ ਕੀਤੀ ਕਿਉਂਕਿ ਉੱਥੇ ਸਿੱਖਾਂ ਦੀ ਵੱਡੀ ਅਬਾਦੀ ਸੀ।"

ਸੁਖਦਰਸ਼ਨ ਨੱਤ ਕਹਿੰਦੇ ਹਨ, "ਬ੍ਰਿਟਿਸ਼ ਰਾਜ ਵੱਲੋਂ ਇਹ ਕਿਹਾ ਗਿਆ ਸੀ ਕਿ ਪਾਣੀ ਲੈਣ ਲਈ ਪੰਜਾਬ ਨੂੰ ਕੀਮਤ ਅਦਾ ਕਰਨੀ ਪਵੇਗੀ ਪਰ ਲੋਕਤੰਤਰਿਕ ਸਰਕਾਰਾਂ ਵੱਲੋਂ ਉਸ ਗੱਲ ਨੂੰ ਨਹੀਂ ਨਿਭਾਇਆ ਗਿਆ।" "ਪੰਜਾਬ ਵੱਲੋਂ ਲਗਾਤਾਰ ਇਹ ਮੰਗ ਕੀਤੀ ਜਾਂਦੀ ਹੈ ਕਿ ਰਾਜਸਥਾਨ ਨੂੰ ਪੰਜਾਬ ਦੇ ਪਾਣੀ ਲਈ ਰੌਇਲਟੀ ਵਜੋਂ ਕੀਮਤ ਅਦਾ ਕਰਨੀ ਚਾਹੀਦੀ ਹੈ। ਇਹ ਕੀਮਤ ਗੰਗ ਨਹਿਰ ਰਾਹੀਂ ਵਰਤੇ ਪਾਣੀ ਦੇ ਨਾਲ-ਨਾਲ ਬਾਅਦ ਵਿੱਚ ਬਣੀ ਰਾਜਸਥਾਨ ਨਹਿਰ ਰਾਹੀਂ ਵਰਤੇ ਜਾਂਦੇ ਪਾਣੀ ਲਈ ਵੀ ਅਦਾ ਕਰਨੀ ਚਾਹੀਦੀ ਹੈ।"

# ਆਸਟਰੇਲੀਆ ਵਾਂਗ ਹੁਣ ਹੋਰ ਮੁਲਕਾਂ ਨੂੰ ਵੀ ਸੋਸ਼ਲ ਮੀਡੀਆ ਪ੍ਰਤੀ ਰਵੱਈਆ ਰੱਖਣਾ ਪਵੇਗਾ

ਆਸਟਰੇਲੀਆ ਨੇ ਦਸ ਦਸੰਬਰ 2025 ਤੋਂ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਪਾਬੰਦੀ ਲਗਾ ਦਿੱਤੀ ਹੈ। ਇਉਂ ਆਸਟਰੇਲੀਆ ਅਜਿਹਾ ਕਰਨ ਵਾਲਾ ਦੁਨੀਆ ਦਾ ਪਹਿਲਾ ਦੇਸ਼ ਬਣ ਗਿਆ ਹੈ। ਇਹ ਕਾਨੂੰਨ ਆਸਟਰੇਲਿਆਈ ਸਕੂਲਾਂ ਵਿੱਚ ਕੀਤੇ ਗਏ ਵਿਹਾਰਕ ਅਧਿਐਨਾਂ ਦੇ ਸਬੂਤਾਂ ਦੇ ਮੱਦੇਨਜ਼ਰ ਬਣਾਇਆ ਗਿਆ ਕਿ ਬਹੁਤ ਜ਼ਿਆਦਾ ਮੋਬਾਈਲ ਫੋਨ ਦੇਖਣਾ ਅੱਲੜ੍ਹ ਉਮਰ ਦੇ ਬੱਚਿਆਂ ਦੇ ਪੜ੍ਹਾਈ 'ਚ ਧਿਆਨ ਨੂੰ ਘਟਾਉਂਦਾ ਹੈ ਅਤੇ ਬੱਚਿਆਂ ਦੇ ਭਾਵਨਾਤਮਕ ਵਿਕਾਸ 'ਤੇ ਸੋਸ਼ਲ ਮੀਡੀਆ ਦੇ ਪ੍ਰਭਾਵ ਨੂੰ ਵਧਾਉਂਦਾ ਹੈ। ਆਸਟਰੇਲੀਆ ਦੇ ਔਨਲਾਈਨ ਸੁਰੱਖਿਆ ਰੈਗੂਲੇਟਰ 'ਈ-ਸੇਫਟੀ' ਨੇ ਦਸੰਬਰ 2024 ਤੋਂ ਲੈ ਕੇ ਫਰਵਰੀ 2025 ਤੱਕ ਬੱਚਿਆਂ ਬਾਰੇ ਇੱਕ ਸਰਵੇਖਣ ਕੀਤਾ, ਜਿਸ ਵਿੱਚ ਪਤਾ ਲੱਗਿਆ ਕਿ 74 ਫ਼ੀਸਦੀ ਬੱਚਿਆਂ ਨੇ ਨੁਕਸਾਨਦੇਹ ਸਮੱਗਰੀ ਦੇਖੀ, 60 ਫ਼ੀਸਦੀ ਨੇ ਔਨਲਾਈਨ ਨਫ਼ਰਤ ਭਰੇ ਭਾਸ਼ਣ ਦੇਖੇ ਜਾਂ ਸੁਣੇ, 53 ਫ਼ੀਸਦੀ ਨੂੰ ਸਾਈਬਰ ਧੱਕੇਸ਼ਾਹੀ ਦਾ ਅਨੁਭਵ ਹੋਇਆ ਅਤੇ 25 ਫ਼ੀਸਦੀ ਨੂੰ ਆਪਣੀ ਅਸਹਿਮਤੀ ਦੇ ਬਾਵਜੂਦ ਟਰੈਕਿੰਗ, ਨਿਗਰਾਨੀ ਅਤੇ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਸੀ। ਸਾਈਬਰ ਧੱਕੇਸ਼ਾਹੀ, ਜਿਨਸੀ ਸ਼ੋਸ਼ਣ ਅਤੇ ਐਲਗੋਰਿਦਮ ਆਧਾਰਿਤ ਸਮੱਗਰੀ ਅੱਲੜ੍ਹ ਬੱਚਿਆਂ ਵਿੱਚ ਚਿੰਤਾ, ਉਦਾਸੀ, ਨੀਂਦ ਦੀ ਕਮੀ ਅਤੇ ਨਸ਼ਾਖੋਰੀ ਨੂੰ ਕਾਫ਼ੀ ਵਧਾਉਂਦੀ ਹੈ। ਫੇਸਬੁੱਕ, ਇੰਸਟਾਗ੍ਰਾਮ, ਯੂਟਿਊਬ, ਕਿੱਕ, ਰੈੱਡਿਟ, ਸਨੈਪਚੈਟ, ਥ੍ਰੈੱਡਸ, ਟਿਕਟੌਕ ਅਤੇ ਟਵਿੱਚ ਵਰਗੇ ਸੋਸ਼ਲ ਮੀਡੀਆ ਪਲੈਟਫਾਰਮਾਂ ਨੂੰ 16 ਸਾਲ ਤੋਂ ਘੱਟ ਉਮਰ ਦੇ ਲੱਖਾਂ ਉਪਭੋਗਤਾਵਾਂ ਦੇ ਖਾਤਿਆਂ ਨੂੰ ਬੰਦ ਕਰਨ ਦਾ ਹੁਕਮ ਦਿੱਤਾ ਗਿਆ ਹੈ। ਨਵੇਂ ਕਾਨੂੰਨ ਤਹਿਤ ਸੋਸ਼ਲ ਮੀਡੀਆ ਪਲੈਟਫਾਰਮਾਂ ਦੁਆਰਾ ਸਰਕਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਉਣ ਅਤੇ ਇਨ੍ਹਾਂ ਦੀ ਪਾਲਣਾ ਨਾ ਕਰਨ 'ਤੇ ਕੰਪਨੀਆਂ ਖ਼ਿਲਾਫ਼ ਕਾਰਵਾਈ ਕਰਨ ਦੇ ਅਧਿਕਾਰ ਈ-ਸੇਫਟੀ ਕਮਿਸ਼ਨਰ ਕੋਲ ਹਨ। ਨਿਯਮਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਕੰਪਨੀਆਂ 'ਤੇ 3.3 ਕਰੋੜ ਅਮਰੀਕੀ ਡਾਲਰ ਤੱਕ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ। ਇਸ ਕਾਨੂੰਨ ਨੂੰ ਮਾਪਿਆਂ ਅਤੇ ਬੱਚਿਆਂ ਦੇ ਹੱਕਾਂ ਲਈ ਕੰਮ ਕਰਨ ਵਾਲਿਆਂ ਤੋਂ ਭਾਰੀ ਹਮਾਇਤ ਮਿਲੀ ਕਿਉਂਕਿ ਉਮਰ-ਆਧਾਰਿਤ ਪਾਬੰਦੀਆਂ ਕਾਰਨ ਮਾਪੇ ਘਰ ਵਿੱਚ ਬੱਚਿਆਂ ਵੱਲੋਂ ਮੋਬਾਈਲ ਦੀ ਵਰਤੋਂ 'ਤੇ ਕੁੰਡਾ ਰੱਖ ਸਕਦੇ ਹਨ।

ਬੱਚਿਆਂ ਦੀ ਸੁਰੱਖਿਆ ਦੀ ਅਹਿਮੀਅਤ ਨੂੰ ਸਵੀਕਾਰਦਿਆਂ ਵੀ ਸੋਸ਼ਲ ਮੀਡੀਆ ਕੰਪਨੀਆਂ ਅਤੇ ਬੋਲਣ ਦੀ ਆਜ਼ਾਦੀ ਦੇ ਹਾਮੀਆਂ ਨੇ ਉਮਰ ਦੀ ਤਸਦੀਕ ਅਤੇ ਇਸ 'ਤੇ ਆਉਣ ਵਾਲੀ ਲਾਗਤ, ਗੁਪਤਤਾ ਸਬੰਧੀ ਸੰਭਾਵੀ ਖ਼ਤਰਿਆਂ ਅਤੇ ਉਪਭੋਗਤਾ ਘਟਣ ਦੀ ਚਿਤਾਵਨੀ ਦਿੰਦਿਆਂ ਸਰਕਾਰ ਦੇ ਫ਼ੈਸਲੇ ਦੀ ਆਲੋਚਨਾ ਕੀਤੀ ਹੈ ਕਿਉਂਕਿ ਆਸਟਰੇਲੀਆ ਦੀ ਮਿਸਾਲ ਦੇਖ ਕੇ ਪੂਰੀ ਦੁਨੀਆ ਦੇ ਮੁਲਕਾਂ ਵਿੱਚ ਅਜਿਹੇ ਫ਼ੈਸਲੇ ਲੈਣ ਦੀ ਸ਼ੁਰੂਆਤ ਹੋ ਸਕਦੀ ਹੈ। ਇਨ੍ਹਾਂ ਇਤਰਾਜ਼ਾਂ ਦੇ ਬਾਵਜੂਦ ਆਸਟਰੇਲੀਆ ਨੇ ਵਪਾਰਕ ਹਿੱਤਾਂ ਨਾਲੋਂ ਬੱਚਿਆਂ ਦੀ ਸੁਰੱਖਿਆ ਨੂੰ ਤਰਜੀਹ ਦੇਣ ਦਾ ਇਰਾਦਾ ਪ੍ਰਗਟਾਇਆ ਹੈ ਅਤੇ ਇਹ ਫ਼ੈਸਲਾ ਲਾਗੂ ਕਰਨਾ ਸਰਕਾਰ ਦੇ ਮਜ਼ਬੂਤ ਇਰਾਦੇ ਨੂੰ ਦਰਸਾਉਂਦਾ ਹੈ।

ਭਾਰਤ ਵਿੱਚ ਸੋਸ਼ਲ ਮੀਡੀਆ ਨੂੰ ਸੂਚਨਾ ਤਕਨਾਲੋਜੀ ਐਕਟ 2000, ਸੂਚਨਾ ਤਕਨਾਲੋਜੀ (ਵਿਚੋਲਗੀ ਸਬੰਧੀ ਦਿਸ਼ਾ-ਨਿਰਦੇਸ਼ ਅਤੇ ਡਿਜੀਟਲ ਮੀਡੀਆ ਲਈ ਨੈਤਿਕ ਨੇਮ) ਨਿਯਮਾਂ 2021 ਅਤੇ ਡਿਜੀਟਲ ਨਿੱਜੀ ਡੇਟਾ ਸੁਰੱਖਿਆ ਐਕਟ (ਡੀ ਪੀ ਡੀ ਡੀ ਐਕਟ) 2023 ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ। ਹਾਲਾਂਕਿ ਇਨ੍ਹਾਂ ਕਾਨੂੰਨਾਂ ਤਹਿਤ ਸੋਸ਼ਲ ਮੀਡੀਆ ਦੀ ਵਰਤੋਂ ਲਈ ਘੱਟੋ-ਘੱਟ ਉਮਰ ਨਿਰਧਾਰਤ ਨਹੀਂ ਕੀਤੀ ਗਈ, ਪਰ ਇਹ ਨਿਯਮਿਤ ਕਰਦੇ ਹਨ ਕਿ ਸੋਸ਼ਲ ਮੀਡੀਆ ਪਲੈਟਫਾਰਮ ਬੱਚਿਆਂ ਦੇ ਡੇਟਾ ਨੂੰ ਕਿਵੇਂ ਵਰਤਦੇ ਹਨ, ਉਨ੍ਹਾਂ ਨੂੰ ਕਿਹੜੇ ਸੁਰੱਖਿਆ ਉਪਾਅ ਲਾਜ਼ਮੀ ਵਰਤਣੇ ਚਾਹੀਦੇ ਹਨ ਅਤੇ ਨੁਕਸਾਨਦੇਹ ਸਮੱਗਰੀ ਨੂੰ ਕਿੰਨੀ ਛੇਤੀ ਹਟਾਉਣਾ ਚਾਹੀਦਾ ਹੈ। 2021 ਦੇ ਵਿਚੋਲਗੀ/ਸਾਲਸੀ ਸਬੰਧੀ ਨਿਯਮਾਂ ਤਹਿਤ ਸੋਸ਼ਲ ਮੀਡੀਆ ਪਲੈਟਫਾਰਮਾਂ ਦੁਆਰਾ ਸ਼ਿਕਾਇਤ ਨਿਵਾਰਨ ਅਧਿਕਾਰੀਆਂ ਦੀ ਤਾਇਨਾਤੀ ਕਰਨਾ, ਨਿਰਧਾਰਤ ਸਮਾਂ-ਸੀਮਾ ਅੰਦਰ ਸਮੱਗਰੀ ਨੂੰ ਹਟਾਉਣਾ ਅਤੇ ਨਿਯਮਾਂ ਦੀ ਪਾਲਣਾ ਕਰਨਾ ਲਾਜ਼ਮੀ ਹੈ। ਪ੍ਰਮੁੱਖ ਸੋਸ਼ਲ ਮੀਡੀਆ ਸਾਲਸ ਮਾਪਿਆਂ ਲਈ ਸ਼ਿਕਾਇਤ ਕਰਨਾ ਅਤੇ ਵਧੀਆ ਸੁਰੱਖਿਆ ਉਪਾਅ ਅਪਣਾਉਣ ਨੂੰ ਸੁਖਾਲਾ ਬਣਾਉਣ ਦਾ ਕੰਮ ਕਰਦੇ ਹਨ, ਹਾਲਾਂਕਿ ਇਹ ਜ਼ਿੰਮੇਵਾਰੀਆਂ ਅੱਲੜ੍ਹ ਬੱਚਿਆਂ ਨੂੰ ਇਨ੍ਹਾਂ ਪਲੈਟਫਾਰਮਾਂ ਦੀ ਵਰਤੋਂ ਕਰਨ ਤੋਂ ਨਹੀਂ ਰੋਕਦੀਆਂ। ਡੀ ਪੀ ਡੀ ਪੀ ਐਕਟ ਬੱਚਿਆਂ ਦੇ ਡੇਟਾ ਲਈ ਮਾਪਿਆਂ ਦੀ ਸਹਿਮਤੀ ਦੀ ਲੋੜ ਨੂੰ ਲਾਜ਼ਮੀ ਬਣਾ ਕੇ, ਬੱਚਿਆਂ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਇਸ਼ਤਿਹਾਰਬਾਜ਼ੀ 'ਤੇ ਪਾਬੰਦੀ ਲਗਾ ਕੇ ਅਤੇ ਸੰਵੇਦਨਸ਼ੀਲ ਜਾਣਕਾਰੀ ਦੀ ਦੁਰਵਰਤੋਂ ਲਈ ਨਵੇਂ ਜੁਰਮਾਨੇ ਦੀ ਵਿਵਸਥਾ ਕਰਕੇ ਨਾਬਾਲਗਾਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਦਾ ਹੈ।

ਇਸ ਸਭ ਦੇ ਬਾਵਜੂਦ ਇਨ੍ਹਾਂ ਨਿਯਮਾਂ ਅਤੇ ਇਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਵਿੱਚ ਪਾੜਾ ਰਹਿੰਦਾ ਹੀ ਹੈ। ਉਮਰ ਦੀ ਤਸਦੀਕ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਵਾਲਿਆਂ ਦੀ ਮਰਜ਼ੀ 'ਤੇ ਨਿਰਭਰ ਕਰਦੀ ਹੈ ਅਤੇ ਅਸ਼ਲੀਲ ਤੇ ਹਿੰਸਕ ਸਮੱਗਰੀ ਇਨ੍ਹਾਂ ਪਲੈਟਫਾਰਮਾਂ 'ਤੇ ਸੁਖਾਲਿਆਂ ਉਪਲਬਧ ਹੁੰਦੀ ਹੈ। ਭਾਰਤ ਦੀ ਰੈਗੂਲੇਟਰੀ ਪ੍ਰਣਾਲੀ ਸੋਸ਼ਲ ਮੀਡੀਆ ਤੱਕ ਬੱਚਿਆਂ ਦੀ ਪਹੁੰਚ ਨੂੰ ਸਿੱਧੇ ਤੌਰ 'ਤੇ ਸੀਮਤ ਨਹੀਂ ਕਰਦੀ ਸਗੋਂ ਪਲੈਟਫਾਰਮਾਂ 'ਤੇ ਜ਼ਿੰਮੇਵਾਰੀ ਪਾਉਂਦੀ ਹੈ। ਇਸ ਦੇ ਸਿੱਟੇ ਵਜੋਂ ਨਿਗਰਾਨੀ ਦਾ ਬੋਝ ਮੁੱਖ ਤੌਰ 'ਤੇ ਹਾਲੇ ਵੀ ਮਾਪਿਆਂ, ਸਕੂਲਾਂ ਅਤੇ ਨੌਜਵਾਨ ਉਪਭੋਗਤਾਵਾਂ 'ਤੇ ਹੀ ਹੈ।

ਸੋਸ਼ਲ ਮੀਡੀਆ ਭਾਰਤੀ ਅੱਲੜ੍ਹ ਬੱਚਿਆਂ ਦੇ ਦਿਲੋ-ਦਿਮਾਗ਼ ਨੂੰ ਨੁਕਸਾਨ ਪਹੁੰਚਾ ਰਿਹਾ ਹੈ ਕਿਉਂਕਿ ਇਹ ਸਮਾਜਿਕ ਤੁਲਨਾ, ਸਾਈਬਰ ਧੱਕੇਸ਼ਾਹੀ ਅਤੇ ਗ਼ੈਰ-ਯਥਾਰਥਵਾਦੀ ਔਨਲਾਈਨ ਆਦਰਸ਼ਾਂ ਕਾਰਨ ਚਿੰਤਾ ਤੇ ਉਦਾਸੀ ਨੂੰ ਵਧਾਉਂਦਿਆਂ ਸਵੈ-ਮਾਣ ਨੂੰ ਘਟਾਉਂਦਾ ਹੈ। ਅਧਿਐਨ ਦਰਸਾਉਂਦੇ ਹਨ ਕਿ ਲਗਭਗ 27 ਫ਼ੀਸਦੀ ਅੱਲੜ੍ਹਾਂ ਨੂੰ ਸੋਸ਼ਲ ਮੀਡੀਆ ਦੀ ਲਤ ਦੇ ਸੰਕੇਤ ਮਿਲੇ ਹਨ ਅਤੇ 65 ਫ਼ੀਸਦੀ ਅੱਲੜ੍ਹ ਬੱਚੇ ਔਨਲਾਈਨ ਸਮੱਗਰੀ ਕਾਰਨ ਹੀਣੇ ਮਹਿਸੂਸ ਕਰਦੇ ਹਨ, ਜਿਸ ਨਾਲ ਉਨ੍ਹਾਂ ਦੀ ਪੜ੍ਹਾਈ ਅਤੇ ਅਸਲ ਜੀਵਨ ਦੇ ਰਿਸ਼ਤੇ ਨਾਤੇ ਪ੍ਰਭਾਵਿਤ ਹੁੰਦੇ ਹਨ। ਬੱਚਿਆਂ ਵਿੱਚ ਨੀਂਦ ਸਬੰਧੀ ਵਿਕਾਰ (40 ਫ਼ੀਸਦੀ ਬੱਚੇ ਇਸ ਤੋਂ ਪੀੜਤ ਹਨ), ਸਾਈਬਰ ਧੱਕੇਸ਼ਾਹੀ ਅਤੇ ਸਰੀਰਕ ਦਿੱਖ ਦੇ ਮਸਲੇ ਚਿੰਤਾ ਦਾ ਮੁੱਖ ਵਿਸ਼ਾ ਹਨ। ਐਸੋਚੈਮ ਦੇ ਇੱਕ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਟੀਅਰ-1 ਅਤੇ ਟੀਅਰ-2 (ਵੱਡੇ) ਸ਼ਹਿਰਾਂ ਵਿੱਚ ਰਹਿੰਦੇ ਅੱਠ-ਤੇਰ੍ਹਾਂ ਸਾਲ ਉਮਰ ਵਰਗ ਦੇ ਲਗਭਗ 73 ਫ਼ੀਸਦੀ ਬੱਚੇ ਸੋਸ਼ਲ ਮੀਡੀਆ ਐਪਸ ਦੀ ਵਰਤੋਂ ਕਰਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਬਹੁਤ ਛੋਟੀ ਉਮਰ ਵਿੱਚ ਹੀ ਅਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਹ ਬਿਲਕੁਲ ਢੁੱਕਵਾਂ ਵੇਲਾ ਹੈ ਕਿ ਭਾਰਤ ਸਰਕਾਰ ਕੰਪਨੀਆਂ ਦੁਆਰਾ ਨਿਯਮਾਂ ਦੀ ਸਵੈ-ਇੱਛਤ ਪਾਲਣਾ 'ਤੇ ਨਿਰਭਰ ਨਾ ਕਰੇ ਅਤੇ ਆਸਟਰੇਲਿਆਈ ਕਾਨੂੰਨ ਤੋਂ ਪ੍ਰੇਰਨਾ ਲਵੇ। ਭਾਰਤ ਨੂੰ ਅਜਿਹੇ ਪਲੈਟਫਾਰਮਾਂ ਦੀ ਵਰਤੋਂ ਲਈ ਉਮਰ ਸੀਮਾ ਨਿਰਧਾਰਤ ਕਰਨੀ ਚਾਹੀਦੀ ਹੈ ਅਤੇ ਨਿਯਮਾਂ ਦੀ ਉਲੰਘਣਾ ਲਈ ਢੁਕਵੇਂ ਜੁਰਮਾਨੇ ਲਗਾਉਣੇ ਚਾਹੀਦੇ ਹਨ। ਭਾਰਤ ਨੂੰ ਅਜਿਹਾ ਸਥਿਰ ਤੇ ਵਿਆਪਕ ਮਾਡਲ ਅਪਣਾਉਣਾ ਚਾਹੀਦਾ ਹੈ ਜੋ ਸਾਂਝੇ ਯੰਤਰਾਂ, ਵੱਖੋ-ਵੱਖ ਸਾਖਰਤਾ ਪੱਧਰਾਂ ਅਤੇ ਡਿਜੀਟਲ ਪਹੁੰਚ ਵਿੱਚ ਫ਼ਰਕ ਤੋਂ ਪਾਰ ਜਾ ਕੇ ਸਭ ਦੀ ਸੁਰੱਖਿਆ ਯਕੀਨੀ ਬਣਾਵੇ। ਉਮਰ-ਨਿਯੰਤਰਣ ਉਪਾਵਾਂ ਦੇ ਹਲੇ ਵਿੱਚ ਵਿ-ਦਅਕ ਸਮੱਗਰੀ ਤੇ ਸਾਧਨਾਂ ਤੱਕ ਪਹੁੰਚ ਨੂੰ ਸੀਮਤ ਨਹੀਂ ਕੀਤਾ ਜਾਣਾ ਚਾਹੀਦਾ। ਭਾਰਤ ਨੂੰ ਨਿੱਜੀ ਡੇਟਾ ਦੀ ਹੱਦੋਂ ਵੱਧ ਤਸਦੀਕ ਤੇ ਇਸ ਨੂੰ ਇਕੱਠਾ ਕਰਨ ਅਤੇ ਇਸ ਬਹਾਨੇ ਹੱਦੋਂ ਵੱਧ ਕੰਟਰੋਲ ਤੇ ਮਨਮਰਜ਼ੀਆਂ ਕਰਨ ਤੋਂ ਬਚਣਾ ਚਾਹੀਦਾ ਹੈ। ਭਾਰਤ ਵਿੱਚ 39 ਕਰੋੜ ਤੋਂ ਵੱਧ ਬੱਚੇ 16 ਸਾਲ ਤੱਕ ਉਮਰ ਦੇ ਹਨ, ਜੋ ਕੁੱਲ ਆਬਾਦੀ ਦਾ ਲਗਭਗ 27-28 ਫ਼ੀਸਦੀ ਹਿੱਸਾ ਹੈ। ਉਨ੍ਹਾਂ ਦੇ ਵਿਕਸਿਤ ਹੋ ਰਹੇ ਦਿਮਾਗ਼ਾਂ ਨੂੰ ਅਜਿਹੀ ਬੇਲੋੜੀ ਜਾਣਕਾਰੀ ਤੋਂ ਲਾਜ਼ਮੀ ਬਚਾਉਣਾ ਚਾਹੀਦਾ ਹੈ ਜੋ ਉਨ੍ਹਾਂ ਦੇ ਆਤਮ-ਵਿਸ਼ਵਾਸ ਨੂੰ ਕਮਜ਼ੋਰ ਅਤੇ ਨਜ਼ਰੀਏ ਨੂੰ ਗੰਧਲਾ ਕਰਦੀ ਹੈ।

# ਸ੍ਰੀ ਫ਼ਤਹਿਗੜ੍ਹ ਸਾਹਿਬ ਦਾ ਇਤਿਹਾਸ ਅਤੇ ਇਤਿਹਾਸਕ ਇਮਾਰਤਾਂ



ਪੰਜਾਬ ਦੀ ਧਰਤੀ ਗੁਰੂ ਸਾਹਿਬਾਨ ਦੀਆਂ ਪਵਿੱਤਰ ਯਾਦਾਂ ਨਾਲ ਭਰੀ ਪਈ ਹੈ। ਇਸੇ ਧਰਤੀ 'ਤੇ ਉਹ ਇਤਿਹਾਸਕ ਵਿਰਾਸਤਾਂ ਮੌਜੂਦ ਹਨ, ਜਿਨ੍ਹਾਂ ਨੂੰ ਸਾਡੀਆਂ ਸਰਕਾਰਾਂ ਨੇ ਦਹਾਕਿਆਂ ਤੋਂ ਅਣਗੌਲਿਆ ਛੱਡਿਆ ਹੋਇਆ ਹੈ। ਉਨ੍ਹਾਂ ਵਿੱਚੋਂ ਸਭ ਤੋਂ ਵੱਡਾ ਤੇ ਸਭ ਤੋਂ ਦਰਦਨਾਕ ਨਾਂ ਹੈ ਸਰਹਿੰਦ ਦਾ। ਉਹ ਮਹਾਨ ਨਗਰ, ਜਿਸ ਨੇ ਮੁਗ਼ਲ ਸਾਮਰਾਜ ਦੇ ਸਮੇਂ ਪੂਰਬੀ ਪੰਜਾਬ ਦੀ ਰਾਜਧਾਨੀ ਹੋਣ ਦਾ ਰੁਤਬਾ ਭੋਗਿਆ, ਜਿੱਥੇ ਲਗਪਗ ਪੰਜ ਸੌ ਸ਼ਾਹੀ ਬਾਗ਼, ਮਹਿਲ, ਕਿਲ੍ਹੇ, ਸਰਾਵਾਂ ਦਰਗਾਹਾਂ ਤੇ ਮਸੀਤਾਂ ਸਨ। ਜੋ ਕਦੇ ਦਿੱਲੀ ਤੋਂ ਲਾਹੌਰ ਜਾਂਦੇ ਮਾਰਗ 'ਤੇ ਸਭ ਤੋਂ ਵੱਡਾ ਸੈਨਿਕ ਤੇ ਵਪਾਰਕ ਕੇਂਦਰ ਸੀ। ਅੱਜ ਉਸੇ ਸਰਹਿੰਦ ਦੇ ਜ਼ਿਆਦਾਤਰ ਨਿਸ਼ਾਨ ਖੰਡਰਾਂ 'ਚ ਤਬਦੀਲ ਹੋ ਚੁੱਕੇ ਹਨ ਤੇ ਜੋ ਕੁਝ ਬਚੇ ਹਨ, ਉਹ ਵੀ ਆਖ਼ਰੀ ਸਾਹ ਲੈ ਰਹੇ ਹਨ। ਇਤਿਹਾਸ ਦੇ ਸਭ ਤੋਂ ਦਰਦਨਾਕ ਪਰ ਸਭ ਤੋਂ ਗੌਰਵਮਈ ਅਧਿਆਏ ਦੀ ਗਵਾਹ ਵੀ ਇਹੀ ਸਰਹਿੰਦ ਹੈ, ਜਦੋਂ ਦਸੰਬਰ 1704 ਵਿਚ ਇੱਥੋਂ ਦੇ ਗਵਰਨਰ ਵਜ਼ੀਰ ਖ਼ਾਨ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਿਹ ਸਿੰਘ ਤੇ ਮਾਤਾ ਗੁਜਰੀ ਜੀ ਨੂੰ ਸ਼ਹੀਦ ਕਰਵਾ ਦਿੱਤਾ ਸੀ।

### ਤ੍ਰਿਘਟਾ ਤੋਂ ਫ਼ਤਹਿਗੜ੍ਹ ਸਾਹਿਬ ਤਕ

ਸਰਹਿੰਦ ਜਾਂ ਅੱਜ ਦਾ ਸ੍ਰੀ ਫ਼ਤਹਿਗੜ੍ਹ ਸਾਹਿਬ ਭਾਰਤੀ ਉੱਤਰ-ਪੱਛਮ ਦਾ ਸਭ ਤੋਂ ਪੁਰਾਣਾ ਤੇ ਸਭ ਤੋਂ ਰਣਨੀਤਕ ਮਹੱਤਵ ਵਾਲਾ ਸ਼ਹਿਰ ਰਿਹਾ ਹੈ। ਇਸ ਦੇ ਨਾਂ ਦਾ ਸਫ਼ਰ ਬਹੁਤ ਲੰਮਾ ਹੈ। ਪੰਜਵੀਂ ਸਦੀ ਈਸਾ ਪੂਰਵ ਵਿਚ ਵਿਆਕਰਣਕਾਰ ਪਾਣਿਨੀ ਨੇ ਇਸ ਖੇਤਰ ਨੂੰ ਸ਼ਾਸ਼ਥ ਪ੍ਰਦੇਸ਼ ਤੇ ਤ੍ਰਿਘਟਾ ਲਿਖਿਆ। ਵਰਾਹ ਮਿਹਿਰ ਤੇ ਚੀਨੀ ਯਾਤਰੀ ਹਿਊਨਸਾਂਗ ਨੇ ਵੀ ਤ੍ਰਿਘਟਾ ਹੀ ਦਰਜ ਕੀਤਾ। ਮਹਾਭਾਰਤ 'ਚ ਇਸ ਦੇ ਰਾਜੇ ਸੁਸ਼ਰਮਾ ਦਾ ਜ਼ਿਕਰ ਮਿਲਦਾ ਹੈ, ਜੋ ਕੌਰਵ ਪੱਖੀ ਸੀ ਤੇ ਕੁਰੂਕਸ਼ੇਤਰ ਦੀ ਲੜਾਈ ਵਿਚ ਲੜਿਆ। ਪ੍ਰਾਚੀਨ ਸਮੇਂ ਇੱਥੇ ਸੈਰਿੰਦਰੀ ਜਾਂ ਸਹਿਰਿੰਦਰੀ ਜਾਤੀ ਦੀ ਬਹੁਤਾਤ ਸੀ, ਜਿਸ ਕਾਰਨ ਨਾਂ ਸਰਹਿੰਦ ਪੈ ਗਿਆ। ਕੁਝ ਇਸਲਾਮੀ ਲਿਖਤਾਂ 'ਚ ਇਸ ਨੂੰ ਸ਼ੀਂਹਰਹਿੰਦ (ਸ਼ੇਰਾਂ ਵਾਲਾ ਇਲਾਕਾ) ਵੀ ਲਿਖਿਆ ਗਿਆ ਕਿਉਂਕਿ ਇਹ ਸੰਘਣੇ ਜੰਗਲਾਂ ਤੇ ਸਤਲੁਜ ਦੂਰ ਹੋਣ ਕਾਰਨ ਸ਼ੇਰਾਂ ਦਾ ਖੇਤਰ ਸੀ।

ਸਰਹਿੰਦ ਦੀ ਸਥਾਪਨਾ ਬਾਰੇ ਇਤਿਹਾਸਕਾਰਾਂ 'ਚ ਮੱਤਭੇਦ ਹਨ। ਵਲੀ-ਉੱਲਾਹ ਸਿੱਦੀਕੀ ਅਨੁਸਾਰ 474 ਈਸਵੀ ਵਿਚ ਲਾਹੌਰ ਦੇ ਰਾਜਾ ਸਾਹਿਰ ਰਾ ਨੇ ਇਸ ਨੂੰ ਵਸਾਇਆ। ਦੂਜੇ ਪਾਸੇ ਮੁਹੰਮਦ ਹਾਸ਼ਿਮ ਕਾਸਮੀ ਤੇ ਹੋਰ ਲੇਖਕ ਫ਼ਿਰੋਜ਼ ਸ਼ਾਹ ਤੁਗਲਕ (1351-1388) ਨੂੰ ਸੰਸਥਾਪਕ ਮੰਨਦੇ ਹਨ, ਜਿਸ ਨੇ ਆਪਣੇ ਗੁਰੂ ਸੱਯਦ ਜਲਾਲ-ਉਦ-ਦੀਨ ਬੁਖ਼ਾਰੀ ਦੇ ਮਸ਼ਵਰੇ 'ਤੇ ਸ਼ਹਿਰ ਵਸਾਇਆ। ਅਮੀਨ ਅਹਿਮਦ ਰਜ਼ੀ ਤੇ ਮੱਧ ਏਸ਼ਿਆਈ ਯਾਤਰੀ ਮਹਿਮੂਦ ਬਿਨ ਅਹਿਮਦ ਅਮੀਰ ਬਲਖ਼ੀ (1625 ਦੇ ਆਸ-ਪਾਸ) ਨੇ ਵੀ ਸਰਹਿੰਦ/ਸਿਰਹਿੰਦ ਨਾਂ ਦੀ ਪੁਸ਼ਟੀ ਕੀਤੀ। ਮੱਧਕਾਲ 'ਚ ਸਰਹਿੰਦ ਦਿੱਲੀ-ਲਾਹੌਰ ਮਾਰਗ ਦਾ ਸਭ ਤੋਂ ਰਣਨੀਤਕ ਦਰਵਾਜ਼ਾ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਮੁਹੰਮਦ ਗੌਰੀ ਦੇ ਹਮਲੇ ਸਮੇਂ ਇਹ ਪ੍ਰਿਥਵੀਰਾਜ ਚੌਹਾਨ ਦੀ ਦੂਜੀ ਸਭ ਤੋਂ ਵੱਡੀ ਸੈਨਿਕ ਚੌਕੀ ਸੀ (ਪਹਿਲੀ ਤਬਰਹਿੰਦ/ਬਠਿੰਡਾ)। ਹਰ ਦਿੱਲੀ ਹਾਕਮ ਦੇ ਬਦਲਣ ਨਾਲ ਇੱਥੇ ਦਾ ਫ਼ੌਜਦਾਰ ਵੀ ਬਦਲਦਾ ਰਿਹਾ। 1555 ਵਿਚ ਹਮਾਯੂੰ ਨੇ ਮਾਛੀਵਾੜੇ ਦੀ ਜੰਗ ਜਿੱਤ ਕੇ ਸਰਹਿੰਦ 'ਤੇ ਕਬਜ਼ਾ ਕੀਤਾ ਤੇ ਫਿਰ ਦਿੱਲੀ 'ਤੇ ਰਾਜ ਕੀਤਾ। ਅਕਬਰ ਨੇ ਸਮਾਣਾ-ਸੁਨਾਮ ਨੂੰ ਮਿਲਾ ਕੇ ਇਸ ਨੂੰ 'ਸਰਕਾਰ-ਏ-ਸਰਹਿੰਦ' ਦਾ ਦਰਜਾ ਦਿੱਤਾ, ਜੋ 1764 ਤਕ ਚੱਲਿਆ। ਸਿਕੰਦਰ ਲੋਧੀ ਦੇ ਸਮੇਂ ਸ਼ਹਿਰ ਦਾ ਸਭ ਤੋਂ ਵੱਡਾ ਵਿਕਾਸ ਹੋਇਆ। ਉਸ ਨੇ ਸੈਂਕੜੇ ਏਕੜ ਅੰਬਾਂ ਦਾ ਬਾਗ਼, ਵਿਸ਼ਾਲ ਸਰੋਵਰ ਤੇ ਆਪਣੀ ਮਰਹੂਮ ਭੈਣ ਬੀਬੀ ਤਾਜ ਮੁਰਸਾ ਦਾ ਰੇਤੀਲੇ ਪੱਥਰਾਂ ਵਾਲਾ ਮਕਬਰਾ ਬਣਵਾਇਆ। ਉਸੇ ਸਰੋਵਰ ਵਿਚ ਪਾਰਸ ਪੱਥਰ ਦੀ ਭਾਲ 'ਚ ਪੂਰੀ ਫ਼ੌਜ ਸਮੇਤ ਹਾਥੀ-ਘੋੜੇ ਉਤਾਰੇ ਗਏ ਪਰ ਪੱਥਰ ਨਾ ਮਿਲਿਆ ਤੇ ਬਾਰ੍ਹਾਂ ਸਾਲ ਬਾਅਦ ਸਰੋਵਰ ਮਿੱਟੀ ਨਾਲ ਭਰ ਦਿੱਤਾ ਗਿਆ। ਅੱਜ ਉਹ ਥਾਂ ਡੇਰਾ ਮੀਰ ਮੀਰਾਂ ਪਿੰਡ ਵਿਚ ਹੈ।

ਮੁਗ਼ਲ ਤੇ ਬਾਅਦ ਦੇ ਸਮੇਂ ਵਿਚ ਸਰਹਿੰਦ ਦੇ ਫ਼ੌਜਦਾਰਾਂ ਦੀ ਲੰਮੀ ਸੂਚੀ ਹੈ, ਰਾਜਾ ਟੋਡਰ ਮੱਲ, ਸ਼ੇਖ ਅਬਦੁਲ ਅਜ਼ੀਜ਼, ਦਿਲਾਵਰ ਖ਼ਾਂ, ਵਜ਼ੀਰ ਖ਼ਾਂ (1699-1710) ਜਿਸ ਨੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਨੂੰ ਸ਼ਹੀਦ ਕਰਵਾਇਆ। 1710 ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਵਜ਼ੀਰ ਖ਼ਾਂ ਨੂੰ ਮਾਰ ਕੇ ਸਰਹਿੰਦ ਫ਼ਤਹਿ ਕੀਤਾ। 1764 ਵਿਚ ਦਲ ਖ਼ਾਲਸਾ ਦੀਆਂ ਸੱਤ ਮਿਸਲਾਂ ਨੇ ਜੈਨ ਖ਼ਾਂ ਨੂੰ ਮਾਰ ਕੇ ਪੂਰਾ ਪ੍ਰਦੇਸ਼ ਸੱਤ ਹਿੱਸਿਆਂ ਵਿਚ ਵੰਡ ਲਿਆ। ਮਹਾਰਾਜਾ ਆਲਾ ਸਿੰਘ ਤੇ ਕਰਮ ਸਿੰਘ ਨੇ ਸਾਰੇ

**ਪਰਦੀਪ ਸਿੰਘ ਢਿੱਲੋਂ**

ਕਿਲ੍ਹੇ-ਮਹਿਲ ਢਾਹ ਕੇ ਨਾਂ ਬਦਲ ਕੇ ਸ੍ਰੀ ਫ਼ਤਹਿਗੜ੍ਹ ਸਾਹਿਬ ਰੱਖ ਦਿੱਤਾ। 1882 ਵਿਚ ਬਣੀ ਸਰਹਿੰਦ ਨਹਿਰ ਨੇ ਇਸ ਜੰਗਲ ਦੇ ਇਲਾਕੇ ਨੂੰ ਦੁਨੀਆ ਦੇ ਸਭ ਤੋਂ ਉਪਜਾਊ ਖੇਤਰਾਂ 'ਚ ਬਦਲ ਦਿੱਤਾ। 19ਵੀਂ ਸਦੀ 'ਚ ਫ਼ਰਾਂਸੀਸੀ ਯਾਤਰੀ ਵੀ। ਜੈਕਮਾਊਂਟ ਨੇ ਲਿਖਿਆ ਕਿ ਉਸ ਨੇ ਭਾਰਤ ਵਿਚ ਅਜਿਹੇ ਖੰਡਰ ਕਿਤੇ ਨਹੀਂ ਵੇਖੇ, ਜੋ 15 ਵਰਗ ਕਿਲੋਮੀਟਰ ਤੱਕ ਫੈਲੇ ਹੋਣ। ਅੱਜ ਵੀ ਸ਼ੇਖ ਅਹਿਮਦ ਸਰਹਿੰਦੀ ਦੀ ਮਜ਼ਾਰ, ਸ਼ਾਹ ਮਾਸੂਮ ਦਾ ਰੋਜ਼ਾ, ਭਗਤ ਸਧਨਾ ਦੀ ਮਸਜਿਦ, ਬੀਬੀ ਤਾਜ ਮੁਰਸਾ ਦਾ ਮਕਬਰਾ, ਆਮ ਖ਼ਾਸ ਬਾਗ਼ ਆਦਿ ਸਥਾਨ ਸਿੱਖਣ ਤੇ ਸਹਿਣਸ਼ੀਲਤਾ ਦੀਆਂ ਜਿਉਂਦੀਆਂ ਮਿਸਾਲਾਂ ਹਨ। 13 ਅਪ੍ਰੈਲ 1992 ਨੂੰ ਸ੍ਰੀ ਫ਼ਤਹਿਗੜ੍ਹ ਸਾਹਿਬ ਜ਼ਿਲ੍ਹਾ ਬਣਿਆ ਪਰ ਹਮੇਸ਼ਾ ਅਣਗੌਲਿਆ ਰਿਹਾ। ਸਰਕਾਰਾਂ ਨੇ ਹੋਰ ਤਾਂ ਕੀ ਕਰਨਾ ਸੀ ਸਗੋਂ ਇਲਾਕੇ ਦੇ ਪਿੰਡਾਂ ਨੂੰ ਆਪਣੇ ਜ਼ਿਲ੍ਹੇ ਅਤੇ ਵੱਡੇ ਇਤਿਹਾਸਿਕ ਤੇ ਧਾਰਮਿਕ ਸਥਾਨ ਨਾਲ ਜੋੜਦੀਆਂ ਸੜਕਾਂ ਦੀ ਹਾਲਤ ਸੁਧਾਰਨ ਤਕ ਵੀ ਕਦੇ ਧਿਆਨ ਨਹੀਂ ਦਿੱਤਾ। ਪ੍ਰਾਚੀਨ ਤ੍ਰਿਘਟਾ-ਸ਼ਾਸ਼ਥ ਤੋਂ ਲੈ ਕੇ ਅੱਜ ਦੇ ਫ਼ਤਹਿਗੜ੍ਹ ਸਾਹਿਬ ਤਕ ਇਹ ਸ਼ਹਿਰ ਇਤਿਹਾਸ ਦੇ ਹਰ ਦੌਰ ਦਾ ਗਵਾਹ ਬਣਿਆ ਰਿਹਾ ਹੈ।



### ਦੀਵਾਨ ਟੋਡਰ ਮੱਲ ਜਹਾਜ਼ ਹਵੇਲੀ

ਇਹ ਇਤਿਹਾਸਕ ਇਮਾਰਤ ਮੁਗ਼ਲ ਕਾਲ 'ਚ ਦੀਵਾਨ ਟੋਡਰ ਮੱਲ ਦੀ ਰਿਹਾਇਸ਼ ਸੀ। ਇਹ 17ਵੀਂ ਸਦੀ ਦੀ ਆਲੀਸ਼ਾਨ ਰਿਹਾਇਸ਼ੀ ਇਮਾਰਤ ਸੀ। ਇਹ ਮੁਗ਼ਲ ਵਾਸਤੂਕਲਾ ਦਾ ਨਮੂਨਾ ਹੈ, ਜੋ ਸਰਹਿੰਦੀ ਇੱਟਾਂ (ਨਾਨਕਸ਼ਾਹੀ ਇੱਟਾਂ) ਨਾਲ ਬਣੀ ਹੋਈ ਸੀ ਤੇ ਨਵਾਬ ਵਜ਼ੀਰ ਖ਼ਾਂ ਦੇ ਮਹਿਲ ਨੇੜੇ ਸਥਿਤ ਸੀ। ਇਸ ਦੀਆਂ ਵਿਸ਼ੇਸਤਾਵਾਂ 'ਚ ਵਿਸ਼ਾਲ ਰਿਸੈਪਸ਼ਨ ਖੇਤਰ ਸ਼ਾਮਿਲ ਸੀ, ਜਿੱਥੇ ਮਹਿਮਾਨਾਂ ਦਾ ਸਵਾਗਤ ਤੇ ਸਨਮਾਨ ਕੀਤਾ ਜਾਂਦਾ ਸੀ। ਹਵੇਲੀ 'ਚ ਚੰਗੀ ਤਰ੍ਹਾਂ ਵਿਵਸਥਿਤ ਬਾਗ਼-ਬਗੀਚੇ ਸਨ, ਜਿਨ੍ਹਾਂ ਵਿਚ ਫੁਹਾਰੇ, ਤਲਾਬ ਅਤੇ ਪਾਣੀ ਦੀਆਂ ਸੁੰਦਰ ਵਿਵਸਥਾਵਾਂ ਸਨ, ਜੋ ਇਸ ਨੂੰ ਸਮੁੰਦਰੀ ਜਹਾਜ਼ ਵਰਗੀ ਆਕ੍ਰਿਤੀ ਪ੍ਰਦਾਨ ਕਰਦੀਆਂ ਸਨ। ਇਹ ਹਵੇਲੀ ਗੁਰੂ ਸਾਹਿਬ ਦੇ ਸ਼ਰਧਾਲੂ ਟੋਡਰ ਮੱਲ ਦੀ ਅਮੀਰੀ ਤੇ ਸਰਕਾਰੀ ਪ੍ਰਭਾਵ ਨੂੰ ਦਰਸਾਉਂਦੀ ਸੀ ਪਰ ਸਾਹਿਬਜ਼ਾਦਿਆਂ ਦੇ ਸਸਕਾਰ ਤੋਂ ਬਾਅਦ ਵਜ਼ੀਰ ਖ਼ਾਂ ਦੇ ਕ੍ਰੋਧ ਕਾਰਨ ਇਹ ਖੰਡਰ ਬਣ ਗਈ। ਹਾਲਾਂਕਿ ਬੰਦਾ ਸਿੰਘ ਬਹਾਦਰ ਤੇ ਸਿੱਖ ਮਿਸਲਾਂ ਨੇ ਇਸ ਨੂੰ ਛੱਡ ਦਿੱਤਾ ਸੀ। ਅੱਜ ਇਹ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ 'ਚ ਹਰਨਾਮ ਨਗਰ ਵਿਖੇ ਹੈ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਆਦਿ ਸੰਸਥਾਵਾਂ ਵੱਲੋਂ ਮੁੜ ਬਹਾਲੀ ਹੋ ਰਹੀ ਹੈ।



ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਸਸਕਾਰ ਲਈ ਸੋਨੇ ਦੀਆਂ ਮੋਹਰਾਂ ਵਿਛਾ ਕੇ ਜ਼ਮੀਨ ਖ਼ਰੀਦਣ ਵਾਲੀ ਮਹਾਨ ਕੁਰਬਾਨੀ ਨੇ ਇਸ ਹਵੇਲੀ ਨੂੰ ਸਿੱਖ ਇਤਿਹਾਸ ਦੀ ਅਮੁੱਲੀ ਨਿਸ਼ਾਨੀ ਬਣਾ ਦਿੱਤਾ। 1980 'ਚ ਪੰਜਾਬ ਸਰਕਾਰ ਨੇ ਇਸ ਨੂੰ ਸੁਰੱਖਿਅਤ ਐਲਾਨਿਆ। ਫਿਰ 2003 'ਚ ਸਾਬਕਾ ਆਈਏਐੱਸ ਨਵਜੋਤਪਾਲ ਸਿੰਘ ਰੰਧਾਵਾ ਨੇ ਪੰਜਾਬ ਵਿਰਾਸਤ ਚੈਰੀਟੇਬਲ ਟਰੱਸਟ ਰਾਹੀਂ ਪੁਰਾਣੇ ਮਾਲਕਾਂ ਤੋਂ ਖ਼ਰੀਦੀ ਤੇ 2008 ਵਿਚ ਬਿਨਾਂ ਕੀਮਤ ਲਏ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਦੇ ਨਾਂ ਰਜਿਸਟਰੀ ਕਰਵਾ ਦਿੱਤੀ। ਲੱਗਦੀ ਜ਼ਮੀਨ ਤਬਾਦਲੇ ਨਾਲ ਕੁੱਲ ਰਕਬਾ 7-8 ਕਨਾਲ ਹੋ ਗਿਆ।

ਮੁੜ-ਬਹਾਲੀ ਦਾ ਸਫ਼ਰ 16 ਸਾਲ ਤਕ ਕਾਨੂੰਨੀ ਤੇ ਪ੍ਰਸ਼ਾਸਨਿਕ ਅੜਚਨਾਂ 'ਚ ਫਸਿਆ ਰਿਹਾ। 2020 'ਚ ਜਨਹਿੱਤ ਪਟੀਸ਼ਨ ਕਾਰਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕੰਮ ਰੋਕ ਦਿੱਤਾ ਸੀ। 2022 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੂਰਾ ਪ੍ਰਾਜੈਕਟ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਪੰਜਾਬ ਨੂੰ ਸੌਂਪ ਦਿੱਤਾ। 2024 ਦੇ ਅੰਤ ਵਿਚ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਐੱਚਸੀ ਅਰੋੜਾ, ਪੁਰਾਤਤਵ ਵਿਭਾਗ ਦੇ ਅਧਿਕਾਰੀ ਤੇ ਫਾਊਂਡੇਸ਼ਨ ਦੇ ਪ੍ਰਧਾਨ ਲਖਵਿੰਦਰ ਸਿੰਘ ਕਾਹਨੇਕੇ ਦੀ ਮੀਟਿੰਗ ਵਿਚ ਸਾਰੇ ਇਤਰਾਜ਼ ਦੂਰ ਹੋ ਗਏ। ਐੱਚਸੀ ਅਰੋੜਾ ਨੇ ਫਾਊਂਡੇਸ਼ਨ ਨੂੰ ਪੂਰਨ ਸਹਿਯੋਗ ਦੇਣ ਦਾ ਐਲਾਨ ਕੀਤਾ ਤੇ 14 ਸਾਲ ਪੁਰਾਣਾ ਕੇਸ ਹਮੇਸ਼ਾ ਲਈ ਨਿਪਟ ਗਿਆ। 2025 'ਚ ਕੰਮ ਨੂੰ ਅਸਲ ਰਫ਼ਤਾਰ ਮਿਲੀ। 23 ਫਰਵਰੀ ਨੂੰ ਸੱਭਿਆਚਾਰ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਵੱਡੇ ਸਮਾਗਮ 'ਚ ਨੀਂਹ ਪੱਥਰ ਰੱਖਿਆ। ਫਾਊਂਡੇਸ਼ਨ ਨੇ ਪਹਿਲਾਂ ਹੀ 50 ਲੱਖ ਰੁਪਏ ਤੋਂ ਵੱਧ ਖ਼ਰਚ ਕੇ ਮੁੱਢਲਾ ਕੰਮ ਸ਼ੁਰੂ ਕਰ ਦਿੱਤਾ ਸੀ। ਹਵੇਲੀ ਦੀ ਮੁੜ ਉਸਾਰੀ ਦਾ ਕੰਮ ਮੁੜ ਤੋਂ ਸ਼ੁਰੂ ਕਰਨ ਲਈ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਪੰਜਾਬ ਨੂੰ ਲਗਪਗ ਤਿੰਨ ਸਾਲ ਸਮਾਂ ਲੱਗ ਗਿਆ। ਇਸ ਰਾਹ ਵਿਚ ਕਈ ਅੜਿੱਕੇ ਸਨ। ਭਾਰਤ ਸਰਕਾਰ ਤੇ ਪੰਜਾਬ ਸਰਕਾਰ ਦੇ ਪੁਰਾਤਤਵ ਵਿਭਾਗਾਂ ਤੇ ਇਸ ਥਾਂ ਦੀ ਮਾਲਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਮਨਜ਼ੂਰੀ ਦੀ ਵੀ ਜ਼ਰੂਰਤ ਸੀ। ਇਸ ਤੋਂ ਇਲਾਵਾ ਮੌਜੂਦਾ ਢਾਂਚੇ ਦੀ ਸਟਰੈਂਥ ਚੈੱਕ ਕਰਨਾ ਤੇ ਇਸ ਦਾ ਅਸਲੀ ਰੂਪ ਵੀ ਬਚਾ ਕੇ ਰੱਖਣਾ ਆਦਿ ਲਈ ਕਈ ਵਿਭਾਗਾਂ ਤੋਂ ਮਨਜ਼ੂਰੀ ਚਾਹੀਦੀ ਸੀ। ਫਾਊਂਡੇਸ਼ਨ ਨੇ ਪੰਜਾਬ ਸਰਕਾਰ ਨਾਲ ਦੇਰ ਰਾਤ ਤਕ ਮੀਟਿੰਗਾਂ ਕਰ ਕੇ ਤੇ ਸਬੰਧਿਤ ਵਿਭਾਗਾਂ ਤੋਂ ਫਾਈਲਾਂ ਕਲੀਅਰ ਕਰਵਾਉਣ ਪਿੱਛੋਂ ਇਸ ਇਤਿਹਾਸਕ ਹਵੇਲੀ ਦੇ ਅਸਲੀ ਰੂਪ 'ਚ ਮੁੜ ਨਿਰਮਾਣ ਦਾ ਰਾਹ ਸਾਫ਼ ਕੀਤਾ। 23 ਫਰਵਰੀ ਦੇ ਸਮਾਗਮ ਮੌਕੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਸੀ ਕਿ ਹਵੇਲੀ ਦੀ ਮੁੜ ਉਸਾਰੀ ਤੇ ਮਿਊਜ਼ੀਅਮ ਆਦਿ ਬਣਾਉਣ ਦੇ ਸਾਰੇ ਕੰਮਾਂ 'ਤੇ 50 ਕਰੋੜ ਰੁਪਏ ਖ਼ਰਚਾ ਆਉਣ ਦਾ ਅੰਦਾਜ਼ਾ ਹੈ। ਹੁਣ 18ਵੀਂ ਸਦੀ ਵਾਲੇ ਅਸਲ ਰੂਪ ਵਿਚ ਨਾਨਕਸ਼ਾਹੀ ਇੱਟਾਂ ਨਾਲ ਹਵੇਲੀ ਮੁੜ ਬਣਾਈ ਜਾ ਰਹੀ ਹੈ। ਭਵਿੱਖ 'ਚ ਇੱਥੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਨੂੰ ਸਮਰਪਿਤ ਲਾਇਬ੍ਰੇਰੀ ਤੇ ਪ੍ਰਦਰਸ਼ਨੀ ਵੀ ਬਣੇਗੀ। ਪੰਜਾਬ ਸਰਕਾਰ ਨੇ ਇਸ ਨੂੰ ਟੂਰਿਜ਼ਮ ਹੱਬ ਦਾ ਹਿੱਸਾ ਬਣਾਉਣ ਦੀ ਯੋਜਨਾ ਵਿਚ ਸ਼ਾਮਿਲ ਕਰ ਲਿਆ ਹੈ। ਫਾਊਂਡੇਸ਼ਨ ਮੁਤਾਬਿਕ 2026 ਤਕ ਪੂਰਾ ਪ੍ਰਾਜੈਕਟ ਮੁਕੰਮਲ ਹੋ ਜਾਵੇਗਾ ਤੇ ਜਹਾਜ਼ ਹਵੇਲੀ ਸਿੱਖ ਤੇ ਪੰਜਾਬੀ ਵਿਰਾਸਤ ਦੀ ਜਿਉਂਦੀ ਜਾਗਦੀ ਮਿਸਾਲ ਬਣ ਕੇ ਫਿਰ ਆਪਣੀ ਪੁਰਾਣੀ ਸ਼ਾਨ ਨਾਲ ਚਮਕੇਗੀ।

### ਅਣਗੌਲਿਆ ਆਮ ਖ਼ਾਸ ਬਾਗ਼

ਜਦੋਂ ਮੁਗ਼ਲ ਬਾਦਸ਼ਾਹ ਦਿੱਲੀ ਤੋਂ ਲਾਹੌਰ ਜਾਂਦੇ ਤਾਂ ਰਸਤੇ 'ਚ ਅਜਿਹਾ ਬਾਗ਼ ਸੀ, ਜਿੱਥੇ ਪੂਰਾ ਕਾਫ਼ਲਾ ਰੁਕਦਾ। ਘੋੜੇ ਥੱਕ ਜਾਂਦੇ, ਹਾਥੀ ਆਰਾਮ ਕਰਦੇ ਤੇ ਬਾਦਸ਼ਾਹ ਆਪ ਵੀ ਸ਼ਾਨੋ-ਸ਼ੌਕਤ ਨਾਲ ਉਤਰਦੇ। ਉਹ ਬਾਗ਼ ਸੀ ਆਮ ਖ਼ਾਸ ਬਾਗ਼, ਸਰਹਿੰਦ। ਅਕਬਰ ਨੇ ਨੀਂਹ ਰੱਖੀ ਤੇ ਸ਼ਾਹਜਹਾਂ ਨੇ ਇਸ ਨੂੰ ਵਿਸਥਾਰ ਦਿੱਤਾ। ਇਸ ਦੇ ਦੋ ਹਿੱਸੇ ਬਣਾਏ ਗਏ। ਇਕ ਆਮ ਲੋਕਾਂ ਲਈ, ਦੂਜਾ ਸ਼ਾਹੀ ਮਹਿਮਾਨਾਂ ਲਈ। ਇਸੇ ਲਈ ਨਾਂ ਆਮ ਖ਼ਾਸ ਪਿਆ ਸੀ। ਇਸ ਦੇ ਸ਼ੀਸ਼ ਮਹੱਲ ਦੀਆਂ ਕੰਧਾਂ 'ਤੇ ਚਮਕਦੇ ਸ਼ੀਸ਼ੇ ਅਜੇ ਵੀ ਬਾਕੀ ਹਨ, ਜਿਨ੍ਹਾਂ ਵਿਚ ਕਦੇ ਸ਼ਾਹੀ ਚਿਹਰੇ ਝਲਕਦੇ ਹੋਣਗੇ। ਹਮਾਮ ਦੇ ਵਿਸ਼ਾਲ ਟਾਂਕੇ, ਪਾਣੀ ਦੇ ਉਹ ਚੈਨਲ ਜੋ ਫੁਹਾਰਿਆਂ ਨੂੰ ਜਿਉਂਦਾ ਕਰਦੇ ਸਨ ਤੇ ਉਹ ਫੁੱਲਦਾਰ ਬਗ਼ੀਚਾ, ਜਿੱਥੇ ਮੁਗ਼ਲ ਸ਼ਹਿਜ਼ਾਦੀਆਂ ਹੱਸਦੀਆਂ-ਖੇਡਦੀਆਂ ਹੋਣਗੀਆਂ, ਸਭ ਕੁਝ ਅਜੇ ਵੀ ਖੜ੍ਹਾ ਹੈ ਪਰ ਜਿਵੇਂ ਇਕ ਬੁੱਢਾ ਰਾਜਾ ਬਿਨਾਂ ਤਾਜ ਤੇ ਬਿਨਾਂ ਸੇਵਕਾਂ ਤੋਂ ਆਪਣੇ ਟੁੱਟੇ ਮਹਿਲ ਵਿਚ ਬੈਠਾ ਹੋਵੇ। ਦੁੱਖ ਦੀ ਗੱਲ ਹੈ ਕਿ ਇਸ ਵਿਰਾਸਤ ਨੂੰ ਬਚਾਉਣ ਦੇ ਸਾਰੇ ਐਲਾਨ ਸਿਰਫ਼ ਕਾਗਜ਼ਾਂ ਤਕ ਹੀ ਰਹਿ ਗਏ। ਵੱਡੇ-ਵੱਡੇ ਐਲਾਨਾਂ ਦੇ ਬਾਵਜੂਦ ਅੱਜ ਵੀ ਸ਼ੀਸ਼ ਮਹੱਲ ਦੀਆਂ ਕੰਧਾਂ ਡਿੱਗ ਰਹੀਆਂ ਹਨ। ਪਾਣੀ ਦੇ ਚੈਨਲ ਜਾਮ ਹਨ। ਫੁਹਾਰੇ ਸੁੱਕੇ ਪਏ ਹਨ। ਸਰਦਖ਼ਾਨੇ ਵਿਚ ਹੁਣ ਠੰਢੀ ਹਵਾ ਨਹੀਂ, ਸਿਰਫ਼ ਗੰਦਗੀ ਦੀ ਬਦਬੂ ਆਉਂਦੀ ਹੈ। ਇਸ ਦੀਆਂ ਪੱਕੀਆਂ ਰਾਹਾਂ 'ਚ ਦਰਾੜਾਂ ਪੈ ਗਈਆਂ ਹਨ, ਬੇਲਗਾਮ ਘਾਹ-ਬੂਟੇ ਉੱਗ ਆਏ ਹਨ, ਸੈਲਾਨੀ ਆਉਂਦਾ ਤਾਂ ਹੈ ਪਰ ਬੈਠਣ ਲਈ ਬੈਂਚ ਵੀ ਨਹੀਂ, ਪੀਣ ਲਈ ਪਾਣੀ ਵੀ ਨਹੀਂ। ਅਸਲ 'ਚ ਇਸ ਬਾਗ਼ ਨੂੰ ਪੁਰਾਤਨ ਤਰੀਕੇ ਨਾਲ ਵਿਗਿਆਨਕ ਮੁਰੰਮਤ ਦੀ ਲੋੜ ਹੈ। ਮੁਗ਼ਲ ਕਾਲ ਵਾਲੀਆਂ ਅਸਲ ਇੱਟਾਂ, ਪੁਰਾਣੇ ਚੂਨੇ-ਸੁਰਖੀ ਦਾ ਮਿਸ਼ਰਨ, ਉਹੀ ਪਾਣੀ ਦੀ ਵਿਵਸਥਾ ਜੋ ਸਦੀਆਂ ਤੋਂ ਚੱਲ ਰਹੀ ਸੀ। ਇਸ ਕੰਮ ਲਈ ਤਜਰਬੇਕਾਰ ਮਾਹਿਰ, ਲੰਮੀ ਮਿਆਦ ਦੀ ਯੋਜਨਾ ਤੇ ਵੱਡੇ ਬਜਟ ਦੀ ਲੋੜ ਹੈ। ਆਮ ਖ਼ਾਸ ਬਾਗ਼ ਸਿਰਫ਼ ਇਕ ਬਾਗ਼ ਨਹੀਂ, ਇਹ ਮੁਗ਼ਲ ਸਾਮਰਾਜ ਦੇ ਦੌਰ ਦੀਆਂ ਆਖ਼ਰੀ ਨਿਸ਼ਾਨੀਆਂ ਵਿੱਚੋਂ ਇੱਕ ਹੈ ਤੇ ਪੁਰਾਤਨ ਕਲਾਕਾਰੀ ਦਾ ਨਮੂਨਾ ਵੀ। ਇਹ ਸਾਡੀ ਸਹਿਣਸ਼ੀਲਤਾ ਦਾ ਪ੍ਰਤੀਕ ਹੈ, ਸਾਡੀ ਸਾਂਝੀ ਵਿਰਾਸਤ ਹੈ। ਜੇ ਅੱਜ ਅਸੀਂ ਇਸ ਨੂੰ ਨਾ ਬਚਾਇਆ ਤਾਂ ਕੱਲ੍ਹ ਸਾਡੇ ਬੱਚੇ ਸਿਰਫ਼ ਫੋਟੋਆਂ 'ਚ ਹੀ ਮੁਗ਼ਲ ਸ਼ਾਨ ਦੇਖਣਗੇ।

### ਵਜ਼ੀਰ ਖ਼ਾਨ ਦੇ ਕਿਲ੍ਹੇ ਦੀ ਥਾਂ ਉਸਰਿਆ ਹੈ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ

(ਬਾਕੀ ਅਗਲੇ ਸਫੇ 'ਤੇ)

# ਸ੍ਰੀ ਫ਼ਤਹਿਗੜ੍ਹ ਸਾਹਿਬ ਦਾ ਇਤਿਹਾਸ ਅਤੇ ਇਤਿਹਾਸਕ ਇਮਾਰਤਾਂ

(ਸਫਾ 20 ਦੀ ਬਾਕੀ)



ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਦੀ ਸ਼ਹਾਦਤ ਵਾਲੀ ਥਾਂ, ਜਿੱਥੇ ਹੁਣ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਬਣਿਆ ਹੋਇਆ ਹੈ, ਇਹ ਥਾਂ ਕਦੇ ਵਜ਼ੀਰ ਖ਼ਾਨ ਦੇ ਕਿਲ੍ਹੇ ਦਾ ਹਿਸਾ ਹੁੰਦੀ ਸੀ। ਪ੍ਰਿੰਸੀਪਲ ਸਤਿਬੀਰ ਸਿੰਘ ਮੁਤਾਬਿਕ 1762 ਦੇ ਵੱਡੇ ਘੱਲੂਘਾਰੇ ਸਮੇਂ 12 ਮਿਸਲਾਂ ਦੇ ਸਿੱਖਾਂ ਨੇ ਸਰਹਿੰਦ 'ਤੇ ਹਮਲਾ ਕਰ ਕੇ ਸੂਬੇਦਾਰ ਜੈਨ ਖ਼ਾਨ ਦਾ ਕਤਲ ਕਰ ਦਿੱਤਾ ਅਤੇ ਸਰਹਿੰਦ 'ਤੇ ਕਬਜ਼ਾ ਕਰ ਲਿਆ। ਇਹ ਸਾਰਾ ਇਲਾਕਾ 2500 ਰੁਪਏ ਨਜ਼ਰਾਨਾ ਲੈ ਕੇ ਪਟਿਆਲਾ ਵਾਲੇ ਬਾਬਾ ਆਲਾ ਸਿੰਘ ਨੂੰ ਸੌਂਪ ਦਿੱਤਾ ਗਿਆ। ਇਨ੍ਹਾਂ 12 ਮਿਸਲਾਂ ਦੇ ਸਹਿਯੋਗ ਨਾਲ ਹੀ ਬਾਬਾ ਆਲਾ ਸਿੰਘ ਨੇ 1763 ਈਸਵੀ ਵਿਚ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਥਾਨ 'ਤੇ ਗੁਰਦੁਆਰਾ ਸਾਹਿਬ ਦੀ ਨੀਂਹ ਰਖਵਾ ਕੇ 500 ਵਿੱਘੇ ਜ਼ਮੀਨ ਵੀ ਗੁਰੂ ਘਰ ਦੇ ਨਾਂ ਲਗਵਾ ਦਿੱਤੀ। ਇਸ ਪਿੱਛੋਂ ਈਸਵੀ 1813 ਵਿਚ ਮਹਾਰਾਜਾ ਕਰਮ ਸਿੰਘ ਪਟਿਆਲਾ ਨੇ ਗੁਰੂ ਘਰ ਦੀ ਨਵੀਂ ਇਮਾਰਤ ਬਣਵਾ ਕੇ ਲੰਗਰ ਸ਼ੁਰੂ ਕਰਵਾ ਦਿੱਤੇ। ਲੰਗਰ ਚੱਲਦਾ ਰੱਖਣ ਲਈ ਹੋਰ ਵੀ ਬਹੁਤ ਸਾਰੀ ਅਚੱਲ ਜਾਇਦਾਦ ਗੁਰੂ ਘਰ ਦੇ ਨਾਂ ਲਗਵਾ ਦਿੱਤੀ। ਕਾਫ਼ੀ ਸਮਾਂ ਇਸ ਗੁਰੂ ਘਰ ਦਾ ਪ੍ਰਬੰਧ ਪੁਜਾਰੀਆਂ ਦੇ ਹੱਥਾਂ ਵਿਚ ਚੱਲਦਾ ਰਿਹਾ ਪਰ ਇਹ ਪ੍ਰਬੰਧ ਸਹੀ ਨਾ ਚੱਲਦਾ ਹੋਣ ਕਾਰਨ ਪਟਿਆਲਾ ਸਰਕਾਰ ਨੇ ਈਸਵੀ 1906 ਵਿਚ ਇਨ੍ਹਾਂ ਪੁਜਾਰੀਆਂ ਵਿੱਚੋਂ ਹੀ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਬਣਾ ਦਿੱਤੀ, ਜੋ 42 ਸਾਲਾਂ ਤੱਕ ਕੰਮ ਕਰਦੀ ਰਹੀ। ਬਾਅਦ ਵਿਚ ਸਾਲ 1944 ਵਿਚ ਮਹਾਰਾਜਾ ਯਾਦਵਿੰਦਰ ਸਿੰਘ ਨੇ 'ਇੰਪਰੂਵਮੈਂਟ ਕਮੇਟੀ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਤੇ ਜੋਤੀ ਸਰੂਪ' ਦਾ ਗਠਨ ਕੀਤਾ। ਇਸ 13 ਮੈਂਬਰੀ ਕਮੇਟੀ ਦੇ ਨਾਲ ਹੀ ਪਟਿਆਲਾ ਦਰਬਾਰ ਦੇ ਕੁਝ ਅਧਿਕਾਰੀਆਂ ਦੀਆਂ ਨਿਯੁਕਤੀਆਂ ਵੀ ਕੀਤੀਆਂ ਗਈਆਂ, ਜਿਨ੍ਹਾਂ ਵਿਚ ਵਿਸਾਖਾ ਸਿੰਘ ਤੇ ਭਾਈ ਅਰਜਨ ਸਿੰਘ ਬਾਗੜੀਆ ਵੀ ਸ਼ਾਮਿਲ ਸਨ।

ਇਸ ਕਮੇਟੀ ਨੇ ਉਸ ਸਮੇਂ 8 ਲੱਖ 10 ਹਜ਼ਾਰ ਰੁਪਏ ਫੰਡ ਇਕੱਤਰ ਕੀਤਾ ਅਤੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਪ੍ਰਿੰਸੀਪਲ ਤਾਰਾ ਸਿੰਘ ਦੀ ਸਲਾਹ 'ਤੇ ਗੁਰੂ ਘਰ ਦਾ ਨਵਾਂ ਨਕਸ਼ਾ ਬਣਵਾਇਆ। ਇਸ ਨਕਸ਼ੇ ਅਨੁਸਾਰ ਹੀ 23 ਫੁੱਟ ਡੂੰਘੀਆਂ ਨੀਹਾਂ ਨਾਲ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਦੀ ਤਿੰਨ ਮੰਜ਼ਿਲਾ ਇਮਾਰਤ ਦੀ ਉਸਾਰੀ ਹੋਈ। ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਦੇ ਨਾਲ ਲਗਦਾ ਟਿੱਲਾ ਵੀ ਕਿਸੇ ਸਮੇਂ ਵਜ਼ੀਰ ਖ਼ਾਨ ਦੇ ਕਿਲ੍ਹੇ ਦਾ ਹਿੱਸਾ ਹੁੰਦਾ ਸੀ। ਬਾਬਾ ਬੰਦਾ ਸਿੰਘ ਬਹਾਦਰ ਦੇ ਹਮਲੇ ਸਮੇਂ ਇਸ ਕਿਲ੍ਹੇ ਨੂੰ ਢਾਹ ਦਿੱਤਾ ਗਿਆ, ਜੋ ਸਮਾਂ ਪਾ ਕੇ ਥੇਹ 'ਚ ਤਬਦੀਲ ਹੋ ਗਿਆ।

### ਗੁਰਦੁਆਰਾ ਜੋਤੀ ਸਰੂਪ ਸਾਹਿਬ

ਇਸ ਸਥਾਨ 'ਤੇ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਦਾ ਇੱਕੋ ਚਿਖਾ 'ਚ ਸਸਕਾਰ ਕੀਤਾ ਗਿਆ ਸੀ। ਇਸ ਪਿੱਛੋਂ ਭਾਈ ਜੋਧ ਸਿੰਘ ਨੇ ਅਸਥੀਆਂ ਘੜੇ 'ਚ ਪਾ ਕੇ ਇੱਥੇ ਦੱਬ ਦਿੱਤੀਆਂ ਸਨ। ਜਦੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਨੇ 1710 ਵਿਚ ਅਤੇ ਫਿਰ ਦਲ ਖ਼ਾਲਸਾ ਨੇ 1764 ਵਿਚ ਸਰਹਿੰਦ ਨੂੰ ਜਿੱਤਿਆ, ਉਦੋਂ ਤਕ ਸੰਸਕਾਰ ਵਾਲੀ ਥਾਂ 'ਤੇ ਕੋਈ ਯਾਦਗਾਰ ਨਹੀਂ ਉਸਾਰੀ ਗਈ ਸੀ। ਮਹਾਰਾਜਾ ਕਰਮ ਸਿੰਘ ਪਟਿਆਲਾ ਨੇ ਜਦੋਂ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਉਸਾਰਿਆ ਤਾਂ ਉਨ੍ਹਾਂ ਇਸ ਸਸਕਾਰ ਵਾਲੀ ਥਾਂ ਦੀ ਵੀ ਨਿਸ਼ਾਨਦੇਹੀ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਪ੍ਰਿੰਸੀਪਲ ਸਤਿਬੀਰ ਸਿੰਘ ਦੇ ਲਿਖੇ 'ਸੰਖੇਪ ਇਤਿਹਾਸ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ' ਮੁਤਾਬਿਕ ਖ਼ੁਦਾਈ ਕਰਨ 'ਤੇ ਹੇਠੋਂ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀਆਂ ਅਸਥੀਆਂ ਮਿਲੀਆਂ ਸਨ। ਮਹਾਰਾਜਾ ਕਰਮ ਸਿੰਘ ਨੇ ਇਸ ਥਾਂ ਨੂੰ 'ਜੋਤੀ ਸਰੂਪ' ਦਾ ਨਾਂ ਦਿੱਤਾ ਅਤੇ 1845 ਵਿਚ ਇਕ ਮੰਜ਼ਿਲਾ ਯਾਦਗਾਰ ਬਣਾ ਕੇ ਇਸ ਸਥਾਨ 'ਤੇ ਲੰਗਰ ਸ਼ੁਰੂ ਕਰਵਾ ਦਿੱਤਾ। ਉਨ੍ਹਾਂ ਕਾਫ਼ੀ ਜ਼ਮੀਨ ਵੀ ਇਸ ਗੁਰੂ ਘਰ ਦੇ ਨਾਂ ਲਗਵਾ ਦਿੱਤੀ। ਇਸ ਪਿੱਛੋਂ 1944 ਵਿਚ ਜਦੋਂ ਮਹਾਰਾਜਾ ਯਾਦਵਿੰਦਰ ਸਿੰਘ ਨੇ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਦੀ ਨਵੀਂ ਇਮਾਰਤ ਬਣਵਾਈ ਤਾਂ ਉਸ ਸਮੇਂ ਜਨਰਲ ਗੁਰਦਿਆਲ ਸਿੰਘ ਹਰੀਕਾ ਨੇ ਗੁਰਦੁਆਰਾ ਜੋਤੀ ਸਰੂਪ ਸਾਹਿਬ ਦੀਆਂ ਉਪਰਲੀਆਂ ਦੋ ਮੰਜ਼ਿਲਾਂ ਦੀ ਉਸਾਰੀ ਕਰਵਾਈ ਸੀ। ਇਸ ਗੁਰਦੁਆਰਾ ਸਾਹਿਬ ਦੀ ਮੌਜੂਦਾ ਸਮੇਂ ਵਾਲੀ ਇਮਾਰਤ ਬਾਬਾ ਹਰਬੰਸ ਸਿੰਘ ਕਾਰ ਸੇਵਾ ਵਾਲਿਆਂ ਵੱਲੋਂ ਬਣਵਾਈ ਗਈ ਹੈ।

### ਠੰਢਾ ਬੁਰਜ ਸਾਹਿਬ

ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਦੇ ਨੇੜੇ ਹੀ ਸਿਰਫ਼ 50 ਕੁ ਗਜ਼ ਦੀ ਦੂਰੀ 'ਤੇ ਗੁਰਦੁਆਰਾ ਠੰਢਾ ਬੁਰਜ ਸਾਹਿਬ ਸਥਾਪਿਤ ਹੈ। ਇਥੇ ਇਕ ਬੁਰਜ 140 ਫੁੱਟ ਉੱਚਾ ਸੀ ਤੇ ਇਸ ਦੇ ਨੇੜੇ ਠੰਢੇ ਪਾਣੀ ਦਾ ਨਾਲਾ ਵਗਦਾ ਸੀ, ਜਿਸ ਕਾਰਨ ਇਹ ਸਥਾਨ ਠੰਢਾ ਰਹਿੰਦਾ ਸੀ। ਵਜ਼ੀਰ ਖ਼ਾਨ ਨੇ ਗਰਮੀ ਦੇ ਮੌਸਮ ਵਿਚ ਆਪਣੇ ਅਰਾਮ ਕਰਨ ਲਈ ਇਸ ਦਾ ਨਿਰਮਾਣ ਕਰਵਾਇਆ ਸੀ। ਉਸ ਨੇ ਪੋਹ ਦੇ ਅਤਿ ਠੰਢੇ ਮਹੀਨੇ ਵਿਚ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਕਸ਼ਟ ਦੇਣ ਲਈ ਇੱਥੇ ਕੈਦ ਕੀਤਾ। ਮੁਗ਼ਲ ਸਿਪਾਹੀ ਇੱਥੋਂ ਹੀ ਦੋਵਾਂ ਸਾਹਿਬਜ਼ਾਦਿਆਂ ਨੂੰ ਨਵਾਬ ਦੀ ਕਚਹਿਰੀ ਵਿਚ ਪੇਸ਼ ਕਰਨ ਲਈ ਲਿਜਾਂਦੇ ਰਹੇ। ਇਤਿਹਾਸ ਮੁਤਾਬਿਕ ਜਦੋਂ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਫ਼ਤਹਿ ਕੀਤੀ, ਸਿੰਘਾਂ ਨੇ ਸ਼ਹਿਰ ਦੀਆਂ ਕੰਧਾਂ 'ਤੇ ਬਣੇ ਸੱਤ ਬੁਰਜ ਢਾਹ ਦਿੱਤੇ ਪਰ ਇਸ ਅੱਠਵੇਂ ਬੁਰਜ ਨੂੰ ਸਾਹਿਬਜ਼ਾਦਿਆਂ ਦੀ ਪਵਿੱਤਰ ਯਾਦਗਾਰ ਵਜੋਂ ਸੁਰੱਖਿਅਤ ਰੱਖਿਆ। 20ਵੀਂ ਸਦੀ ਵਿਚ ਇਸ ਬੁਰਜ ਦੀਆਂ ਕੇਵਲ ਕੁਝ ਨਿਸ਼ਾਨੀਆਂ ਹੀ ਬਾਕੀ ਸਨ।

1944 ਈਸਵੀ ਵਿਚ ਜਦੋਂ ਮਹਾਰਾਜਾ ਪਟਿਆਲਾ ਦੇ ਯਤਨਾਂ ਨਾਲ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਦੀ ਨਵੀਂ ਉਸਾਰੀ ਸ਼ੁਰੂ ਹੋਈ ਤਾਂ ਇਸ ਬੁਰਜ ਦੀ ਵੀ ਸੁੰਦਰ ਇਮਾਰਤ ਬਣਾਈ ਗਈ। 13 ਫਰਵਰੀ 2014 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਸਮੇਂ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਇਸ ਦੀ ਪੁਰਾਤਨ ਦਿੱਖ ਦੀ ਬਹਾਲੀ ਲਈ ਨੀਂਹ ਪੱਥਰ ਰੱਖਿਆ। ਸੇਵਾ ਬਾਬਾ ਬਚਨ ਸਿੰਘ, ਬਾਬਾ ਗੁਲਜ਼ਾਰ ਸਿੰਘ ਅਤੇ ਬਾਬਾ ਪਾਲੀ ਨੇ ਕਰਵਾਈ। ਇਸ ਦੀ ਕਾਰ ਸੇਵਾ ਅਕਤੂਬਰ 2014 ਵਿਚ ਮੁੜ ਸ਼ੁਰੂ ਹੋਈ। ਇਮਾਰਤ ਦੇ ਚਾਰੇ ਪਾਸੇ ਛੋਟੀ ਇੱਟ ਦੀ ਚਿਣਾਈ ਕਰ ਕੇ ਪੁਰਾਤਨ ਦਿੱਖ ਬਹਾਲ ਕੀਤੀ ਗਈ। ਇਮਾਰਤ ਨੂੰ ਲਾਲ ਰੰਗ ਕੀਤਾ ਗਿਆ ਤੇ ਇਸ ਦਾ ਗੁੰਬਦ ਸੁਨਹਿਰੀ ਹੈ। ਗੁਰਦੁਆਰੇ ਦੇ ਪਿਛਲੇ ਪਾਸੇ ਦੋ ਬੁਰਜੀਆਂ ਨੂੰ ਪੁਰਾਤਨ ਰੂਪ ਦਿੱਤਾ ਗਿਆ।

# ਬਿਜਲੀ ਬਿੱਲ 2025: ਨਿਜੀਕਰਨ ਵੱਲ ਵਧਦਾ ਬਿਜਲੀ ਖੇਤਰ

ਬਿਜਲੀ ਖੇਤਰ 'ਚ ਨਿੱਜੀਕਰਨ ਦੇ ਖਤਰੇ ਨੂੰ ਪਿਛਲੇ ਕੁਝ ਸਮੇਂ ਤੋਂ ਮਹਿਸੂਸ ਕੀਤਾ ਜਾ ਰਿਹਾ ਸੀ। ਉਹ ਹੁਣ ਵਿਕਰਾਲ ਰੂਪ ਵਿੱਚ ਸਾਹਮਣੇ ਆ ਗਿਆ ਹੈ। ਪ੍ਰਸਤਾਵਿਤ ਬਿਜਲੀ ਸੋਧ ਬਿੱਲ ਦੀਆਂ ਧਾਰਾਵਾਂ ਅਤੇ ਉਪ-ਧਾਰਾਵਾਂ ਵਪਾਰੀਕਰਨ ਅਤੇ ਕੇਂਦਰੀਕਰਨ ਵੱਲ ਵਧਦੇ ਕਦਮ ਦਾ ਸਪੱਸ਼ਟ ਸੰਕੇਤ ਦਿੰਦੀਆਂ ਹਨ। ਰਾਜ ਦੀਆਂ ਬਿਜਲੀ ਕੰਪਨੀਆਂ (ਡਿਸਕੌਮ) ਨੂੰ ਇੱਕ ਐਸੀ ਮਾਰਕੀਟ ਪ੍ਰਣਾਲੀ ਹੇਠ ਲਿਆਂਦਾ ਜਾ ਰਿਹਾ ਹੈ ਜਿਸ ਦਾ ਨਿਯੰਤਰਣ ਕੇਂਦਰ ਦੇ ਹੱਥ ਵਿੱਚ ਹੋਵੇਗਾ ਅਤੇ ਅਖੀਰ ਵਿੱਚ ਭਾਰਤ ਦੇ ਸਰਕਾਰੀ ਬਿਜਲੀ ਖੇਤਰ ਦਾ ਪੂਰੀ ਤਰ੍ਹਾਂ ਨਿੱਜੀਕਰਨ ਹੋ ਜਾਵੇਗਾ। ਪਿਛਲੇ ਦੋ ਦਹਾਕਿਆਂ ਵਿੱਚ ਭਾਰਤ ਵਿੱਚ ਬਿਜਲੀ ਦੀ ਖਪਤ ਅਤੇ ਬਿਜਲੀ ਦੇ ਉਤਪਾਦਨ ਦੋਵਾਂ ਵਿੱਚ ਵਾਧਾ ਹੋਇਆ ਹੈ। ਸੈਂਟਰਲ ਇਲੈਕਟਰੀਸਿਟੀ ਰੈਗੂਲੇਟਰੀ ਕਮਿਸ਼ਨ (CERC) ਦੇ ਅੰਕੜਿਆਂ ਅਨੁਸਾਰ ਕੁੱਲ ਬਿਜਲੀ ਉਤਪਾਦਨ 2008-09 ਵਿੱਚ 747.07 ਬਿਲੀਅਨ ਯੂਨਿਟ (ਭੂ) ਤੋਂ ਵਧ ਕੇ 2023-24 ਵਿੱਚ 1739.09 ਬਿਲੀਅਨ ਯੂਨਿਟ (ਭੂ) ਹੋ ਗਿਆ ਹੈ। ਸਰਕਾਰੀ ਅੰਕੜਿਆਂ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਬਿਜਲੀ ਖੇਤਰ ਦੇ ਵਿੱਚ ਹਜ਼ਾਰਾਂ ਕਰੋੜ ਰੁਪਏ ਦੀ ਸਾਲਾਨਾ ਕਮਾਈ ਦੀ ਸੰਭਾਵਨਾ ਹੈ। ਸਾਡੀਆਂ ਚੁਣੀਆਂ ਹੋਈਆਂ ਸਰਕਾਰਾਂ ਨੇ ਬਿਜਲੀ ਖੇਤਰ ਦੇ ਕਾਨੂੰਨ ਵਿੱਚ ਬਦਲਾਅ ਕਰਕੇ ਇਸ ਨੂੰ ਨਿੱਜੀ ਅਦਾਰਿਆਂ ਨੂੰ ਦੇਣ ਦੀ ਤਿਆਰੀ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਸੀ। ਸਭ ਤੋਂ ਪਹਿਲਾਂ 2003 ਦੇ ਬਿਜਲੀ ਐਕਟ ਨਾਲ ਨਿੱਜੀ ਕੰਪਨੀਆਂ ਨੂੰ ਬਿਜਲੀ ਖੇਤਰ ਵਿੱਚ ਨਿਵੇਸ਼ ਕਰਨ ਦੀ ਇਜਾਜ਼ਤ ਮਿਲੀ ਤੇ ਇਸ ਕਾਨੂੰਨ ਦੇ ਨਾਲ ਬਿਜਲੀ ਪੈਦਾ ਕਰਨ ਵਾਲੇ ਖੇਤਰ ਵਿੱਚ ਵੀ ਨਿੱਜੀ ਕੰਪਨੀਆਂ ਦਾ ਦਾਖ਼ਲਾ ਹੋ ਚੁੱਕਾ ਹੈ। ਪਰ ਬਿਜਲੀ ਦੀ ਵੰਡ ਦਾ ਖੇਤਰ ਹਾਲੇ ਤੱਕ ਸਰਕਾਰ ਦੇ ਅਧੀਨ ਹੀ ਹੈ।

ਬਿਜਲੀ ਖੇਤਰ ਦੇ ਨਿਜੀਕਰਨ ਦੀ ਸ਼ੁਰੂਆਤ ਸਮਾਰਟ ਮੀਟਰ ਦੀ ਸਕੀਮ ਦੇ ਤਹਿਤ 2021 ਵਿੱਚ ਸ਼ੁਰੂ ਕੀਤੀ ਗਈ ਸੀ। ਸੁਦੀਪ ਦੱਤਾ ਦੇ ਅਨੁਸਾਰ, "ਬਿਜਲੀ ਮੰਤਰਾਲੇ ਨੇ ਜਨਤਕ ਬਿਜਲੀ ਖੇਤਰ 'ਤੇ ਕੀਤੇ ਯੋਜਨਾਬੱਧ ਹਮਲੇ ਵਿੱਚ ਇੱਕ ਬਹੁਤ ਹੀ ਨੁਕਸਾਨਦੇਹ ਸਮਾਰਟ ਮੀਟਰਿੰਗ ਪ੍ਰੋਜੈਕਟ ਸ਼ੁਰੂ ਕੀਤਾ ਹੈ। ਪ੍ਰਸਤਾਵਿਤ ਬਿਜਲੀ ਸੋਧ ਬਿੱਲ 2025 ਦੀਆਂ ਧਾਰਾਵਾਂ ਅਤੇ ਉਪ-ਧਾਰਾਵਾਂ ਇਸ ਗੱਲ ਦਾ ਸਪੱਸ਼ਟ ਸੰਕੇਤ ਦਿੰਦੀਆਂ ਹਨ ਕਿ ਬਿਜਲੀ ਖੇਤਰ ਦੇ ਪ੍ਰਬੰਧਨ ਦਾ ਮੌਜੂਦਾ ਮਿਆਰੀ ਢਾਂਚਾ ਬੁਨਿਆਦੀ ਤੌਰ 'ਤੇ ਬਦਲਿਆ ਜਾ ਰਿਹਾ ਹੈ। ਹੁਣ ਨਵੀਂ ਸੋਧ ਮੁਤਾਬਕ ਇੱਕੋ ਖੇਤਰ ਵਿੱਚ ਬਿਜਲੀ ਵੰਡਣ ਲਈ ਇੱਕ ਤੋਂ ਵੱਧ ਕੰਪਨੀਆਂ ਨੂੰ ਲਾਇਸੈਂਸ ਦਿੱਤਾ ਜਾ ਸਕਦਾ ਹੈ। ਬਿਜਲੀ ਵੰਡਣ ਵਾਲੀਆਂ ਜਿਹੜੀਆਂ ਕੰਪਨੀਆਂ ਇੱਕੋ ਖੇਤਰ ਵਿੱਚ ਕੰਮ ਕਰ ਰਹੀਆਂ ਹਨ, ਉਹ ਸਿਰਫ਼ ਆਪਣੀਆਂ ਹੀ ਤਾਰਾਂ ਤੇ ਨੈੱਟਵਰਕ ਨਹੀਂ ਵਰਤਣਗੀਆਂ, ਜੇਕਰ ਉਹ ਚਾਹੁਣ ਤਾਂ ਸਾਂਝਾ ਨੈੱਟਵਰਕ ਵੀ ਵਰਤ ਸਕਣਗੀਆਂ। ਆਪਣਾ ਨਵਾਂ ਬੁਨਿਆਦੀ ਢਾਂਚਾ ਬਣਾਉਣ ਦੀ ਬਜਾਏ ਇਹ ਰਾਜ ਸਰਕਾਰਾਂ ਦੁਆਰਾ ਦਹਾਕਿਆਂ ਵਿੱਚ ਬਣਾਏ ਗਏ ਮੌਜੂਦਾ ਬਿਜਲੀ ਨੈੱਟਵਰਕ ਨੂੰ ਵਰਤ ਸਕਣਗੇ। ਇਸ ਦਾ ਉਦੇਸ਼ ਬਿਜਲੀ ਵੰਡ ਵਿੱਚ ਨਿੱਜੀ ਖੇਤਰ ਦੀਆਂ ਕੰਪਨੀਆਂ ਦੇ ਲਈ ਰਾਹ ਖੋਲ੍ਹਣਾ ਹੈ।

ਪ੍ਰਸਤਾਵਿਤ ਬਿਜਲੀ ਸੋਧ ਬਿੱਲ 2025 ਇਸ ਖੇਤਰ ਵਿੱਚ ਵੱਡਾ ਬਦਲਾਅ ਕਰਨ ਜਾ ਰਿਹਾ ਹੈ। ਪਹਿਲਾਂ ਡਿਸਟ੍ਰੀਬਿਊਟਰਾਂ ਉੱਤੇ ਇਹ ਜ਼ਿੰਮੇਵਾਰੀ ਹੁੰਦੀ ਸੀ ਕਿ ਉਹ ਆਪਣੇ ਖੇਤਰ ਦੇ ਹਰ ਗਾਹਕ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਬਿਜਲੀ ਪਹੁੰਚਾਉਣ। ਇਸਨੂੰ ਯੂਨੀਵਰਸਲ ਸਰਵਿਸ ਬਲੀਗੇਸ਼ਨ (USO) ਕਿਹਾ ਜਾਂਦਾ ਸੀ। ਨਿੱਜੀ ਸਪਲਾਇਰ ਹੁਣ ਕਿਸੇ ਵੀ ਸਰਬ-ਵਿਆਪਕ ਸੇਵਾ ਜ਼ਿੰਮੇਵਾਰੀ ਨਿਭਾਉਣ ਲਈ ਪਾਬੰਦ ਨਹੀਂ ਹੋਣਗੇ।

ਧਾਰਾ 43(4) ਦੀ ਸੋਧ ਮੁਤਾਬਕ, ਹੁਣ ਇੱਕ ਮੈਗਾਵਾਟ ਤੋਂ ਵੱਧ ਬਿਜਲੀ ਵਰਤਣ ਵਾਲੇ ਖਪਤਕਾਰ ਜਿਵੇਂ ਉਦਯੋਗ ਜਾਂ ਰੇਲਵੇ ਨਿੱਜੀ ਕੰਪਨੀਆਂ ਤੋਂ ਬਿਜਲੀ ਲੈ ਸਕਣਗੇ। ਇਸ ਨਾਲ ਸਰਕਾਰੀ ਬਿਜਲੀ ਕੰਪਨੀਆਂ ਨੂੰ ਵੱਡਾ ਨੁਕਸਾਨ ਹੋਵੇਗਾ ਕਿਉਂਕਿ ਉਨ੍ਹਾਂ ਦੀ ਸਭ ਤੋਂ ਵੱਧ ਕਮਾਈ ਇਨ੍ਹਾਂ ਵੱਡੇ ਗਾਹਕਾਂ ਤੋਂ ਹੀ ਹੁੰਦੀ ਹੈ। ਸਰਕਾਰੀ ਕੰਪਨੀਆਂ ਕੋਲ ਸਿਰਫ਼ ਘੱਟ ਬਿਜਲੀ ਵਰਤਣ ਵਾਲੇ, ਆਰਥਿਕ ਪੱਖੋਂ ਕਮਜ਼ੋਰ ਜਾਂ ਸਬਸਿਡੀ ਵਾਲੇ ਗਾਹਕ ਹੀ ਰਹਿ ਜਾਣਗੇ। ਇਸ ਨਾਲ ਉਨ੍ਹਾਂ ਦੀ ਆਮਦਨ ਤੇ ਖਰਚ ਵਿੱਚ ਸੰਤੁਲਨ ਖਤਮ ਹੋ ਜਾਵੇਗਾ। ਨਿੱਜੀ ਕੰਪਨੀਆਂ ਸਿਰਫ਼ ਲਾਭਕਾਰੀ ਗਾਹਕਾਂ ਨੂੰ ਚੁਣਨਗੀਆਂ ਅਤੇ ਪੇਂਡੂ ਜਾਂ ਘੱਟ ਆਮਦਨ ਵਾਲਿਆਂ ਨੂੰ ਨਜ਼ਰਅੰਦਾਜ਼ ਕਰਨਗੀਆਂ ਇਸਨੂੰ ਅੰਗਰੇਜ਼ੀ ਵਿੱਚ "ਚਹੲਰਰੇ ਪਿਚਕਿਨਗ" ਕਿਹਾ ਜਾਂਦਾ ਹੈ। ਧਾਰਾ 61(ਜੀ) ਦੀ ਸੋਧ ਟੈਰਿਫ ਨੂੰ ਬਿਜਲੀ ਦੀ ਅਸਲ ਲਾਗਤ ਦੇ ਬਰਾਬਰ ਕਰਨ ਅਤੇ ਕਰਾਸ-ਸਬਸਿਡੀਆਂ ਨੂੰ ਤੇਜ਼ੀ ਨਾਲ ਖਤਮ ਕਰਨ ਦੀ ਗੱਲ ਕਰਦੀ ਹੈ। ਕਰਾਸ-ਸਬਸਿਡੀ ਅਰਥਾਤ ਵੱਡੇ ਖਪਤਕਾਰ ਵੱਧ ਭੁਗਤਾਨ ਕਰਦੇ ਹਨ ਤਾਂ ਜੋ ਘਰੇਲੂ, ਖੇਤੀਬਾੜੀ ਜਾਂ ਕਮਜ਼ੋਰ ਵਰਗ ਘੱਟ ਰੇਟਾਂ 'ਤੇ ਬਿਜਲੀ ਲੈ ਸਕਣ। ਬਿੱਲ ਮੁਤਾਬਕ ਰੇਲਵੇ, ਮੈਟਰੋ ਅਤੇ ਨਿਰਮਾਣ ਖੇਤਰ ਲਈ ਇਹ ਸਬਸਿਡੀਆਂ ਪੰਜ ਸਾਲਾਂ ਵਿੱਚ ਹਟਾਈਆਂ ਜਾਣਗੀਆਂ। ਇਸ ਨਾਲ ਵੱਡੇ ਉਦਯੋਗਾਂ ਦੇ ਬਿੱਲ ਤਾਂ ਘਟਣਗੇ, ਪਰ ਸਰਕਾਰੀ ਸਿਸਟਮ ਦੀ ਉਹ ਆਮਦਨ ਘਟ ਜਾਵੇਗੀ ਜਿਸ ਨਾਲ ਗਰੀਬ ਅਤੇ ਪੇਂਡੂ ਗਾਹਕਾਂ ਨੂੰ ਸਸਤੀ ਬਿਜਲੀ ਮਿਲਦੀ ਸੀ। ਨਤੀਜੇ ਵਜੋਂ ਛੋਟੇ ਉਪਭੋਗਤਾਵਾਂ ਲਈ ਦਰਾਂ ਵਧਣਗੀਆਂ ਅਤੇ ਸਰਕਾਰ ਨੂੰ ਸਬਸਿਡੀ ਦੇਣ ਲਈ ਹੋਰ ਜਨਤਕ ਪੈਸਾ ਖਰਚਣਾ ਪਵੇਗਾ। ਇਹ ਤਬਦੀਲੀ ਅਮੀਰਾਂ ਲਈ ਫਾਇਦੇਮੰਦ, ਪਰ ਆਮ ਲੋਕਾਂ ਤੇ ਸਰਕਾਰ ਲਈ ਘਾਟੇਵਾਲੀ ਹੈ।

ਭਾਰਤ ਵਿੱਚ ਜਿੱਥੇ ਵੀ ਬਿਜਲੀ ਦਾ ਨਿੱਜੀਕਰਨ ਹੋਇਆ ਹੈ, ਉਥੇ ਨਿੱਜੀ ਕੰਪਨੀਆਂ ਨੇ ਤਕਰੀਬਨ ਹਰ ਸਾਲ ਆਪਣੇ ਟੈਰਿਫ ਵਿੱਚ ਵਾਧਾ ਕੀਤਾ ਹੈ। ਟੈਰਿਫ ਦਰਾਂ ਵਿੱਚ ਇਸ ਤਰ੍ਹਾਂ ਵਾਧੇ ਦੀ ਇਕ ਮਿਸਾਲ ਮੁੰਬਈ ਹੈ। ਹਾਲ ਹੀ 'ਚ ਅੰਗਰੇਜ਼ੀ ਦੀਆਂ ਅਖ਼ਬਾਰਾਂ ਵਿੱਚ ਛਪੀਆਂ ਕੁੱਝ ਰਿਪੋਰਟਾਂ ਅਨੁਸਾਰ ਮਹਾਰਾਸ਼ਟਰ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ (MERC) ਨੇ ਵਿੱਤੀ ਸਾਲ 2023-24 ਅਤੇ 2024-25 ਲਈ ਮੁੰਬਈ ਦੀਆਂ ਵੰਡ ਕੰਪਨੀਆਂ (ਡਿਸਕੌਮਾਂ) ਨੂੰ ਟੈਰਿਫ ਵਾਧੇ ਕਰਨ ਦੀ ਮਨਜ਼ੂਰੀ ਦਿੱਤੀ ਹੈ।

1) ਅਡਾਨੀ ਇਲੈਕਟ੍ਰੀਸਿਟੀ ਮੁੰਬਈ ਲਿਮਿਟਡ (AEML), ਜੋ ਮੁੰਬਈ ਦੇ ਉਪਨਗਰਾਂ ਲਈ ਬਿਜਲੀ ਦੀ ਵੰਡ ਕਰਦੀ ਹੈ ਨੂੰ 2023-24 ਵਿੱਚ 2.2 ਫ਼ੀਸਦੀ ਅਤੇ 2024-25 ਵਿੱਚ 2.1 ਫ਼ੀਸਦੀ ਟੈਰਿਫ ਵਾਧੇ ਲਈ ਮਨਜ਼ੂਰੀ ਮਿਲੀ ਹੈ।

2) ਕੰਪਨੀ ਬੈਸਟ (BEST), ਜੋ ਕਿ ਮੁੰਬਈ ਦੇ ਟਾਪੂ ਸ਼ਹਿਰ ਵਿੱਚ ਬਿਜਲੀ ਦੀ ਵੰਡ ਕਰਦੀ ਹੈ, ਨੂੰ 2023-24 ਲਈ 5.07 ਫ਼ੀਸਦੀ ਅਤੇ 2024-25 ਲਈ 6.35 ਫ਼ੀਸਦੀ ਦੇ ਵਾਧੇ ਦੀ ਆਗਿਆ ਦਿੱਤੀ ਗਈ ਹੈ।

3) ਟਾਟਾ ਪਾਵਰ ਨੂੰ 2023-24 ਵਿੱਚ 11.9 ਫ਼ੀਸਦੀ ਤੱਕ ਦਾ ਟੈਰਿਫ ਵਾਧਾ ਅਤੇ 2024-25 ਵਿੱਚ ਤਾਂ 12.2 ਫ਼ੀਸਦੀ ਤੱਕ ਦੇ ਵਾਧੇ ਲਈ ਮਨਜ਼ੂਰੀ ਦਿੱਤੀ ਗਈ।

ਅਪਰੈਲ 2020 ਵਿੱਚ (ਕੋਵਿਡ ਦੀ ਲਹਿਰ ਦੌਰਾਨ), ਕੇਂਦਰ ਸਰਕਾਰ ਨੇ ਸਾਰੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਬਿਜਲੀ ਖੇਤਰ ਦੇ ਨਿੱਜੀਕਰਨ ਕਰਨ ਦਾ ਫ਼ੈਸਲਾ ਕਰ ਲਿਆ ਸੀ। ਚੰਡੀਗੜ੍ਹ ਪ੍ਰਸ਼ਾਸਨ ਨੇ ਬਿਜਲੀ ਖੇਤਰ ਦੇ ਨਿੱਜੀਕਰਨ ਨੂੰ ਮਨਜ਼ੂਰੀ ਨਵੰਬਰ 2020 ਵਿਚ ਦੇ ਦਿੱਤੀ ਸੀ। ਬਿਜਲੀ ਮਹਿਕਮੇ ਦੇ ਕਰਮਚਾਰੀਆਂ ਨੇ ਇਸ ਦੇ ਖ਼ਿਲਾਫ਼ ਲੰਮੀ ਕਾਨੂੰਨੀ ਲੜਾਈ ਲੜੀ। ਅੰਤ ਸੁਪਰੀਮ ਕੋਰਟ ਵਿੱਚ ਪਟੀਸ਼ਨ ਖਾਰਜ ਹੋਣ ਕਾਰਨ ਬਿਜਲੀ ਵਿਭਾਗ ਨੂੰ ਦਸੰਬਰ 2024 ਵਿੱਚ 'ਐਮੀਨੈਂਟ ਇਲੈਕਟ੍ਰੀਸਿਟੀ ਕੰਪਨੀ' ਦੇ ਹਵਾਲੇ ਕਰ ਦਿੱਤਾ ਗਿਆ।

ਇਹ ਅੰਕੜੇ ਬਿਜਲੀ ਦੇ ਨਿੱਜੀਕਰਨ ਦੇ ਸਿੱਧੇ ਨਤੀਜਿਆਂ ਅਤੇ ਉਨ੍ਹਾਂ ਰੈਗੂਲੇਟਰੀ ਏਜੰਸੀਆਂ ਦੇ ਲਗਾਤਾਰ ਵਧ ਰਹੇ ਟੈਰਿਫਾਂ ਨੂੰ ਹਰ ਸਾਲ ਮਨਜ਼ੂਰੀ ਦੇਣ ਦੇ ਰੁਝਾਨ ਨੂੰ ਦਰਸਾਉਂਦੇ ਹਨ। ਊਰਜਾ ਖੇਤਰ ਵਿੱਚ ਕੰਮ ਕਰ ਰਹੀਆਂ ਕੰਪਨੀਆਂ ਤੀਬਰ ਗਤੀ ਨਾਲ ਇਹ ਕੋਸ਼ਿਸ਼ ਕਰ ਰਹੀਆਂ ਹਨ ਕਿ ਬਿਜਲੀ ਨੂੰ ਮੁਨਾਫ਼ੇ ਲਈ ਵਿਕਣ ਵਾਲੀ ਵਸਤੂ ਵਿੱਚ ਬਦਲ ਦਿੱਤਾ ਜਾਵੇ। ਸਰਕਾਰੀ ਰੈਗੂਲੇਟਰੀ ਏਜੰਸੀਆਂ ਵੀ ਇਸ ਵਿਚ ਕੋਈ ਬਹੁਤੀ ਰੋਕ ਨਹੀਂ ਲਾਉਂਦੀਆਂ। ਉਹ ਇਹਨਾਂ ਦੁਆਰਾ ਟੈਰਿਫ਼ ਵਾਧੇ ਦੀਆਂ ਪੇਸ਼ ਦਰਾਂ ਨੂੰ ਅਕਸਰ ਮਨਜ਼ੂਰੀ ਦੇ ਦਿੰਦੀਆਂ ਹਨ। ਵਾਧੇ ਦਾ ਵਿੱਤੀ ਬੋਝ ਜਾਂ ਤਾਂ ਲੋਕਾਂ 'ਤੇ ਜਾਂ ਰਾਜ ਸਰਕਾਰਾਂ 'ਤੇ ਪੈਂਦਾ ਹੈ ਪਰ ਮੁਨਾਫ਼ਾ ਨਿੱਜੀ ਕੰਪਨੀਆਂ ਨੂੰ ਹੁੰਦਾ ਹੈ।

ਧਾਰਾ 64(1) ਅਨੁਸਾਰ, ਬਿਜਲੀ ਦੀਆਂ ਦਰਾਂ ਹਰ ਵਿੱਤੀ ਸਾਲ ਨਵੀਂ ਤਰ੍ਹਾਂ ਤੈਅ ਕੀਤੀਆਂ ਜਾਣਗੀਆਂ। ਇਸ ਦਾ ਲੁਕਵਾਂ ਭਾਵ ਹੈ ਕਿ ਬਿਜਲੀ ਦੇ ਰੇਟ ਹਰ ਸਾਲ ਵਧ ਸਕਦੇ ਹਨ। ਇਹ ਤਰੀਕਾ ਗਾਹਕਾਂ ਲਈ ਇਕ ਹੋਰ ਆਰਥਿਕ ਬੋਝ ਵਾਂਗ ਕੰਮ ਕਰੇਗਾ।

ਧਾਰਾ 166(11) ਵਿੱਚ ਸ਼ਾਮਲ ਕੀਤਾ ਗਿਆ ਨਵਾਂ ਉਪ-ਉਪਬੰਧ ਬਿਜਲੀ ਖੇਤਰ ਦੇ ਪੂਰਨ ਕੇਂਦਰੀਕਰਨ ਨਾਲ ਸੰਬੰਧਿਤ ਹੈ, ਜੋ ਸੂਬਾਈ ਖੁਦ-ਮੁਖ਼ਤਿਆਰੀ 'ਤੇ ਸਿੱਧਾ ਹਮਲਾ ਹੈ। ਬਿਜਲੀ ਇੱਕ ਸਮਵਰਤੀ ਸੂਚੀ ਦਾ ਵਿਸ਼ਾ ਹੈ, ਪਰ ਇਹ ਸੋਧ ਬਿਜਲੀ ਖੇਤਰ ਦਾ ਕੰਟਰੋਲ ਅਸਿੱਧੇ ਤੌਰ 'ਤੇ ਕੇਂਦਰ ਸਰਕਾਰ ਨੂੰ ਦੇ ਦੇਵੇਗੀ। ਪ੍ਰਸਤਾਵਿਤ ਪ੍ਰਬੰਧ ਕੇਂਦਰ ਸਰਕਾਰ ਨੂੰ ਇਹ ਤਾਕਤ ਦੇਵੇਗਾ ਕਿ ਉਹ ਰਾਜਾਂ ਦੀ ਪ੍ਰਵਾਨਗੀ ਲਏ ਬਿਨਾਂ ਕਈ ਰਾਜਾਂ ਵਿੱਚ ਬਿਜਲੀ ਵੰਡ ਦੇ ਲਾਇਸੈਂਸ ਜਾਰੀ ਕਰ ਸਕਦੀ ਹੈ ਅਤੇ ਨਾਲ ਹੀ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨਾਂ ਦੇ ਕੰਮਕਾਜ ਵਿੱਚ ਸਿੱਧੀ ਦਖ਼ਲ ਅੰਦਾਜ਼ੀ ਕਰ ਸਕਦੀ ਹੈ। ਕੇਂਦਰ ਸਰਕਾਰ, ਰਾਜ ਸਰਕਾਰਾਂ ਨਾਲ ਕੋਈ ਸਲਾਹ-ਮਸ਼ਵਰਾ ਕੀਤੇ ਬਿਨਾਂ ਹੀ, ਕੰਮਕਾਜੀ ਸੰਸਥਾਵਾਂ ਨੂੰ ਲਾਗੂ ਅਤੇ ਪੁਨਰਗਠਿਤ (ਰੲਸਟਰੁਚਟੁਰੲ) ਕਰ ਸਕਦੀ ਹੈ। ਇਸ ਪ੍ਰਸੰਗ ਵਿਚ ਪੰਜਾਬ ਸਰਕਾਰ ਦੀ ਖਾਮੋਸ਼ੀ ਬਹੁਤ ਨਿਰਾਸ਼ਾਜਨਕ ਹੈ ਪੰਜਾਬ ਵਰਗੇ ਰਾਜ, ਜਿਸ ਦੀ ਅਰਥਵਿਵਸਥਾ ਖੇਤੀਬਾੜੀ ਅਤੇ ਸਬਸਿਡੀ ਪ੍ਰਣਾਲੀ 'ਤੇ ਨਿਰਭਰ ਹੈ, ਲਈ ਇਹ ਬਦਲਾਅ ਸਿੱਧਾ ਜੋਖ਼ਮ ਹੈ, ਪਰ ਫਿਰ ਵੀ ਰਾਜ ਸਰਕਾਰ ਵੱਲੋਂ ਨਾ ਕੋਈ ਸਪੱਸ਼ਟ ਵਿਰੋਧ ਤੇ ਨਾ ਹੀ ਕੋਈ ਮਜ਼ਬੂਤ ਨੀਤੀਗਤ ਰਵੱਈਆ ਸਾਹਮਣੇ ਆ ਰਿਹਾ ਹੈ।




# ਚਮੜੀ 'ਤੇ ਦਿਸਣ ਵਾਲੇ ਕੁਝ ਨਿਸ਼ਾਨ ਹੋ ਸਕਦੇ ਹਨ 'ਦਿਲ ਦੀ ਬਿਮਾਰੀ' ਦਾ ਸੰਕੇਤ



ਦਿਲ ਦੀ ਬਿਮਾਰੀ ਨੂੰ ਅਕਸਰ "ਖ਼ਾਮੋਸ਼ ਕਾਤਲ" ਕਿਹਾ ਜਾਂਦਾ ਹੈ, ਕਿਉਂਕਿ ਇਸ ਦੇ ਬਹੁਤ ਸਾਰੇ ਲੱਛਣ ਸ਼ੁਰੂਆਤ 'ਚ ਸਾਫ਼-ਸਾਫ਼ ਨਜ਼ਰ ਨਹੀਂ ਆਉਂਦੇ। ਪਰ ਕੀ ਤੁਸੀਂ ਜਾਣਦੇ ਹੋ ਕਿ ਤੁਹਾਡੀ ਸਕਿਨ ਵੀ ਤੁਹਾਡੇ ਦਿਲ ਦੀ ਸਿਹਤ ਬਾਰੇ ਕੁਝ ਜ਼ਰੂਰੀ ਸੰਕੇਤ ਦੇ ਸਕਦੀ ਹੈ? ਜੀ ਹਾਂ, ਸਾਡੀ ਚਮੜੀ ਸਰੀਰ ਦੇ ਅੰਦਰ ਚੱਲ ਰਹੀਆਂ ਸਮੱਸਿਆਵਾਂ ਦਾ ਸੰਕੇਤ ਦਿੰਦੀ ਹੈ। ਆ ਜਾਣਦੇ ਹਾਂ ਦਿਲ ਦੀ ਬਿਮਾਰੀ ਦੇ ਲੱਛਣ ਚਮੜੀ 'ਤੇ ਕਿਵੇਂ ਨਜ਼ਰ ਆ ਸਕਦੇ ਹਨ।

**ਪੈਰਾਂ ਤੇ ਹੇਠਲੇ ਪੈਰਾਂ 'ਚ ਸੋਜ਼ਿਸ਼–** ਗਿੱਟਿਆਂ, ਪੈਰਾਂ ਜਾਂ ਪੰਜਿਆਂ 'ਚ ਲਗਾਤਾਰ ਬਣੀ ਰਹਿਣ ਵਾਲੀ ਸੋਜ਼ਿਸ਼ ਹਾਰਟ ਫੇਲੀਅਰ ਦਾ ਮੁੱਖ ਸੰਕੇਤ ਹੋ ਸਕਦੀ ਹੈ। ਜਦੋਂ ਦਿਲ ਠੀਕ ਤਰੀਕੇ ਨਾਲ ਬਲੱਡ ਪੰਪ ਨਹੀਂ ਕਰ ਪਾਉਂਦਾ ਤਾਂ ਬਲੱਡ ਸਰਕੂਲੇਸ਼ਨ ਹੌਲੀ ਹੋ ਜਾਂਦਾ ਹੈ ਤੇ ਨਾੜਾਂ 'ਚ ਦਬਾਅ ਵੱਧ ਜਾਂਦਾ ਹੈ। ਇਸ ਨਾਲ ਤਰਲ ਰਿਸ ਕੇ ਆਸ-ਪਾਸ ਦੇ ਟਿਸ਼ੂਆਂ 'ਚ ਜਮ੍ਹਾਂ ਹੋਣ ਲੱਗਦਾ ਹੈ, ਜਿਸ ਨਾਲ ਸੋਜ਼ਿਸ਼ ਹੋ ਜਾਂਦੀ ਹੈ। ਅਕਸਰ ਇਹ ਸੋਜ ਦਿਨ ਦੇ ਅੰਤ 'ਚ ਜਾਂ ਲੰਬੇ ਸਮੇਂ ਤਕ ਖੜ੍ਹੇ ਰਹਿਣ ਤੋਂ ਬਾਅਦ ਵਧ ਜਾਂਦੀ ਹੈ।

**ਚਮੜੀ 'ਤੇ ਨੀਲਾ ਜਾਂ ਬੈਂਗਣੀ ਰੰਗ–** ਬੁੱਲ੍ਹਾਂ, ਉਂਗਲਾਂ, ਪੈਰਾਂ ਦੀਆਂ ਉਂਗਲਾਂ ਜਾਂ ਸਕਿਨ 'ਤੇ ਅਚਾਨਕ ਨੀਲੇ ਜਾਂ ਬੈਂਗਣੀ ਰੰਗ ਦਾ ਦਿੱਸਣਾ ਇਸ ਗੱਲ ਦਾ ਸੰਕੇਤ ਹੈ ਕਿ ਸਰੀਰ ਦੇ ਉਸ ਹਿੱਸੇ 'ਚ ਆਕਸੀਜਨ ਵਾਲਾ ਖ਼ੂਨ ਠੀਕ ਨਾਲ ਨਹੀਂ ਪਹੁੰਚ ਪਾ ਰਿਹਾ। ਇਹ ਪੈਰੀਫੇਰਲ ਆਰਟਰੀ ਬਿਮਾਰੀ ਜਾਂ ਖ਼ੂਨ ਦੀਆਂ ਨਾੜਾਂ 'ਚ ਰੁਕਾਵਟ ਕਾਰਨ ਹੋ ਸਕਦਾ ਹੈ, ਜੋ ਦਿਲ ਦੇ ਦੌਰੇ ਦੇ ਵਧਦੇ ਖ਼ਤਰੇ ਨਾਲ ਜੁੜਿਆ ਹੈ।

**ਚਮੜੀ 'ਤੇ ਪੀਲੇ-ਸੰਤਰੀ, ਮੋਮ ਵਰਗੇ ਉਭਾਰ (ਗੰਢਾਂ)**- ਪਲਕਾਂ, ਗੋਡਿਆਂ, ਕੂਹਣੀਆਂ 'ਤੇ ਦਿੱਸਣ ਵਾਲੇ ਇਨ੍ਹਾਂ ਨਰਮ, ਪੀਲੇ-ਸੰਤਰੀ ਰੰਗ ਦੇ ਉਭਾਰਾਂ ਨੂੰ ਜ਼ੈਂਥੋਮਾਸ ਕਿਹਾ ਜਾਂਦਾ ਹੈ। ਇਹ ਲਿਪਿਡ ਨਾਲ ਭਰੀਆਂ ਹੋਈਆਂ ਗੰਢਾਂ ਹੁੰਦੀਆਂ ਹਨ ਅਤੇ ਸਰੀਰ 'ਚ ਹਾਈ ਕੋਲੈਸਟ੍ਰੋਲ ਪੱਧਰ, ਖਾਸ ਤੌਰ 'ਤੇ ਉੱਚ ਟ੍ਰਾਈਗਲਾਈਸਰਾਇਡਜ਼ ਦਾ ਸੰਕੇਤ ਦਿੰਦੀਆਂ ਹਨ। ਇਹ ਸਥਿਤੀ ਐਥੀਰੋਸਕਲੇਰੋਸਿਸ ਦਾ ਕਾਰਨ ਬਣ ਸਕਦੀ ਹੈ ਜੋ ਦਿਲ ਦੀ ਬਿਮਾਰੀ ਅਤੇ ਸਟ੍ਰੋਕ ਲਈ ਰਿਸਕ ਫੈਕਟਰ (ਰਿਸਕ ਾਅਚਟੋਰ) ਹੈ।

**ਚਮੜੀ 'ਤੇ ਨੀਲਾ ਜਾਂ ਬੈਂਗਣੀ ਜਾਲੀਦਾਰ ਪੈਟਰਨ–** ਸਕਿਨ 'ਤੇ ਦਿੱਸਣ ਵਾਲਾ ਇਹ ਜਾਲੀਦਾਰ, ਨੀਲਾ-ਬੈਂਗਣੀ ਪੈਟਰਨ ਅਕਸਰ ਠੰਢ ਪ੍ਰਤੀ ਸਰੀਰ ਦੀ ਪ੍ਰਤੀਕਿਰਿਆ ਦੇ ਰੂਪ 'ਚ ਦਿੱਸਦਾ ਹੈ। ਹਾਲਾਂਕਿ, ਜੇਕਰ ਇਹ ਸਥਾਈ ਹੈ ਜਾਂ ਦਰਦ ਦੇ ਨਾਲ ਹੈ ਤਾਂ ਇਹ ਲੁਕੀ ਹੋਈ ਸਿਹਤ ਸਮੱਸਿਆ ਦਾ ਸੰਕੇਤ ਹੋ ਸਕਦਾ ਹੈ। ਇਹ ਆਟੋਇਮਿਊਨ ਬਿਮਾਰੀ ਜਾਂ ਪੈਰੀਫੇਰਲ ਆਰਟਰੀ ਬਿਮਾਰੀ ਨਾਲ ਜੁੜਿਆ ਹੋ ਸਕਦਾ ਹੈ, ਜਿਸ ਵਿਚ ਆਰਟਰੀਆਂ ਤੰਗ ਹੋ ਜਾਂਦੀਆਂ ਹਨ ਜਿਸ ਨਾਲ ਦਿਲ ਤਕ ਖ਼ੂਨ ਦਾ ਵਹਾਅ ਘੱਟ ਜਾਂਦਾ ਹੈ।

**ਚਮੜੀ 'ਤੇ ਅਚਾਨਕ ਦਿੱਸਣ ਵਾਲੇ ਮੋਮ ਵਰਗੇ ਦਾਣੇ–** ਅਚਾਨਕ ਦਿੱਸਣ ਵਾਲੇ, ਅਕਸਰ ਖੁਜਲੀ ਵਾਲੇ, ਲਾਲ-ਪੀਲੇ ਰੰਗ ਦੇ ਇਹ ਛੋਟੇ-ਛੋਟੇ ਉਭਾਰ ਖ਼ੂਨ 'ਚ ਟ੍ਰਾਈਗਲਾਈਸਰਾਇਡਜ਼ ਦੇ ਪੱਧਰ ਦੇ ਬਹੁਤ ਜ਼ਿਆਦਾ ਹੋਣ ਦਾ ਸੰਕੇਤ ਦਿੰਦੇ ਹਨ। ਇਹ ਸਥਿਤੀ ਅਕਸਰ ਡਾਇਬੀਟੀਜ਼ ਨਾਲ ਜੁੜੀ ਹੁੰਦੀ ਹੈ। ਡਾਇਬੀਟੀਜ਼ ਅਤੇ ਉੱਚ ਟ੍ਰਾਈਗਲਾਈਸਰਾਇਡਜ਼ ਦੋਵੇਂ ਹੀ ਦਿਲ ਦੀ ਬਿਮਾਰੀ ਅਤੇ ਦਿਲ ਦੇ ਦੌਰੇ ਲਈ ਜੋਖਮ ਕਾਰਕ ਹਨ।

# ਪ੍ਰਦੂਸ਼ਣ ਵਾਲੀ ਖੰਘ ਤੇ ਗਲੇ ਦੀ ਖਰਾਸ਼ ਦਾ ਘਰੇਲੂ ਉਪਾਅ

ਵੱਡੇ ਸ਼ਹਿਰਾਂ ਵਿੱਚ ਪ੍ਰਦੂਸ਼ਣ) ਖ਼ਤਰਨਾਕ ਪੱਧਰ 'ਤੇ ਪਹੁੰਚ ਚੁੱਕਿਆ ਹੈ। ਰਾਜਧਾਨੀ ਨੂੰ ਚਾਰੇ ਪਾਸਿ ਂ ਧੁੰਦ ਦੀ ਚਾਦਰ ਨੇ ਘੇਰਿਆ ਹੋਇਆ ਹੈ, ਜਿਸ ਕਾਰਨ ਲੋਕਾਂ ਨੂੰ ਸਾਹ ਲੈਣ ਵਿੱਚ ਕਾਫ਼ੀ ਤਕਲੀਫ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪ੍ਰਦੂਸ਼ਣ ਕਾਰਨ ਗਲੇ ਵਿੱਚ ਖਰਾਸ਼ ਅਤੇ ਖੰਘ ਦੀ ਸਮੱਸਿਆ ਆਮ ਹੋ ਗਈ ਹੈ। ਘਰ ਦੇ ਅੰਦਰ ਵੀ ਗਲੇ ਵਿੱਚ ਖਰਾਸ਼, ਜਲਣ ਅਤੇ ਖੰਘ ਦੀ ਸਮੱਸਿਆ ਬਣੀ ਰਹਿੰਦੀ ਹੈ। ਅਜਿਹੇ ਵਿੱਚ ਇਨ੍ਹਾਂ ਸਮੱਸਿਆਵਾਂ ਤੋਂ ਰਾਹਤ ਪਾਉਣ ਲਈ ਕੁਦਰਤੀ ਅਤੇ ਘਰੇਲੂ ਉਪਾਅ ਕਾਰਗਰ ਸਾਬਤ ਹੋ ਸਕਦੇ ਹਨ। ਇਹ ਉਪਾਅ ਨਾ ਸਿਰਫ਼ ਗਲੇ ਦੀ ਤਕਲੀਫ਼ ਤੋਂ ਰਾਹਤ ਦਿਵਾਉਣਗੇ, ਸਗੋਂ ਇਮਿਊਨਿਟੀ (ਰੋਗਾਂ ਨਾਲ ਲੜਨ ਦੀ ਸ਼ਕਤੀ) ਵੀ ਵਧਾਉਂਦੇ ਹਨ, ਜਿਸ ਨਾਲ ਪ੍ਰਦੂਸ਼ਣ ਦੇ ਮਾੜੇ ਪ੍ਰਭਾਵਾਂ ਨਾਲ ਲੜਨ ਵਿੱਚ ਮਦਦ ਮਿਲਦੀ ਹੈ। ਆ ਜਾਣੀਏ ਗਲੇ ਦੀ ਖਰਾਸ਼ ਦੂਰ ਕਰਨ ਦੇ 5 ਕੁਦਰਤੀ ਉਪਾਅ।



**1. ਗਰਮ ਪਾਣੀ ਤੇ ਨਮਕ ਦੇ ਗਰਾਰੇ–** ਇਹ ਸਭ ਤੋਂ ਪੁਰਾਣਾ ਅਤੇ ਭਰੋਸੇਮੰਦ ਉਪਾਅ ਹੈ। ਇੱਕ ਕੱਪ ਗਰਮ ਪਾਣੀ ਵਿੱਚ ਇੱਕ ਚੌਥਾਈ ਚਮਚ ਨਮਕ ਮਿਲਾ ਕੇ ਦਿਨ ਵਿੱਚ 2-3 ਵਾਰ ਗਰਾਰੇ ਕਰੋ। ਨਮਕ ਵਿੱਚ ਐਂਟੀ-ਬੈਕਟੀਰੀਅਲ ਗੁਣ ਹੁੰਦੇ ਹਨ, ਜੋ ਗਲੇ ਦੀ ਸੋਜ ਘੱਟ ਕਰਦੇ ਹਨ ਅਤੇ ਹਾਨੀਕਾਰਕ ਕਣਾਂ ਨੂੰ ਸਾਫ਼ ਕਰਦੇ ਹਨ। ਗਰਮ ਪਾਣੀ ਗਲੇ ਦੀ ਖਿੱਚ ਨੂੰ ਆਰਾਮ ਦਿੰਦਾ ਹੈ ਅਤੇ ਬਲਗਮ ਨੂੰ ਪਤਲਾ ਕਰਦਾ ਹੈ।

**2. ਸ਼ਹਿਦ ਤੇ ਅਦਰਕ ਦਾ ਕੌਂਬੋ–** ਸ਼ਹਿਦ ਕੁਦਰਤੀ ਐਂਟੀਬਾਇ ਟਿਕ ਹੈ ਤਾਂ ਅਦਰਕ ਐਂਟੀ-ਇਨਫਲੇਮੇਟਰੀ ਹੈ। ਇੱਕ ਛੋਟਾ ਟੁਕੜਾ ਅਦਰਕ ਪੀਸ ਕੇ ਉਸਨੂੰ ਇੱਕ ਚਮਚ ਸ਼ਹਿਦ ਵਿੱਚ ਮਿਲਾ ਅਤੇ ਦਿਨ ਵਿੱਚ ਦੋ ਵਾਰ ਖਾ । ਇਸ ਤੋਂ ਇਲਾਵਾ ਅਦਰਕ ਦੀ ਚਾਹ ਬਣਾ ਕੇ ਸ਼ਹਿਦ ਮਿਲਾ ਕੇ ਪੀ ਸਕਦੇ ਹੋ। ਇਹ ਕੌਂਬੋ ਗਲੇ ਦੀ ਖਰਾਸ਼ ਨੂੰ ਸ਼ਾਂਤ ਕਰਦਾ ਹੈ ਅਤੇ ਪ੍ਰਦੂਸ਼ਣ ਕਾਰਨ ਜਮ੍ਹਾਂ ਹੋਏ ਹਾਨੀਕਾਰਕ ਤੱਤਾਂ ਨੂੰ ਬਾਹਰ ਕੱਢਣ ਵਿੱਚ ਮਦਦ ਕਰਦਾ ਹੈ।

**3. ਹਲਦੀ ਵਾਲਾ ਦੁੱਧ–** ਰਾਤ ਨੂੰ ਸੌਣ ਤੋਂ ਪਹਿਲਾਂ ਇੱਕ ਗਿਲਾਸ ਗਰਮ ਦੁੱਧ ਵਿੱਚ ਅੱਧਾ ਚਮਚ ਹਲਦੀ ਪਾਊਡਰ ਮਿਲਾ ਕੇ ਪੀ । ਹਲਦੀ ਵਿੱਚ ਕਰਕਿਊਮਿਨ ਹੁੰਦਾ ਹੈ, ਜੋ ਕਿ ਸ਼ਕਤੀਸ਼ਾਲੀ ਐਂਟੀਆਕਸੀਡੈਂਟ ਅਤੇ ਐਂਟੀ-ਇਨਫਲੇਮੇਟਰੀ ਹੈ। ਇਹ ਗਲੇ ਵਿੱਚ ਜਲਣ ਘੱਟ ਕਰਦਾ ਹੈ ਅਤੇ ਸਰੀਰ ਵਿੱਚੋਂ ਜ਼ਹਿਰੀਲੇ ਤੱਤ ਬਾਹਰ ਕੱਢਦਾ ਹੈ।

**4. ਤੁਲਸੀ ਤੇ ਕਾਲੀ ਮਿਰਚ ਦਾ ਕਾੜ੍ਹਾ–** 10-12 ਤੁਲਸੀ ਦੇ ਪੱਤੇ, 5-6 ਕਾਲੀ ਮਿਰਚ ਦੇ ਦਾਣੇ ਅਤੇ ਇੱਕ ਚਮਚ ਮੁਲੱਠੀ ਨੂੰ ਦੋ ਕੱਪ ਪਾਣੀ ਵਿੱਚ ਉਬਾਲੋ। ਜਦੋਂ ਪਾਣੀ ਅੱਧਾ ਰਹਿ ਜਾਵੇ ਤਾਂ ਛਾਣ ਕੇ ਉਸ ਵਿੱਚ ਇੱਕ ਚਮਚ ਸ਼ਹਿਦ ਮਿਲਾ ਕੇ ਪੀ । ਤੁਲਸੀ ਇਮਿਊਨਿਟੀ ਵਧਾਉਂਦੀ ਹੈ, ਕਾਲੀ ਮਿਰਚ ਬਲਗਮ ਘੱਟ ਕਰਦੀ ਹੈ ਅਤੇ ਮੁਲੱਠੀ ਗਲੇ ਦੀ ਖਰਾਸ਼ ਵਿੱਚ ਆਰਾਮ ਦਿੰਦੀ ਹੈ। ਪ੍ਰਦੂਸ਼ਣ ਕਾਰਨ ਹੋਣ ਵਾਲੀ ਜਲਣ ਵਿੱਚ ਇਹ ਕਾੜ੍ਹਾ ਰਾਮਬਾਣ ਵਾਂਗ ਕੰਮ ਕਰਦਾ ਹੈ।

**5. ਭਾਫ਼ ਲੈਣਾ–** ਇੱਕ ਬਰਤਨ ਵਿੱਚ ਗਰਮ ਪਾਣੀ ਲ , ਉਸ ਵਿੱਚ ਪੁਦੀਨੇ ਦੇ ਤੇਲ ਦੀਆਂ 2-3 ਬੂੰਦਾਂ ਪਾ ਕੇ ਭਾਫ਼ ਲ । ਸਿਰ 'ਤੇ ਤੌਲੀਆ ਰੱਖ ਕੇ 5-10 ਮਿੰਟ ਤੱਕ ਭਾਫ਼ ਲੈਣ ਨਾਲ ਗਲੇ ਅਤੇ ਨੱਕ ਦੇ ਰਸਤੇ ਖੁੱਲ੍ਹਦੇ ਹਨ, ਜਿਸ ਨਾਲ ਪ੍ਰਦੂਸ਼ਣ ਦੇ ਫਸੇ ਕਣ ਬਾਹਰ ਨਿਕਲਦੇ ਹਨ। ਇਹ ਸੁੱਕੀ ਖੰਘ ਅਤੇ ਗਲੇ ਦੀ ਖਰਾਸ਼ ਵਿੱਚ ਤੁਰੰਤ ਆਰਾਮ ਦਿੰਦਾ ਹੈ।

**ਇਨ੍ਹਾਂ ਗੱਲਾਂ ਦਾ ਰੱਖੋ ਧਿਆਨ**

ਦਿਨ ਭਰ ਭਰਪੂਰ ਮਾਤਰਾ ਵਿੱਚ ਗਰਮ ਪਾਣੀ ਪੀ ਤਾਂ ਜੋ ਗਲੇ ਦੀ ਅੰਦਰੂਨੀ ਪਰਤ ਨਰਮ ਰਹੇ।
ਬਾਹਰ ਨਿਕਲਦੇ ਸਮੇਂ ਮਾਸਕ ਜ਼ਰੂਰ ਪਾ ।
ਵਿਟਾਮਿਨ-ਸੀ ਨਾਲ ਭਰਪੂਰ ਫਲ ਜਿਵੇਂ ਸੰਤਰਾ, ਆਂਵਲਾ ਆਦਿ ਖਾ ।
ਬਿਨਾਂ ਜ਼ਰੂਰਤ ਦੇ ਘਰੋਂ ਬਾਹਰ ਨਿਕਲਣ ਤੋਂ ਬਚੋ।

# 700 ਰੁਪਏ ਤੱਕ ਵਿਕਦੈ ਇਹ 'ਕਾਲਾ ਫਲ'

ਸੇਬ ਨੂੰ ਹਮੇਸ਼ਾ ਹੀ ਇੱਕ ਹੈਲਦੀ ਮੰਨਿਆ ਗਿਆ ਹੈ। ਬਹੁਤ ਸਾਰੇ ਪੋਸ਼ਕ ਤੱਤਾਂ ਨਾਲ ਭਰਪੂਰ ਹੋਣ ਕਰਕੇ ਡਾਕਟਰ ਵੀ ਇਨ੍ਹਾਂ ਨੂੰ ਖ਼ੁਰਾਕ ਵਿੱਚ ਸ਼ਾਮਲ ਕਰਨ ਦੀ ਸਲਾਹ ਦਿੰਦੇ ਹਨ। ਆਮ ਤੌਰ 'ਤੇ ਬਾਜ਼ਾਰ ਵਿੱਚ ਮਿਲਣ ਵਾਲੇ ਸੇਬ ਲਾਲ ਅਤੇ ਹਰੇ ਰੰਗ ਦੇ ਹੁੰਦੇ ਹਨ, ਪਰ ਕੀ ਤੁਸੀਂ ਜਾਣਦੇ ਹੋ ਕਿ ਸੇਬ ਦੀ ਇੱਕ ਕਿਸਮ ਅਜਿਹੀ ਵੀ ਹੈ, ਜਿਸ ਦਾ ਰੰਗ ਲਗਪਗ ਕਾਲਾ ਨਜ਼ਰ ਆਉਂਦਾ ਹੈ। ਜੀ ਹਾਂ, ਤੁਸੀਂ ਸਹੀ ਪੜ੍ਹਿਆ—ਕਾਲੇ ਰੰਗ ਦਾ ਸੇਬ। ਇਹ ਸੇਬ ਦੀ ਇੱਕ ਦੁਰਲੱਭ ਕਿਸਮ ਹੈ, ਜੋ ਤੁਹਾਨੂੰ ਸਥਾਨਕ ਬਾਜ਼ਾਰਾਂ ਵਿੱਚ ਨਹੀਂ ਮਿਲੇਗਾ। ਬਹੁਤ ਦੂਰ-ਦੁਰਾਡੇ ਇਲਾਕਿਆਂ ਵਿੱਚ ਉਗਾਇਆ ਜਾਣ ਵਾਲਾ ਇਹ 'ਬਲੈਕ ਡਾਇਮੰਡ' ਸੇਬ ਆਮ ਸੇਬਾਂ ਨਾਲੋਂ ਬਿਲਕੁਲ ਵੱਖਰਾ ਹੈ। ਆ ਜਾਣਦੇ ਹਾਂ ਕਿ ਇਸ ਸੇਬ ਵਿੱਚ ਅਜਿਹਾ ਕੀ ਖਾਸ ਹੈ।

ਬਲੈਕ ਡਾਇਮੰਡ ਸੇਬ 'ਹੁਆਨੀਊ' ਕਿਸਮ ਦਾ ਇੱਕ ਸੇਬ ਹੈ। ਇਸ ਦੀ ਖੇਤੀ ਵਿਸ਼ੇਸ਼ ਤੌਰ 'ਤੇ ਤਿੱਬਤ ਦੇ ਨਿੰਗਚੀ ਇਲਾਕੇ ਵਿੱਚ 3,500 ਮੀਟਰ ਤੋਂ ਵੱਧ ਦੀ ਉਚਾਈ 'ਤੇ ਕੀਤੀ ਜਾਂਦੀ ਹੈ। ਤੇਜ਼ ਯੂਵੀ ਕਿਰਨਾਂ ਅਤੇ ਤਾਪਮਾਨ



ਵਿੱਚ ਅਚਾਨਕ ਹੋਣ ਵਾਲੇ ਬਦਲਾਅ ਕਾਰਨ ਇਸ ਦੀ ਉੱਪਰਲੀ ਪਰਤ ਗੂੜ੍ਹੀ ਜਾਮਣੀ-ਕਾਲੀ ਹੁੰਦੀ ਹੈ, ਜਦਕਿ ਅੰਦਰਲਾ ਹਿੱਸਾ ਰਸੀਲਾ ਅਤੇ ਚਿੱਟਾ ਹੁੰਦਾ ਹੈ। ਇਸ ਦੀ ਕੀਮਤ ਲਗਪਗ 500 ਰੁਪਏ ਤੋਂ ਲੈ ਕੇ 700 ਰੁਪਏ ਪ੍ਰਤੀ ਪੀਸ ਤੱਕ ਹੋ ਸਕਦੀ ਹੈ, ਜਿਸ ਕਾਰਨ ਇਹ ਦੁਨੀਆ ਦੇ ਸਭ ਤੋਂ ਮਹਿੰਗੇ ਸੇਬਾਂ ਵਿੱਚੋਂ ਇੱਕ ਹੈ।

ਇਸ ਦਾ ਗੂੜ੍ਹਾ ਰੰਗ 'ਐਂਥੋਸਾਇਨਿਨ' ਕਾਰਨ ਹੁੰਦਾ ਹੈ, ਜੋ ਕਿ ਸ਼ਕਤੀਸ਼ਾਲੀ ਐਂਟੀ-ਆਕਸੀਡੈਂਟ ਹਨ। ਇਹ ਸਰੀਰ ਨੂੰ ਗੰਭੀਰ ਬਿਮਾਰੀਆਂ ਤੋਂ ਬਚਾਉਣ ਅਤੇ ਸੈੱਲਾਂ ਦੀ ਕਾਰਜਪ੍ਰਣਾਲੀ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਦੇ ਹਨ।

ਇਹ ਸੇਬ ਫਾਈਬਰ ਨਾਲ ਭਰਪੂਰ ਹੁੰਦਾ ਹੈ, ਜੋ ਪੇਟ ਦੀ ਸਿਹਤ ਲਈ ਜ਼ਰੂਰੀ ਹੈ। ਫਾਈਬਰ ਪਾਚਨ ਨੂੰ ਸੁਧਾਰਦਾ ਹੈ, ਕਬਜ਼ ਤੋਂ ਬਚਾਉਂਦਾ ਹੈ ਅਤੇ ਭਾਰ ਘਟਾਉਣ ਵਿੱਚ ਵੀ ਮਦਦਗਾਰ ਹੁੰਦਾ ਹੈ।

# ਇਨ੍ਹਾਂ ਸਬਜ਼ੀਆਂ ਨੂੰ ਕੱਚਾ ਖਾਣ ਦੀ ਨਾ ਕਰੋ ਗਲਤੀ

ਅਸੀਂ ਬਚਪਨ ਤੋਂ ਸੁਣਦੇ ਆ ਰਹੇ ਹਾਂ ਕਿ "ਹਰੀਆਂ ਸਬਜ਼ੀਆਂ ਅਤੇ ਸਲਾਦ ਖਾ , ਸਿਹਤ ਬਣਾ ।" ਇਹ ਗੱਲ ਸੱਚ ਹੈ ਕਿ ਕੱਚੀਆਂ ਸਬਜ਼ੀਆਂ ਵਿਟਾਮਿਨਾਂ ਅਤੇ ਖਣਿਜਾਂ ਦਾ ਖਜ਼ਾਨਾ ਹੁੰਦੀਆਂ ਹਨ, ਪਰ ਕੀ ਤੁਸੀਂ ਜਾਣਦੇ ਹੋ ਕਿ ਹਰ ਸਬਜ਼ੀ ਨੂੰ ਕੱਚਾ ਖਾਣਾ ਸਹੀ ਨਹੀਂ ਹੁੰਦਾ? ਕੁਝ ਸਬਜ਼ੀਆਂ ਅਜਿਹੀਆਂ ਹੁੰਦੀਆਂ ਹਨ ਜੋ ਜੇ ਬਿਨਾਂ ਪਕਾਏ ਖਾਧੀਆਂ ਜਾਣ, ਤਾਂ ਉਹ ਫਾਇਦੇ ਦੀ ਥਾਂ ਤੁਹਾਡੇ ਸਰੀਰ ਨੂੰ 'ਜ਼ਹਿਰ' ਵਰਗਾ ਨੁਕਸਾਨ ਪਹੁੰਚਾ ਸਕਦੀਆਂ ਹਨ। ਸਿਹਤ ਮਾਹਰ ਡਿੰਪਲ ਜਾਂਗੜਾ ਅਨੁਸਾਰ, ਕੁਝ ਸਬਜ਼ੀਆਂ ਵਿੱਚ ਕੁਦਰਤੀ ਤੌਰ 'ਤੇ ਅਜਿਹੇ ਟੌਕਸਿਨ ਅਤੇ ਬੈਕਟੀਰੀਆ ਹੁੰਦੇ ਹਨ ਜੋ ਕੇਵਲ ਪਕਾਉਣ 'ਤੇ ਹੀ ਖਤਮ ਹੁੰਦੇ ਹਨ। ਆ ਜਾਣਦੇ ਹਾਂ ਉਹਨਾਂ 5 ਸਬਜ਼ੀਆਂ ਬਾਰੇ ਜਿਹਨਾਂ ਨੂੰ ਤੁਹਾਨੂੰ ਭੁੱਲ ਕੇ ਵੀ ਕੱਚਾ ਨਹੀਂ ਖਾਣਾ ਚਾਹੀਦਾ।

**ਅਰਬੀ ਦੇ ਪੱਤੇ–** ਅਰਬੀ ਦੇ ਪੱਤੇ ਖਾਣ ਵਿੱਚ ਸੁਆਦੀ ਲੱਗਦੇ ਹਨ ਪਰ ਇਹਨਾਂ ਨੂੰ ਕੱਚਾ ਖਾਣ ਦੀ ਗਲਤੀ ਕਦੇ ਨਾ ਕਰੋ। ਇਹਨਾਂ ਪੱਤਿਆਂ ਵਿੱਚ ਨੁਕਸਾਨਦੇਹ ਬੈਕਟੀਰੀਆ ਤੇ ਟੇਪਵਰਮ ਦੇ ਅੰਡੇ ਹੋ ਸਕਦੇ ਹਨ। ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਇਹ ਸਾਧਾਰਨ ਧੁਆਈ ਨਾਲ ਵੀ ਨਹੀਂ ਮਰਦੇ। ਇਸ ਲਈ, ਸੰਕ੍ਰਮਣ ਤੋਂ ਬਚਣ ਲਈ ਇਹਨਾਂ ਨੂੰ ਹਮੇਸ਼ਾ ਚੰਗੀ ਤਰ੍ਹਾਂ ਪਕਾ ਕੇ ਹੀ ਖਾ ।

**ਪਾਲਕ ਅਤੇ ਕੇਲ–** ਪਾਲਕ ਅਤੇ ਕੇਲ ਵਰਗੀਆਂ ਪੱਤੇਦਾਰ ਸਬਜ਼ੀਆਂ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੀਆਂ ਹਨ, ਪਰ ਇਹਨਾਂ ਨੂੰ ਕੱਚਾ ਖਾਣ ਤੋਂ ਬਚਣਾ ਚਾਹੀਦਾ ਹੈ। ਇਹਨਾਂ ਵਿੱਚ ਪਰਜੀਵੀ (Paraistes) ਜਿਵੇਂ ਕਿ ਟੇਪਵਰਮ ਲੁਕੇ ਹੋ ਸਕਦੇ ਹਨ। ਇਸ ਤੋਂ ਇਲਾਵਾ, ਇਹਨਾਂ ਵਿੱਚ 'ਆਕਸਾਲੇਟ' ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਜੋ ਗੁਰਦੇ ਦੀ ਪੱਥਰੀ ਦਾ ਕਾਰਨ ਬਣ ਸਕਦਾ ਹੈ। ਇਸ ਲਈ, ਇਹਨਾਂ ਨੂੰ ਉਬਾਲ ਕੇ ਜਾਂ ਭਾਫ਼ ਵਿੱਚ ਪਕਾ ਕੇ ਖਾ । ਇਸ ਨਾਲ ਪਰਜੀਵੀ ਵੀ ਮਰ ਜਾਂਦੇ ਹਨ ਅਤੇ ਪੱਥਰੀ ਦਾ ਖ਼ਤਰਾ ਵੀ ਘੱਟ ਹੋ ਜਾਂਦਾ ਹੈ।

**ਪੱਤਾਗੋਭੀ–** ਪੱਤਾਗੋਭੀ ਦੀ ਵਰਤੋਂ ਅਕਸਰ ਸਲਾਦ ਜਾਂ ਬਰਗਰ ਵਿੱਚ ਕੱਚਾ ਕੀਤੀ ਜਾਂਦੀ ਹੈ, ਪਰ ਇਹ ਬਹੁਤ ਜੋਖਮ ਭਰਿਆ ਹੋ ਸਕਦਾ ਹੈ। ਇਸਦੀਆਂ ਖੁਰਦਰੀਆਂ ਪੱਤੀਆਂ ਵਿੱਚ ਟੇਪਵਰਮ ਦੇ ਅੰਡੇ ਲੁਕੇ ਹੋ ਸਕਦੇ ਹਨ। ਜੇ ਇਹ ਅੰਡੇ ਸਰੀਰ ਵਿੱਚ ਚਲੇ ਜਾਣ, ਤਾਂ ਇਹ ਮਿਰਗੀ ਦੇ ਦੌਰੇ ਜਾਂ ਬਲੈਕਆਊਟ ਵਰਗੀਆਂ ਗੰਭੀਰ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ। ਇਸ ਲਈ ਪੱਤਾਗੋਭੀ ਨੂੰ ਹਮੇਸ਼ਾ ਪਕਾ ਕੇ ਹੀ ਵਰਤੋ।

**ਸ਼ਿਮਲਾ ਮਿਰਚ–** ਸ਼ਿਮਲਾ ਮਿਰਚ ਅਕਸਰ ਮਿੱਟੀ ਅਤੇ ਗੰਦੇ ਪਾਣੀ ਦੇ ਸੰਪਰਕ ਵਿੱਚ ਆਉਣ ਕਾਰਨ ਦੂਸ਼ਿਤ ਹੋ ਸਕਦੀ ਹੈ। ਹਾਲਾਂਕਿ ਇਸਨੂੰ ਸਲਾਦ ਵਿੱਚ ਖਾਣਾ ਆਮ ਹੈ, ਪਰ ਸਾਵਧਾਨੀ ਬਹੁਤ ਜ਼ਰੂਰੀ ਹੈ। ਇਸ ਲਈ ਇਸਨੂੰ ਇਸਤੇਮਾਲ ਕਰਨ ਤੋਂ ਪਹਿਲਾਂ ਇਸਦਾ ਉੱਪਰੀ ਹਿੱਸਾ ਹਟਾ ਦਿ ਅਤੇ ਪਾਣੀ ਨਾਲ ਬਹੁਤ ਚੰਗੀ ਤਰ੍ਹਾਂ ਧੋਵੋ ਤਾਂ ਜੋ ਗੰਦਗੀ ਅਤੇ ਕੀਟਾਣੂ ਨਿਕਲ ਜਾਣ।

**ਬੈਂਗਣ–** ਬੈਂਗਣ ਨੂੰ ਕਦੇ ਵੀ ਕੱਚਾ ਨਹੀਂ ਖਾਣਾ ਚਾਹੀਦਾ। ਇਸ ਵਿੱਚ ਪਰਜੀਵੀ ਅਤੇ ਸਿਸਟ ਹੋਣ ਦੀ ਸੰਭਾਵਨਾ ਹੁੰਦੀ ਹੈ ਜੋ ਪੇਟ ਨੂੰ ਨੁਕਸਾਨ ਪਹੁੰਚਾ ਸਕਦੇ



ਹਨ। ਬੈਂਗਣ ਨੂੰ ਪਕਾਉਣ ਨਾਲ ਨਾ ਕੇਵਲ ਇਹ ਨੁਕਸਾਨਦੇਹ ਰੋਗਾਣੂ ਮਰ ਜਾਂਦੇ ਹਨ, ਬਲਕਿ ਇਹ ਹਜ਼ਮ ਹੋਣ ਵਿੱਚ ਵੀ ਆਸਾਨ ਹੋ ਜਾਂਦਾ ਹੈ।

ਸਬਜ਼ੀਆਂ ਪਕਾਉਣਾ ਕਿਉਂ ਜ਼ਰੂਰੀ ਹੈ?

**ਸਬਜ਼ੀਆਂ ਨੂੰ ਪਕਾ ਕੇ ਖਾਣ ਦੇ ਦੋ ਵੱਡੇ ਫਾਇਦੇ ਹਨ:**

* ਪਕਾਉਣ ਨਾਲ ਨੁਕਸਾਨਦੇਹ ਬੈਕਟੀਰੀਆ ਤੇ ਪਰਜੀਵੀ ਮਰ ਜਾਂਦੇ ਹਨ, ਜਿਸ ਨਾਲ ਇਨਫੈਕਸ਼ਨ ਦਾ ਖ਼ਤਰਾ ਨਹੀਂ ਰਹਿੰਦਾ।
* ਪੱਕੀਆਂ ਹੋਈਆਂ ਸਬਜ਼ੀਆਂ ਨਾ ਕੇਵਲ ਇਮਿਊਨਿਟੀ ਵਧਾਉਂਦੀਆਂ ਹਨ, ਬਲਕਿ ਸਰੀਰ ਇਹਨਾਂ ਵਿੱਚ ਮੌਜੂਦ ਪੌਸ਼ਟਿਕ ਤੱਤਾਂ ਨੂੰ ਵੀ ਆਸਾਨੀ ਨਾਲ ਸੋਖ ਪਾਉਂਦਾ ਹੈ।
* ਆਪਣੇ ਗੱਟ ਨੂੰ ਸਿਹਤਮੰਦ ਰੱਖਣ ਅਤੇ ਬਿਮਾਰੀਆਂ ਤੋਂ ਬਚਣ ਲਈ ਹਮੇਸ਼ਾ ਸਹੀ ਤਰੀਕੇ ਨਾਲ ਪਕਾਈਆਂ ਗਈਆਂ ਸਬਜ਼ੀਆਂ ਨੂੰ ਹੀ ਆਪਣੇ ਭੋਜਨ ਵਿੱਚ ਸ਼ਾਮਲ ਕਰੋ।

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# Gurpiar Sidhu



Home Buying & Selling System

209-598-7776

Lic. 01815083

ਵਾਜਬ ਕੀਮਤ ਤੇ ਘਰ/ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ ਜੀ

ਕਿਸੇ ਵੀ ਕਿਸਮ ਦੀ ਮਾਰਟਗੇਜ ਲਈ ਸੰਪਰਕ ਕਰੋ

ਕਿਸੇ ਵੀ ਕਿਸਮ ਦੀ ਮਾਰਟਗੇਜ਼, ਬੀਮਾ, ਸੋਲਰ ਅਤੇ ਮੋਬਾਇਲ, ਨੋਟਰੀ ਸੇਵਾ ਲਈ ਸੰਪਰਕ ਕਰੋ

PRIMESTAR REAL ESTATE
A Realtor you can trust...Blindly

Office- 2030 E. Louise Ave. Lathrop, CA 95330

# GLOBAL ADVISORS, LLC.

168 S. Hillview Drive, Milpitas, CA 95035
contact@globaladvisors.llcwww.globaladvisors.llc

Phone: 408-613-3876 / 408-600-9471

**Legal Documentation Services:** Family Law, Estate Planning, Small Claims/ Civil Law, Unlawful Detainer, POA, Social Security Disability.



'Sara'- Saraswatee Consultant

**Income Tax Preparation:** Strategic individual and business tax filings, tax planning, IRS audit, sales & use tax, and new company formation.

**Financial Accounting & Management:** Strategic accounting & reporting services, which are scalable, tactical, and team-driven.

**Immigration Consulting:** Citizenship; Green Card; Investor EB5 Visa; Business/ Tourist Visa; Student Visa; Religious Visa; OCI, Passport & Others

**Live-Scan and Notary**

GLOBAL ADVISORS, LLC
contact@globaladvisors.llc 408-613-3876 / 408-600-9471

21 Century

# Inderjit Singh



BROKER-REAL ESTATE

(1) ਘਰ/ਬਿਜਨਸ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
(2) ਕਿਸੇ ਵੀ ਕਿਸਮ ਦੀ ਮਾਰਟਗੇਜ ਲਈ ਸੰਪਰਕ ਕਰੋ।
(3) ਬਹੁਤ ਹੀ ਚੰਗੇ ਰੇਟ 'ਤੇ ਘਰਾਂ ਲਈ ਲੋਨ ਕਰਵਾ ਕੇ ਦੇਣ ਦਾ ਵਾਅਦਾ ਕਰਦੇ ਹਾਂ।

Office : 425-775-8525
Cell : 425-425-4055
Fax : 425-670-3500

MLS email: inderjit.singh@centuary21.com

19020 33rd Ave West, Suite 300, Lynnwood, WA 98036

# CALIFORNIA IMMIGRATION SERVICES INC.

Your Registered & Bonded 'Immigration-Consultants'



## ROSY (Kanwal) KAUR

Immigration Consultant

408-422-8585

510-573-3666

website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 2450 Peralta blvd unit 107 Fremont, CA 94536

Tracy Office: 1660 W Linnee Rd. Unit J 25, Tracy CA, 95377



# Moon Indian Cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ, ਹਰ ਐਤਵਾਰ ਨੂੰ Buffet ਲੱਗਦਾ ਹੈ।

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ

ਮੱਛੀ ਦੇ ਪਕੌੜੇ ਬਣਾਉਣ ਦੇ ਮਾਹਿਰ, ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ
ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਾਂ।

100-1000 ਬੰਦਿਆਂ ਤੱਕ ਪਾਰਟੀ ਲਈ ਪ੍ਰਬੰਧ

ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

**Over 30 Years Experience in Restaurant & Catering Business**

## ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544

Contact: (Paul) 510-978-7170

www.moonindiancuisine.net



# Ranjit Kandola

Broker (MAC Real Estate Services)

CHECK DAILY MORTGAGE RATES @

WWW.DesiMortgageBroker.com

## HIRING & TRAINING: MORTGAGE LOAN ORIGINATORS

(916) 917-2393 Mobile
(916) 516-1116 Office

Broker@DesiMortgageBroker.com

5701 Lonetree Blvd, Suite 126 H
Rocklin CA 95765

MAC REAL ESTATE SERVICES

Mortgage Brokerage Since 2003

EQUAL HOUSING LENDER

BBB ACCREDITED BUSINESS A+ rating

Company NMLS 1133016 DRE 01800662 NMLS 347022